੨੮ ਵਾਂ ਸਾਲ

# ਵਰਿਆਮ

ਮਾਰਚ,੨੦੦੩



ਜਿਸ ਧਾਮ 'ਚ ਮੁਨੀ ਮੁਨੀਸ਼ਰ ਸਭ
ਜਾਵਣ ਨਾ ਜੀਵਨ ਸੋਧ ਸੋਧ,
ਤੂੰ ਜਾ ਬਿਠਲਾਏਂ ਕਲਾਕਾਰ
ਉਸ ਪਰਮ ਪਿਤਾ ਦੀ ਪਰਮ ਗੋਦ,
ਤੇਰਾ ਵੀ ਅੰਤ ਨਾ ਪਾਰਾਵਾਰ–
ਅਸਲੇ ਦੀ ਮਸਤੀ ਕਲਾਕਾਰ!

—ਬਾਵਾ ਬਲਵੰਤ

Sri Satguru Jagjit Singh Ji eLibrary NamdhariElibrary@gmail.com

# ਵਧਾਈਆਂ



ਸ. ਤਰਲੋਚਨ ਸਿੰਘ, ਭਾਰਤ ਦੇ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਨਿਯੁਕਤ ਹੋਏ ਹਨ।



ਕਾਕਾ ਗੁਰਲਾਲ ਸਿੰਘ ਸਪੁਤਰ ਸੰਤ ਹਰਬੰਸ ਸਿੰਘ 'ਘੁੱਲਾ' ਹਜ਼ੂਰੀ ਰਾਗੀ ਅਤੇ ਬੀਬੀ ਨਵਜੋਤ ਕੌਰ ਸਪੁੱਤਰੀ ਸ. ਅਮਰਜੀਤ ਸਿੰਘ ਪੁਰੇਵਾਲ ਜਲੰਧਰ ਦਾ ਅਨੰਦ ਕਾਰਜ ੧ ਦਸੰਬਰ ੨੦੦੨ ਐਤਵਾਰ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ 'ਚ ਹੋਇਆ।



ਮਲੇਰਕੋਟਲੇ ਦੇ ਸ਼ਹੀਦ ਵਰਿਆਮ ਸਿੰਘ ਦੀ ਯਾਦ ਵਿਚ ਰਾਮਪੁਰਾ ਫੂਲ ਵਿਚ ਹੋਏ ਸਮਾਗਮ ਸਮੇਂ ਮੁਖ ਮਹਿਮਾਨ ਸ. ਹਰਵਿੰਦਰ ਸਿੰਘ ਹੰਸਪਾਲ ਪ੍ਰਧਾਨ ਪੰਜਾਬ ਕਾਂਗਰਸ ਨਾਲ ਸ੍ਰੀ ਗੁਰਪ੍ਰੀਤ ਕਾਂਗੜ ਐਮ. ਐਲ. ਏ., ਪ੍ਰਧਾਨ ਬਲਦੇਵ ਸਿੰਘ, ਡਾ. ਲਖਵੀਰ ਸਿੰਘ, ਸੰਤ ਗੁਰਮੇਲ ਸਿੰਘ, ਮੁਖਤਿਆਰ ਸਿੰਘ ਆਦਿ।

Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਵਰਿਆਮ

ਮਾਰਚ-੨੦੦੩
ਜਿਲਦ-੨੮
ਅੰਕ-੫

**ਸੰਪਾਦਕ**
ਜਗਦੀਸ਼ ਸਿੰਘ 'ਵਰਿਆਮ'

**ਦਫਤਰ ਦਾ ਪਤਾ:**
**ਮਾਸਿਕ ਵਰਿਆਮ**
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧

ਫੋਨ-ਦਫਤਰ : ੨੨੨੨੫੪੩
ਘਰ : ੨੪੫੬੨੮੯

**Office Address :**
Monthly WARIAM
(Punjabi)
Ladowali Road.
Opp. Central Town,
Jalandhar-144001
Ph. : 2222543 (O)
2456289 (R)

## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੫-੦੦ |
| ਸਲਾਨਾ ਚੰਦਾ | ੧੫੦-੦੦ |
| ਪੰਜ ਸਾਲ ਲਈ | ੫੦੦-੦੦ |
| ਜੀਵਨ ਮੈਂਬਰ | ੧੫੦੦-੦੦ |
| ਵਿਦੇਸ਼ ਲਈ | ੨੫ ਪੌਂਡ ਜਾਂ ੩੫ ਡਾਲਰ |
| ਹਵਾਈ ਡਾਕ ਰਾਹੀਂ | |

**ਚੈਕ ਡਰਾਫਟ Monthly Wariam ਜਾਂ ਕੇਵਲ Wariam ਦੇ ਨਾਂਅ ਤੇ ਹੀ ਭੇਜੇ ਜਾਣ।**

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ

ਸੰਪਾਦਕ ਦਾ ਪੰਨਾ— ---------- ੨
ਗੁਰੂ ਗੋਬਿੰਦ ਸਿੰਘ—ਬਨਾਮ ਹਿੰਦੂਤ੍ਵ—*ਅਮਰ ਭਾਰਤੀ* ---------- ੩
ਤਸਵਰ ਇਕ ਮਿੱਕ ਰੱਖਣਾ—*ਕ੍ਰਿਸ਼ਨ ਲਾਲ ਪਰਵਾਨਾ* ---------- ੧੧
ਸਭਨਾ ਕਾ ਮਿੱਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ —*ਸੁਰਜੀਤ ਸਿੰਘ ਜੀਤ* ---------- ੧੩
Conference of those who Believe in Guru Nanak ---------- ੧੬
ਰਾਮ ਵਿਯੋਗੀ ਪੰਥ ਰਤਨ ਸੰਤ ਵਰਿਆਮ ਸਿੰਘ ਮੁਸੱਵਰ —*ਦਵਿੰਦਰ ਸਿੰਘ ਗਿੱਲ* ---------- ੧੯
ਤਿੰਨ ਕਵਿਤਾਵਾਂ—*ਅਜਾਇਬ ਕਮਲ* ---------- ੨੬
ਆਜ਼ਾਦੀ ਮਗਰੋਂ ਪੰਜਾਬ—*ਇੰਦਰਜੀਤ ਹਸਨਪੁਰੀ* ---------- ੨੬
ਗ਼ਜ਼ਲ+ਵਿਗਸੇ ਕਸੇਲ—*ਕਰਤਾਰ ਸਿੰਘ ਕਾਲੜਾ* ---------- ੨੭
ਬੁੱਧ ਨੇ ਕਿਹਾ—*ਮਹਿਮਾ ਸਿੰਘ ਤੂਰ* ---------- ੨੮
ਤਬਸਰਾ—*ਨਵਰਾਹੀ ਘੁਗਿਆਣਵੀ* ---------- ੨੮
ਕਲਾਸ਼ਨੀ ਕੋਵ ਦੇ ਨਾਂ—*ਸ਼ਿਵ ਨਾਥ* ---------- ੨੮
ਰਣਜੀਤ ਸਿੰਘ ਕਾਲ ਦਾ ਪੰਜਾਬੀ ਸਾਹਿਤ—*ਡਾ. ਨਰੇਸ਼* ---------- ੨੪
ਗੁਲਵੰਤ ਫਾਰਿ.ਗ ---------- ੩੩
ਜਰਮਨੀ ਵਿਚ ਸਰਬ ਸਾਂਝਾ ਨਾਮ ਸਿਮਰਨ ---------- ੩੭
ਖ਼ਬਰਨਾਮਾ ---------- ੪੧
ਪ੍ਰਤਿਕਿਰਿਆ ---------- ੫੨

**ਮੁੱਖ ਪੰਨਾ**
ਸੁਖਵੰਤ ਸਿੰਘ ਆਟਿਸਟ

## ਰੁੱਤ ਫਾਗੁਨ

ਮਾਘ ਬਤੀਤ ਭਏ ਰੁਤ ਫਾਗੁਨ
ਆਇ ਗਈ ਸਭ ਖੇਲਤ ਹੋਰੀ

ਗਾਵਤ ਗੀਤ ਬਜਾਵਤ ਤਾਲ
ਕਹੈ ਮੁਖ ਤੇ ਭਰੂਆ ਮਿਲ ਜੋਰੀ

ਡਾਰਤ ਹੈ ਅਲਿਤਾ ਬਨਿਤਾ
ਛਟਿਕਾ ਸੰਗ ਮਾਰਤ ਬੈਸਨ ਥੋਰੀ

ਖੇਲਤ ਸਾਮ ਧਮਾਰ ਅਨੂਪ
ਮਹਾ ਮਿਲਿ ਸੁੰਦਰ ਸਾਂਵਲ ਗੋਰੀ

*—ਸ੍ਰੀ ਦਸਮ ਗ੍ਰੰਥ ਵਿਚੋਂ*



Sri Satguru Jagjit Singh Ji eLibrary NamdhariElibrary@gmail.com

https://archive.org/details/namdhari



# ਸਿੱਖਾਂ ਦੀ ਖਾਨਾ ਜੰਗੀ

ਦਰਬਾਰ ਸਾਹਿਬ ਅੰਮ੍ਰਿਤਸਰ ਦੇ ਇਲਾਕੇ ਵਿਚ ਜਿਹੜੀ ਘਟਨਾ ਵਾਪਰੀ ਹੈ। ਉਸ ਨੂੰ ਸੋਚਣ ਅਤੇ ਯਾਦ ਕਰਨ ਤੋਂ ਵੀ ਮਨ ਤ੍ਰਾਂਹਦਾ ਹੈ। ਸ਼ਰਮ ਨਾਲ ਸਿਰ ਤਾਂ ਕਈ ਵਾਰ ਨੀਵਾਂ ਹੋਇਆ ਹੈ। ਕਦੇ ਕਨੇਡਾ ਦੇ ਗੁਰਦਵਾਰਿਆਂ ਵਿਚ ਲੜਾਈ ਕਦੇ ਇੰਗਲੈਂਡ ਦਿਆਂ ਵਿਚ ਤੇ ਹੁਣ ਸਚਖੰਡ ਹਰਮੰਦਰ ਸਾਹਿਬ ਵਿਚ। ਨਾ ਤਾਂ ਧੁਰ ਕੀ ਬਾਣੀ ਨੇ ਇਹਨਾਂ ਦੀ ਚਿੰਤ ਮਟਾਈ ਨਾ ਤਾਤ ਪਰਾਈ ਮੁਕੀ ਨਾ ਇਹਨਾਂ ਸਿੱਖਾਂ ਕੋਲ ਚਾਨਣ ਪਹੁੰਚਿਆ। ਕਿਰਪਾਨਾਂ ਨਾਲ ਲੜਾਈ ਤੇ ਬੁਰਛਾ ਗਰਦੀ ਦਾ ਦੌਰਾ ਸ਼ਾਹ ਮੁਹੰਮਦ ਦੇ ਕਥਨ ਵਾਲੀ ਭੂਤ ਮੰਡਲੀ ਦਾ ਵਾਰਾ ਪਹਿਰਾ ਰਿਹਾ। ਪੁਸਤਕਾਂ ਲਿਖੀਆਂ ਗਈਆਂ ਹਨ ਸਿੱਖ ਰਾਜ ਕਿਵੇਂ ਗਿਆ। ਉਹ ਪੜਣ ਦੀ ਲੋੜ ਨਹੀਂ ਸਿੱਖ ਰਾਜ ਇਵੇਂ ਗਿਆ ਜਿਵੇਂ ਦਰਬਾਰ ਸਾਹਿਬ ਚੋਂ ਅਮਨ ਗਿਆ। ਜਿਸ ਕੌਮ ਦਾ ਸਰਵੁਚ ਆਗੂ ਬਾਦ ਵਿਚ ਸਾਬਤ ਹੋ ਜਾਏ ਕਿ ਉਹ ਈਮਾਨਦਾਰ ਨਹੀਂ ਸੀ ਤਾਂ ਉਸ ਕੌਮ ਦੇ ਈਮਾਨ ਦਾ ਧਰਮ ਦਾ ਦੁਨੀਆਂ ਕੀ ਅੰਦਾਜ਼ਾ ਲਾਏਗੀ। ਕਿਥੇ ਤਾਂ ਇਕ ਸਮੇਂ ਭੈਣੀ ਸਾਹਿਬ ਤੋਂ ਨਾਨਕ ਨਾਮ ਲੇਵਾ ਸਰਬ ਸੰਪ੍ਰਦਾਵਾਂ ਦੀ ਏਕਤਾ ਦਾ ਪੈਗਾਮ ਆਇਆ ਸੀ ਕਿਥੇ ਇਕੋ ਸੰਪ੍ਰਦਾ ਦੇ ਅਨੁਯਾਈ ਆਪਸ ਵਿਚ ਹੀ ਸਿਰ ਤੋੜ ਰਹੇ ਹਨ। ਖਾਨਾ ਜੰਗੀ ਦੇ ਖਿਲਾਫ ਇਕ ਵਾਰ ਸੰਤ ਨਿਧਾਨ ਸਿੰਘ ਆਲਮ ਨੇ ਚਿਤਾਵਨੀ ਦਿੱਤੀ ਸੀ। ਉਹ ਯਾਦ ਕਰਦੇ ਹਾਂ

ਉਦਾਸੀ ਨਿਰਮਲੇ ਵਾ ਨਿਹੰਗ ਸਭ ਸ਼ਾਖੇਂ ਹੈਂ ਨਾਨਕ ਕੀ
ਨਿਰੰਕਾਰੀ ਵ ਕੂਕੇ ਨੇ ਉਸੀ ਕੀ ਓਟ ਤਾਨੀ ਹੈ
ਕਿਸੀ ਨੇ ਯੱਕ ਮਾਨਾ ਕਿਸੀ ਨੇ ਦੋ ਯਾ ਦਸ ਬਾਰਾਂ
ਗੁਰੂ ਨਾਨਕ ਤੋ ਐ ਹਜ਼ਰਤ ਹਮਾਰਾ ਸਭ ਕਾ ਬਾਨੀ ਹੈ
ਮਿਲਾ ਲੋ ਸਾਥ ਆਪਣੇ ਸਭ, ਅਲਹਿਦਾ ਮਤ ਕਿਸੀ ਕੋ ਕਰ,
ਗਰ ਖਾਲਸਾ ਕੌਮ ਤੁਮ ਨੇ ਤਬਾਹੀ ਸੇ ਬਚਾਨੀ ਹੈ
ਸਦਾ ਭਈਓਂ ਕੀ ਬਰਕਤ ਸੇ ਫਤਹਿ ਹੋਤੀ ਹੈ ਦੁਨੀਆਂ ਮੇਂ
ਨਫਾਕੇ ਖਾਨਾ ਜੰਗੀ ਬਰਬਾਦੀਏ ਖਾਨਾ ਕੀ ਨਿਸ਼ਾਨੀ ਹੈ
ਯਹ ਬਾਤੇਂ ਤੁਮ ਮੇਰੀ ਅਕਾਲੀ ਸਜਨੋ ਸੁਣ ਲੋ
ਨਾ ਨਫਰਤ ਇਸ ਲੀਏ ਕਰਨਾ ਕਿ ਆਲਿਮ ਕੀ ਜ਼ਬਾਨੀ ਹੈ

# ਦਵਿੰਦਰ ਸਤਿਆਰਥੀ

ਪੰਜਾਬੀ ਸਾਹਿਤ ਦਾ ਫਕੀਰ ਸ਼ਹਿਨਸ਼ਾਹ ਦਵਿੰਦਰ ਸਤਿਆਰਥੀ ਇਕ ਸਦੀ ਉੱਤੇ ਆਪਣੀ ਪੈੜ ਛਾਪ ਛੱਡ ਕੇ ਰੁੱਖਸਤ ਹੋ ਗਿਆ ਹੈ। ਆਪਣੇ ਖੁਲ੍ਹੇ ਖੁਲਾਸੇ ਸੁਭਾਅ, ਫਕਰ ਤਬੀਅਤ ਕਰਕੇ ਅਨੇਕਾਂ ਸੱਚੇ ਝੂਠੇ ਲਤੀਫਿਆਂ ਨਾਲ ਜੁੜਿਆ ਪੰਜਾਬ ਦਾ ਇਹ ਦਰਵੇਸ਼ ਸਿਆਣਾ ਉਹਨਾਂ ਲੋਕਾਂ ਵਿਚੋਂ ਸੀ ਜਿਹਨਾਂ ਨੇ ਆਪਣੇ ਕਥਨ ਨੂੰ ਅਮਲ ਵਿਚ ਵੀ ਢਾਲਿਆ। ਭਾਰਤ ਦੇ ਲੋਕਾਂ ਦੀ ਆਤਮਾ ਨੂੰ ਲੋਕ ਗੀਤਾਂ ਵਿਚੋਂ ਪਛਾਨਣ ਵਾਲਾ ਇਹ ਸੈਲਾਨੀ ਘਰ ਘਾਟ ਛੱਡ ਕੇ ਟੱਬਰ ਵਲੋਂ ਬੇਪਰਵਾਹ ਹੋ ਕੇ ਥਾਂ ਥਾਂ ਘੁੰਮਦਾ ਰਿਹਾ। ਨਾ ਖਾਣ ਦੀ ਪਰਵਾਹ ਨਾ ਪਹਿਨਣ ਦੀ ਅਤੇ ਨਾ ਹੀ ਚੰਗੇ ਲੱਗਣ ਦੀ ਲਿਲ੍ਹ ਉਸ ਨੂੰ ਆਪਣੇ ਰਸਤੇ ਤੋਂ ਰੋਕ ਸਕੀ। ਪੰਜਾਬ ਦੇ ਇਸ ਰਾਜ ਰਿਸ਼ੀ ਦੇ ਦਰਸ਼ਨ ਹੀ ਇਕ ਇਲਾਹੀ ਨੂਰ ਬਖਸ਼ਦੇ ਸਨ। ਪੰਜਾਬ ਦਾ ਇਕ ਬਾਵਰੀਆਂ ਵਾਲਾ ਬਾਂਕਾ ਸਪੂਤ ਭੈਣੀ ਸਾਹਿਬ ਵਰਗੇ ਕੱਟੜ ਧਾਰਮਿਕ ਸਮਾਗਮ ਤੇ ਵੀ ਪੰਜਾਬੀ ਬੋਲੀਆਂ ਪਾ ਕੇ ਪ੍ਰ[illegible]ਵਾਨ ਹੋ ਜਾਂਦਾ ਸੀ ਕਿਉਂਕਿ ਉਹਦੇ ਮਨ ਵਿਚ ਇਕ ਨਿਰਛੱਲ ਪਵਿੱਤਰਤਾ ਸੀ। ਬੱਚਿਆਂ ਵਰਗੀ ਨਿਰਛਲਤਾ ਵਾਲ[illegible] ਇਕ ਬਾਬਾ ਲੋਕ ਮਨਾਂ ਨੂੰ ਟਟੋਲਦਾ ਰਿਹਾ। ਭਾਰਤ ਦੇ ਗੌਰਵ ਨੂੰ ਭਾਲਦਾ ਰਿਹਾ। ਇਹਦੀ ਆਤਮਾ ਦੀ ਪਛਾਣ ਵਿਚ ਤਤਪਰ ਰਿਹਾ। ਟੈਗੋਰ ਤੇ ਗਾਂਧੀ ਤੱਕ ਪੰਜਾਬ ਦਾ ਨਿਰਮਲ ਅਕਸ ਪਹੁੰਚਾਣ ਵਾਲਾ ਇਹ ਅਮਰ ਪੁਰਸ਼ ਸਾਥੋਂ ਵਦਾਈ ਲੈ ਗਿਆ ਹੈ। ਕਲਮਾਂ ਵਾਲਿਆਂ ਦਾ ਸਰਦਾਰ ਵਿਦਾਅ ਹੋ ਗਿਆ ਹੈ। ਕਰਾਮਾਤੀ ਸਿੱਧ ਪੁਰਸ਼ ਜੋਗੀ ਖੇਡ ਮੁਕਾ ਕੇ ਭਬੂਤ ਛੱਡ ਗਿਆ ਹੈ। ਜਾਣ ਵਾਲੇ ਤੈਨੂੰ ਪ੍ਰਨਾਮ ਹੈ।

*—ਜਗਦੀਸ਼ ਸਿੰਘ*



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਗੁਰੂ ਗੋਬਿੰਦ ਸਿੰਘ—ਬਨਾਮ—ਹਿੰਦੂਤ੍ਵ

—ਅਮਰ ਭਾਰਤੀ

ਅੱਜ ਕਲ੍ਹ ਚੱਲ ਰਹੇ ਹਿੰਦੂਤ੍ਵ ਦੇ ਰਾਮ-ਰੌਲੇ ਵਿਚ ਸ੍ਰੀ ਗੁਰਬਚਨ ਸਿੰਘ ਜੀ ਦਾ "ਭਾਰਤੀ ਸ਼ਕਤੀ ਸੰਗਠਨ ਦੇ ਪਹਿਲੇ ਸੂਤਰਧਾਰ—ਗੁਰੂ ਗੋਬਿੰਦ ਸਿੰਘ" ਸਮੇਂ ਅਨੁਸਾਰ ਮੁਨਾਸਿਬ ਤੇ ਧਿਆਨ ਖਿੱਚਵਾਂ ਲੱਗਾ ਹੈ। ਇਹ ਲੇਖ ਜਿਥੇ ਇਤਿਹਾਸ ਦੇ ਇਕ ਛੋਟੇ ਜਿਹੇ ਕਾਲ ਖੰਡ ਦੀ ਅੱਕਾਸੀ ਕਰਦਾ ਹੈ, ਉਥੇ ਨਾਲ ਹੀ ਨਾਲ ਬਹੁਤ ਵੱਡੇ ਹਜ਼ਾਰਾਂ ਸਾਲਾਂ ਦੇ ਇਤਿਹਾਸਕ ਭਾਰਤ ਉੱਪਰ ਪਰਤਵੀਂ ਝਾਤ ਪਾਉਣ ਤੇ ਭਵਿੱਖਤ ਭਾਰਤ ਬਾਰੇ ਸੋਚਣ ਲਈ ਵੀ ਉਕਸਾਉਂਦਾ ਲਗਦਾ ਹੈ।

ਲੇਖਕ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਰੇ ਉੱਦਮ ਨੂੰ 'ਭਾਰਤੀ ਸ਼ਕਤੀ ਸੰਗਠਨ' ਦੀ ਕੋਸ਼ਿਸ਼ ਦੇ ਰੂਪ ਵਿਚ ਪੇਸ਼ ਕਰਦਿਆਂ ਬਾਈਧਾਰ ਦੇ ਹਿੰਦੂ ਰਾਜਿਆਂ ਦੀਆਂ ਜੰਗਾਂ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਜੰਗਾਂ ਦੇ ਇਤਿਹਾਸ ਵਿਚ ਇਹ ਗੱਲ ਉੱਭਰ ਕੇ ਸਾਹਮਣੇ ਆਈ ਹੈ ਕਿ ਇਨ੍ਹਾਂ ਰਾਜਿਆਂ ਦੀ ਅਸਲ ਤੇ ਮੁੱਖ ਟੱਕਰ ਗੁਰੂ ਗੋਬਿੰਦ ਸਿੰਘ ਜੀ ਨਾਲ ਹੀ ਹੋਈ ਸੀ। ਬੇਸ਼ੱਕ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਵੱਲੋਂ ਹਿੰਦੂ ਰਾਜਿਆਂ ਨਾਲ ਰਲ ਕੇ "ਦਿੱਲੀ ਨੂੰ ਮਲੇਛਾਂ ਤੋਂ ਮੁਕਤ" ਕਰਵਾਣ ਬਾਰੇ ਸੋਚਿਆ, ਪਰ ਹਰ ਹੱਲੇ ਤੇ ਹਰ ਬਹਾਨੇ ਬਹੁਤੀ ਵਾਰੀ ਉਨ੍ਹਾਂ ਹਿੰਦੂ ਰਾਜਿਆਂ ਨੇ ਦਿੱਲੀ ਦੀ ਮੁਗ਼ਲ ਸਲਤਨਤ ਦਾ ਸਾਥ ਹੀ ਦਿੱਤਾ। ਅੰਤ ਉੱਤੇ ਲੇਖਕ ਨੇ ਖੇਦ ਜਤਾਉਂਦਿਆਂ ਲਿਖਿਆ ਹੈ ਕਿ "ਕਾਸ਼ ੧੯੪੭ ਤੋਂ ਢਾਈ ਸੌ ਸਾਲ ਪਹਿਲਾਂ, ਗੁਰੂ ਗੋਬਿੰਦ ਸਿੰਘ ਦੇ 'ਭਾਰਤੀ-ਸ਼ਕਤੀ-ਮਹਾਂ ਸੰਗਠਨ' ਦਾ ਏਕਤਾ ਸੂਤਰ ਸਵੀਕਾਰ ਕਰ ਲਿਆ ਹੁੰਦਾ। ਵਿਸ਼ਵ ਮਾਨ-ਚਿੱਤਰ ਵਿਚ ਭਾਰਤੀ ਸ਼ਕਤੀ ਦੇ ਸਾਹਮਣੇ ਅੱਜ ਅਮਰੀਕਾ, ਰੂਸ, ਚੀਨ ਜਾਂ ਜਾਪਾਨ ਬਹੁਤ ਬੌਣੇ ਲਗਦੇ।"

ਜ਼ਾਹਰ ਹੈ ਕਿ 'ਭਾਰਤੀ ਸ਼ਕਤੀ ਮਹਾਂ ਸੰਗਠਨ' ਦਾ ਏਕਤਾ ਸੂਤਰ ਉਨ੍ਹਾਂ ਹਿੰਦੂ ਰਾਜਿਆਂ ਨੇ ਹੀ ਅਸਵੀਕਾਰ ਕੀਤਾ ਸੀ ਜਿਨ੍ਹਾਂ ਰਾਜਿਆਂ ਨੂੰ ਭਾਰਤੀ ਸ਼ਕਤੀ ਮਹਾਂ ਸੰਗਠਨ ਦੀ ਸਥਾਪਨਾ ਲਈ ਇਕਮੁੱਠ ਕਰਕੇ ਮੁਗ਼ਲ ਰਾਜ ਦੇ ਖਾਤਮੇ ਦਾ ਉਦੇਸ਼ ਗੁਰੂ ਗੋਬਿੰਦ ਸਿੰਘ ਜੀ ਨੇ ਮਨ ਵਿਚ ਧਾਰਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਦੇ ਉਦੇਸ਼ ਦਾ ਭਵਿੱਖਤ ਭਾਰਤ ਦੀ ਰਚਨਾ ਵਿਚ ਕੀ ਕੀ ਹਿੱਸਾ ਪਿਆ, ਇਹ ਇਕ ਵੱਖਰਾ ਵਿਸ਼ੈ ਹੈ। ਉਸਨੂੰ ਜੇ ਸੰਖੇਪ ਵਿਚ ਧਿਆਨ ਅੰਦਰ ਲਿਆਂਦਾ ਜਾਵੇ ਤਾਂ ਇਹ ਗੱਲ ਸਪੱਸ਼ਟ ਰੂਪ ਵਿਚ ਸਾਹਮਣੇ ਆਈ ਹੈ ਕਿ ਸਿਰਲੱਥ ਸੂਰਮਿਆਂ ਦੀ ਇਕ ਜਮਾਤ ਹੋਂਦ ਵਿਚ ਆ ਗਈ, ਜੋ ਸਿੰਘ ਪੰਥ ਦੇ ਨਿਵੇਕਲੇ ਸਰੂਪ ਵਿਚ ਅੱਜ ਵੀ ਮੌਜੂਦ ਹੈ। ਅਤੇ ਇਹ ਤੱਥ ਵੀ ਇਤਿਹਾਸਕ ਤੌਰ ਤੇ ਸੱਚਾ ਹੈ ਕਿ ਇਹ ਜਮਾਤ 'ਹਿੰਦੂਆਂ' ਵਿਚੋਂ ਹੀ ਉਗਮੀ ਤੇ ਵੱਖਰੇ ਸਿੰਘ ਸਰੂਪ ਵਿਚ ਪਛਾਣੀ ਗਈ।

ਗੁਰੂ ਗੋਬਿੰਦ ਸਿੰਘ ਜੀ ਦੇ ਉਸ ਉਦੇਸ਼ ਦੀ ਚਰਚਾ ਸਵਾਮੀ ਵਿਵੇਕਾ ਨੰਦ ਜੀ ਨੇ ਵੀ ਆਪਣੇ ਲਾਹੌਰ ਵਿਚ ਦਿੱਤੇ ਇਕ ਭਾਸ਼ਣ ਵਿਚ ਕੀਤੀ ਹੈ। ਇਹ ਭਾਸ਼ਣ ਸਵਾਮੀ ਵਿਵੇਕਾ ਨੰਦ ਜੀ ਨੇ ਈਸਵੀ ਸੰਨ ੧੮੯੭ ਦੀ ਨੌਂ ਜਾਂ ਦਸ (੯-੧੦) ਨਵੰਬਰ ਨੂੰ ਧਿਆਨ ਸਿੰਘ ਦੀ ਹਵੇਲੀ ਵਿਚ ਦਿੱਤਾ ਸੀ। ਭਾਸ਼ਣ ਦਾ ਨਾਮ ਸੀ "ਹਿੰਦੂ ਧਰਮ ਦੀ ਬੁਨਿਆਦ"। (ਹਿੰਦੂ ਧਰਮੇਰ ਸਾਧੀਰਨ ਭਿੱਤੀ) ਇਸ ਭਾਸ਼ਣ ਵਿਚ ਪੰਜਾਬ ਦੀ ਧਰਤੀ ਦੀ ਮਹਿਮਾ ਦੱਸਦਿਆਂ ਹੋਇਆਂ ਆਪ ਨੇ ਕਿਹਾ—

"ਏਥੇ ਹੀ ਮੁਕਾਬਲਤਨ ਆਧੁਨਿਕ ਕਾਲ ਵਿਚ ਦਿਆਲ ਨਾਨਕ ਨੇ ਆਪਣੇ ਅਪੂਰਵ ਵਿਸ਼ਵ ਪ੍ਰੇਮ ਦਾ ਪਰਚਾਰ ਕੀਤਾ। ਏਥੇ ਹੀ ਉਹ ਮਹਾਤਮਾ ਆਪਣੇ ਵਿਸ਼ਾਲ ਹਿਰਦੇ ਦੇ ਦੁਆਰ ਖੋਲ੍ਹ ਕੇ ਤੇ ਬਾਹਾਂ ਪਸਾਰ ਕੇ ਸਮਗਰ ਜਗਤ ਨੂੰ ਸਿਰਫ ਹਿੰਦੂ ਨਹੀਂ, ਮੁਸਲਮਾਨਾਂ ਤੱਕ ਨੂੰ ਗਲੇ ਲਗਾਉਣ ਲਈ ਦੌੜੇ ਆਏ ਸਨ। ਏਥੇ ਹੀ ਸਾਡੀ ਜਾਤੀ ਦੇ ਮਹਾਂ ਮਹਿਮਾਮਾਨ ਸੂਰਬੀਰਾਂ ਦੇ ਸਿਰਮੌਰ ਗੁਰੂ ਗੋਬਿੰਦ ਸਿੰਘ ਨੇ ਜਨਮ ਗ੍ਰਹਿਣ ਕੀਤਾ, ਜਿਨ੍ਹਾਂ ਨੇ ਧਰਮ ਲਈ ਆਪਣੇ ਅਤੇ ਆਪਣੀ ਜਿੰਦ ਜਾਨ ਜਿਹੇ ਪਰਿਵਾਰ ਦਾ ਬਲੀਦਾਨ ਦਿੱਤਾ। ਅਤੇ ਜਿਨ੍ਹਾਂ ਦੀ ਖਾਤਰ ਉਨ੍ਹਾਂ ਨੇ ਆਪਣਾ ਖ਼ੂਨ ਬਹਾਇਆ, ਉਨ੍ਹਾਂ ਅਕ੍ਰਿਤਘਣਾਂ ਨੇ ਹੀ ਗੁਰੂ ਗੋਬਿੰਦ ਸਿੰਘ ਦਾ ਤਿਆਗ ਕਰ ਦਿੱਤਾ। ਉਸ ਵੇਲੇ ਮਰਮਾਹਤ ਜ਼ਖਮੀ ਸ਼ੇਰ ਵਾਂਗ ਗੁਰੂ ਗੋਬਿੰਦ ਸਿੰਘ ਦੱਖਣ ਦੇਸ਼ ਨੂੰ ਚਲੇ ਗਏ। ਫਿਰ ਵੀ ਉਨ੍ਹਾਂ ਨੇ ਉਹਨਾਂ ਅਕ੍ਰਿਤਘਣਾਂ ਬਾਰੇ ਮਨ ਵਿਚ ਬਿੰਦ ਭਰ ਸ਼ਿਕਾਇਤ ਨਹੀਂ ਲਿਆਂਦੀ, ਨਾ ਸਰਾਪ ਦਿੱਤਾ। ਦੱਖਣ ਜਾ ਕੇ ਉਨ੍ਹਾਂ ਨੇ ਨਿਰਜਨ ਵਾਸ ਲੈ ਲਿਆ ਤੇ ਧਰਤੀ ਤੋਂ ਵਿਦਾਈ ਦੀ ਉਡੀਕ ਕਰਨ ਲੱਗੇ।"

—ਭਾਰਤੇ ਵਿਵੇਕਾਨੰਦ (ਬਾਂਗਲਾ) ਪੰਨਾ ੨੬੭



Sri Satguru Jagjit Singh Ji eLibrary NamdhariElibrary@gmail.com

ਅੱਜ ਕਲ੍ਹ ਭਾਰਤ ਵਿਚ ਹਿੰਦੂ ਤੇ ਹਿੰਦੂਤ੍ਵ ਬਾਰੇ ਐਲਾਨਾਂ, ਭਾਸ਼ਣਾਂ, ਪ੍ਰੋਗਰਾਮਾਂ ਤੇ ਅਮਲਾਂ ਦੀ ਇਕ ਜ਼ਬਰਦਸਤ ਹਵਾ ਚਲ ਰਹੀ ਹੈ। ਇਸ ਸਭ ਕੁਝ ਵਿਚੋਂ ਜੋ ਗੱਲ ਬਾਰ ਬਾਰ ਉੱਭਰ ਕੇ ਆ ਰਹੀ ਹੈ, ਉਹ ਹੈ ਹਿੰਦੂ ਤੇ ਹਿੰਦੂਤ੍ਵ ਦੀ ਵਿਜੇ ਦੀ ਗੱਲ। ਹਜ਼ਾਰ ਸਾਲ ਦਾ ਸੁੱਤਾ ਹਿੰਦੂ-ਹਿੰਦੂਤ੍ਵ ਜਾਗ ਕੇ ਅੰਗੜਾਈ ਲੈ ਰਿਹਾ ਜਾਪਦਾ ਹੈ ਤੇ ਉਸ ਦੇ ਨਿਸ਼ਾਨੇ ਉੱਪਰ ਹੈ ਮੁਸਲਮਾਨ+ਈਸਾਈ। ਹਿੰਦੂ ਤੇ ਹਿੰਦੂਤ੍ਵ ਦੀ ਵਿਜੇ ਦਾ ਤੇ ਭਵਿੱਖਤ ਭਾਰਤ ਦਾ ਜੋ ਸਵਰੂਪ ਧੁੰਦ ਵਿਚੋਂ ਦਿੱਸ ਰਿਹਾ ਹੈ, ਉਸ ਵਿਚ ਮੁਸਲਮਾਨ-ਈਸਾਈ ਨਦਾਰਦ ਹੈ।

ਇਸ ਵੇਲੇ ਭਾਰਤ ਵਿਚ ਪੰਦਰਾਂ ਕੁ ਕਰੋੜ ਮੁਸਲਮਾਨ ਹਨ। ਏਨੇ ਕੁ ਮੁਸਲਮਾਨ ਹੀ ਪਾਕਿਸਤਾਨ ਤੇ ਬੰਗਲਾ ਦੇਸ਼ ਵਿਚ ਹਨ। ਉਹਨਾਂ ਨੇ ਦੋ ਮਜ਼ਹਬਾਂ ਦੇ ਕੌਮੀ ਸਿਧਾਂਤ ਦੇ ਆਧਾਰ ਉੱਪਰ ਭਾਰਤ ਨਾਲੋਂ ਅੱਡ ਹੋਣ ਲਈ ਜ਼ਬਰਦਸਤ ਅੰਦੋਲਨ ਕੀਤਾ ਸੀ, ਤੇ ਅੱਡ ਹੋ ਵੀ ਗਏ। ਪਰ ਆਪ ਹੀ ਅੱਡ ਨਹੀਂ ਹੋਏ... ਭਾਰਤਵਰਸ਼ ਜਾਂ ਭਾਰਤ ਰਾਸ਼ਟਰ ਦੀ ਧਰਤੀ ਦੇ ਵੀ ਤਿੰਨ ਟੁਕੜੇ ਕਰਵਾਕੇ ਦੋ ਟੁਕੜੇ ਨਾਲ ਲੈ ਗਏ ਹਨ। ਪਹਿਲਾਂ ਉਹ ਦੋਵੇਂ ਟੁਕੜੇ ਪੂਰਬੀ ਤੇ ਪੱਛਮੀ ਪਾਕਿਸਤਾਨ ਦੇ ਰੂਪ ਵਿਚ ਭਾਰਤ ਦੀ ਧਰਤੀ ਨਾਲੋਂ ਟੁੱਟੇ ਸਨ। ਫਿਰ ੧੯੭੧ ਵਿਚ ਉਨ੍ਹਾਂ ਦੋਹਾਂ ਵਿਚਕਾਰ ਜੰਗ ਹੋਈ ਤੇ ਦੋਵੇਂ ਇਕ ਦੂਜੇ ਨਾਲੋਂ ਅਲੱਗ ਹੋ ਗਏ। ਪਰ ਭਾਰਤ ਵਿਚ ਫਿਰ ਵੀ ਕੋਈ ਨਹੀਂ ਮਿਲਿਆ।

ਜਦੋਂ ਅਜੇ ਭਾਰਤ ਤਿੰਨਾਂ ਹਿੱਸਿਆਂ ਵਿਚ ਵੰਡਿਆ ਨਹੀਂ ਸੀ ਗਿਆ ਓਦੋਂ (ਸੰਨ ੧੯੪੭ ਵਿਚ) ਸ੍ਰੀ ਅਰਵਿੰਦ ਨੇ ਉਨ੍ਹਾਂ ਦੇ ਜੀਵਨੀ ਲੇਖਕਾਂ ਲਈ ਲਿਖੀਆਂ ਟਿੱਪਣੀਆਂ ਵਿਚ ਕਿਹਾ ਸੀ—

"ਭਾਰਤ ਵਿਚ ਦੋ ਰਾਸ਼ਟ੍ਰੀਯਤਾਂ (ਕੌਮਾਂ) ਦਾ ਵਿਚਾਰ (ਮਿਸਟਰ) ਜਿਨਾਹ ਦੀ ਆਪਣੇ ਮਤਲਬ ਲਈ ਅਤੇ ਤੱਥਾਂ ਤੋਂ ਉਲਟ ਈਜਾਦ ਕੀਤੀ ਗਈ ਨਵ ਗ੍ਰਸਤਿਤ ਸਨਕ ਹੈ। ਨੱਬੇ ਫੀਸਦੀ ਤੋਂ ਵੱਧ ਭਾਰਤੀਯ ਮੁਸਲਮਾਨ ਧਰਮਾਂਤ੍ਰਿਤ ਹਿੰਦੂਆਂ ਦੇ ਵੰਸ਼ਿਜ ਹਨ ਅਤੇ ਉਹ ਭਾਰਤੀਯ ਰਾਸ਼ਟਰ ਦੇ ਓਨੇ ਹੀ ਸਦੱਸਯ ਹਨ ਜਿੰਨੇ ਖੁਦ ਹਿੰਦੂ। ਧਰਮਾਂਤ੍ਰਣ ਦਾ ਇਹ ਸਿਲਸਿਲਾ ਬਰਬਾਰ ਚੱਲਦਾ ਰਿਹਾ ਹੈ।" ਮਿਸਟਰ ਜਿਨਾਹ ਖੁਦ ਇਕ ਹਿੰਦੂ ਦੇ ਵੰਸ਼ਿਜ ਹਨ। ਉਨ੍ਹਾਂ ਦਾ ਨਾਂਮ 'ਜੀਨਾ ਭਾਈ' ਸੀ ਅਤੇ ਥੋੜਾ ਚਿਰ ਪਹਿਲਾਂ ਹੀ ਧਰਮਾਂਤ੍ਰਿਤ ਹੋਏ ਸਨ। ਅਤੇ ਬਹੁਤੇ ਮੁਸਲਿਮ ਨੇਤਾਵਾਂ ਵਿਚੋਂ ਬਹੁਤ ਸਾਰਿਆਂ ਦਾ ਐਸਾ ਹੀ ਸਰੋਤ ਹੈ।

*—ਸ੍ਰੀ ਅਰਵਿੰਦ 'ਭਾਰਤ ਕਾ ਪੁਨਰ ਜਨਮ', ਪੰਨਾ ੨੫੯*

ਸਪੱਸ਼ਟ ਹੈ ਕਿ ਭਾਰਤ ਰਾਸ਼ਟਰ ਦੀ ਪਰਿਭਾਸ਼ਾ ਸ੍ਰੀ ਅਰਵਿੰਦ ਨੇ ਉਹ ਨਹੀਂ ਦਿੱਤ੍ਰੀ, ਜਿਹੜੀ ਅਜੋਕੇ ਹਿੰਦੂਤ੍ਵ ਪੰਥੀਆਂ ਵੱਲੋਂ ਦਿੱਤੀ ਜਾ ਰਹੀ ਹੈ। ੧੫ ਅਗਸਤ ੧੯੪੭ ਨੂੰ ਜਦੋਂ ਭਾਰਤ ਆਜ਼ਾਦ ਹੋਇਆ ਤਾਂ ਸ੍ਰੀ ਅਰਵਿੰਦ ਨੇ ਆਲ ਇੰਡੀਆ ਰੇਡੀਓ ਤੋਂ ਦੇਸ਼ ਦੇ ਨਾਮ ਸੰਦੇਸ਼ ਵਿਚ ਜੋ ਆਖਿਆ ਉਸ ਵਿਚੋਂ ਕੁਝ ਅੰਸ਼ ਐਸ ਤਰ੍ਹਾਂ ਹਨ—

"ਪ੍ਰੰਤੂ ਹਿੰਦੂਆਂ ਅਤੇ ਮੁਸਲਮਾਨਾਂ ਦਾ ਪੁਰਾਣਾ ਸੰਪਰਦਾਇਕ ਭੇਦ ਦੇਸ਼ ਦੇ ਸਥਾਈ ਰਾਜਨੀਤਕ ਵੰਡਵਾਰੇ ਦੇ ਰੂਪ ਵਿਚ ਸੁਦ੍ਰਿੜ੍ਹ ਹੋ ਗਿਆ ਦਿਸਦਾ ਹੈ। ਆਸ਼ਾ ਕਰਨੀ ਚਾਹੀਦੀ ਹੈ ਕਿ ਕਾਂਗਰਸ ਅਤੇ ਰਾਸ਼ਟਰ ਇਸ ਤੈਅ ਕੀਤੇ ਗਏ ਤੱਥ ਨੂੰ (ਵੰਡਵਾਰੇ ਨੂੰ) ਹਮੇਸ਼ਾਂ ਲਈ ਤੈਅ ਹੋਇਆ ਵਰਗਾ ਨਹੀਂ ਮੰਨ ਲੈਣਗੇ, ਬਲਕਿ ਇਕ ਅਸਥਾਈ ਕਾਰਜ-ਸਾਧਕ ਤੋਂ ਵੱਧ ਕੁਝ ਵੀ ਨਹੀਂ ਮੰਨਣਗੇ। ਕਿਉਂਕਿ ਜੇ ਇਹ ਵੰਡਵਾਰਾ ਕਾਇਮ ਰਹਿੰਦਾ ਹੈ ਤਾਂ ਭਾਰਤ ਗੰਭੀਰ ਰੂਪ ਵਿਚ ਨਿਰਬਲ, ਏਥੋਂ ਤੱਕ ਕਿ ਅਪਾਹਜ ਵੀ ਹੋ ਸਕਦਾ ਹੈ। ਖ਼ਾਨਾ ਜੰਗੀ ਦੀ ਸੰਭਾਵਨਾ ਸਦਾ ਹੀ ਬਣੀ ਰਹਿ ਸਕਦੀ ਹੈ, ਏਥੋਂ ਤੱਕ ਕਿ ਇਕ ਨਵਾਂ ਹਮਲਾ ਅਤੇ ਵਿਦੇਸ਼ੀ ਵਿਜੈ ਵੀ ਸੰਭਵ ਹੋ ਸਕਦੀ ਹੈ। ਦੇਸ਼ ਦਾ ਵੰਡਵਾਰਾ ਤਾਂ ਖ਼ਤਮ ਹੋਣਾ ਹੀ ਚਾਹੀਦਾ ਹੈ। ਆਸ ਕੀਤੀ ਜਾਂਦੀ ਹੈ ਕਿ ਤਨਾਵ ਦੇ ਢਿੱਲੇ ਪੈਂਦਿਆਂ ਹੀ ਸ਼ਾਂਤੀ ਅਤੇ ਮੇਲ ਮਿਲਾਪ ਦੀ ਲੋੜ ਤੇ ਉਸ ਬਾਰੇ ਲਗਾਤਾਰ ਵਧਦੀ ਸਮਝ, ਮਿਲਜੁਲਕੇ ਕੰਮ ਕਰਨ ਦੇ ਅਭਿਆਸ ਅਤੇ ਉਸ ਲਈ ਲੋੜੀਂਦੇ ਸਾਧਨਾਂ ਦੀ ਬਦੌਲਤ (ਵੰਡਵਾਰਾ ਖ਼ਤਮ ਕਰਨ ਦਾ ਇਹ ਕਾਰਜ, ਸੰਭਵ ਹੋ ਸਕੇਗਾ।"....

"ਇਸ ਤਰ੍ਹਾਂ, ਇਹ ਏਕਤਾ ਅੰਤ ਨੂੰ ਭਾਵੇਂ ਕਿਸੀ ਵੀ ਰੂਪ ਵਿਚ ਆਵੇ, ਉਸਦੇ ਠੀਕ ਠੀਕ ਰੂਪ ਦਾ ਮਹੱਤਵ ਨਹੀਂ। ਮਹੱਤਵ ਹੈ ਏਕਤਾ ਦਾ, ਵੰਡਵਾਰਾ ਹਟਣ ਦਾ। ਚਾਹੇ ਕਿਸੇ ਵੀ ਤਰ੍ਹਾਂ ਹੋਵੇ, ਕਿਸੇ ਵੀ ਉਪਾਓ ਨਾਲ ਹੋਵੇ, ਵੰਡਵਾਰਾ ਜ਼ਰੂਰ ਹਟਣਾ ਚਾਹੀਦਾ ਹੈ, ਏਕਤਾ ਜ਼ਰੂਰ ਸਥਾਪਤ ਹੋਣੀ ਚਾਹੀਦੀ ਹੈ, ਅਤੇ ਜ਼ਰੂਰ ਸਥਾਪਤ ਹੋਵੇਗੀ ਹੀ, ਕਿਉਂਕਿ ਭਾਰਤ ਦੇ ਭਵਿੱਖ ਦੀ ਮਹਾਨਤਾ ਲਈ ਇਹ ਜ਼ਰੂਰੀ ਹੈ।"

*—ਸ੍ਰੀ ਅਰਵਿੰਦ ਤੇ ਉਨ੍ਹਾਂ ਦੀ ਸਾਧਨਾ, ਪੁਸਤਕ ਲੇਖਕ ਡਾ. ਕੇ. ਨਾ. ਵਰਮਾ ਪੰਨਾ ੪੨-੪੩, ਅਤੇ ਭਾਰਤ ਕਾ ਪੁਨਰ ਜਨਮ, ਲੇਖਕ ਸ੍ਰੀ ਅਰਵਿੰਦ, ਪੰਨਾ ੨੫੭*

ਇਹ ਮਹਾਂਰਿਸ਼ੀ ਅਰਵਿੰਦ ਦਾ ਕਥਨ ਹੈ; ਇਸ ਲਈ ਅਸੀਂ ਸਮਝਦੇ ਹਾਂ ਕਿ ਦੇਰ-ਸਵੇਰ ਵਿਚ ਕਥਨ ਸੱਚ ਹੋਵੇਗਾ ਹੀ। ਜੇ ਇਸ ਕਥਨ ਨੂੰ ਸਕਾਰਾਤਮਕ ਦ੍ਰਿਸ਼ਟ ਤੋਂ ਵੇਖ ਕੇ ਉਸ ਅਨੁਸਾਰ ਆਚਰਨ ਕੀਤਾ ਜਾਏਗਾ ਤਾਂ ਭਾਰਤ ਦਾ ਭਵਿੱਖ ਉੱਜਲਾ



Sri Satguru Jagjit Singh Ji eLibrary NamdhariElibrary@gmail.com

ਹੋਵੇਗਾ, ਜੈਸੀ ਕਿ ਸ੍ਰੀ ਅਰਵਿੰਦ ਨੂੰ ਆਸ਼ਾ ਸੀ। ਅਤੇ ਜੇ ਉਸਨੂੰ ਅਣਡਿੱਠ ਕਰ ਦਿੱਤਾ ਗਿਆ ਤਾਂ ਖ਼ਾਨਾਜੰਗੀ, ਬਰਬਾਦੀ ਅਤੇ ਗ਼ੁਲਾਮੀ ਨਿਸਚਿਤ ਹੈ। ਬੀਤੀ ਅੱਧੀ ਸਦੀ ਵਿਚ ਦੂਸਰੀ ਗੱਲ ਹੀ ਝਲਕੀਆਂ ਵਿਖਾ ਰਹੀ ਹੈ। ਸ੍ਰੀ ਅਰਵਿੰਦ ਵਾਲੀ ਭਾਵਨਾ ਹੀ ਮਹਾਤਮਾ ਗਾਂਧੀ ਜੀ ਦੀ ਸੀ। ਉਨ੍ਹਾਂ ਨੇ ਤਣਾਓ ਨੂੰ ਘਟਾਉਣ ਲਈ ਜਤਨ ਵੀ ਸ਼ੁਰੂ ਕੀਤਾ ਸੀ... ਪਰ ਇਕ ਅਤਿ ਉਤਸ਼ਾਹੀ ਹਿੰਦੂਤ੍ਵ ਪੰਥੀ ਗੌਡਸੇ ਨੇ ਗਾਂਧੀ ਜੀ ਨੂੰ ਹੀ ਗੋਲੀ ਨਾਲ ਉਡਾ ਦਿੱਤਾ। ਓਦੋਂ ਤੋਂ ਪੂਰਾ ਹਿੰਦੂਤ੍ਵ ਪੰਥ ਗੌਡਸੇ ਦੇ ਗੁਣ ਗਾ ਰਿਹਾ ਤੇ ਨਕਾਰਾਤਮਕ ਦ੍ਰਿਸ਼ਟੀ ਦਾ ਸਬੂਤ ਦੇ ਰਿਹਾ ਹੈ।

ਸ੍ਰੀ ਅਰਵਿੰਦ ਦੀ ਭਾਰਤੀ ਰਾਸ਼ਟਰ ਦ੍ਰੀ ਏਕਤਾ ਬਾਰੇ ਪਹੁੰਚ ਨੂੰ ਜੇ ਸਹੀ ਅਰਥਾਂ ਵਿਚ ਵੇਖਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਸਿੱਟਾ ਇਹੋ ਨਿਕਲਦਾ ਹੈ ਕਿ ਪਾਕਿਸਤਾਨ ਅਤੇ ਬੰਗਲਾ ਦੇਸ਼ ਦਾ ਮੁੜ ਕੇ ਭਾਰਤ ਵਿਚ ਮਿਲਣਾ ਜ਼ਰੂਰੀ ਹੈ। ਇਹ ਮਿਲਣ ਇਸ ਲਈ ਵੀ ਜ਼ਰੂਰੀ ਹੈ ਕਿ ਪਾਕਿਸਤਾਨ ਤੇ ਬੰਗਲਾ ਦੇਸ਼ ਦਾ ਆਪਣਾ ਨਿੱਜ ਦਾ ਕੋਈ ਅਤੀਤ ਨਹੀਂ ਹੈ। ਕੋਈ ਵਿਰਸਾ ਨਹੀਂ ਹੈ, ਕੋਈ ਇਤਿਹਾਸ ਨਹੀਂ ਹੈ, ਕੋਈ ਸੰਸਕ੍ਰਿਤੀ ਨਹੀਂ ਤੇ ਨਾ ਹੀ ਕੋਈ ਪ੍ਰੰਪਰਾ ਹੈ। ਇਹ ਸਭ ਜੋ ਕੁਝ ਵੀ ਹੈ ਉਨ੍ਹਾਂ ਦਾ ਭਾਰਤ ਦੇ ਅਤੀਤ, ਵਿਰਸੇ, ਇਤਿਹਾਸ, ਸੰਸਕ੍ਰਿਤੀ ਤੇ ਪ੍ਰੰਪਰਾ ਨਾਲ ਜੁੜਿਆ ਹੋਇਆ ਹੈ। ਆਪਣੇ ਅਤੀਤ ਤੋਂ ਬਿਨਾਂ ਕਿਸੇ ਦੇਸ਼ ਦਾ ਕਾਇਮ ਰਹਿਣਾ ਸੰਭਵ ਹੀ ਨਹੀਂ। ਜਿਵੇਂ ਜੜ੍ਹਾਂ ਤੋਂ ਬਿਨਾਂ ਕਿਸੇ ਰੁੱਖ ਦਾ ਖੜ੍ਹਿਆ ਰਹਿਣਾ ਉਸਦੀ ਆਪਣੀ ਹੋਂਦ ਤੇ ਦੂਜਿਆਂ ਦੀ ਜਾਨ ਲਈ ਖ਼ਤਰਾ ਬਣਿਆ ਰਹਿੰਦਾ ਹੈ, ਉਸੇ ਤਰ੍ਹਾਂ ਉਨ੍ਹਾਂ ਦੇਸ਼ਾਂ ਦੀ ਸਥਿਤੀ ਹੁੰਦੀ ਹੈ ਜਿਹੜੇ ਬਿਨਾਂ ਅਤੀਤ ਤੋਂ ਜਿਊਣਾ ਚਾਹੁੰਦੇ ਹਨ। ਬੀਤੀ ਅੱਧੀ ਸਦੀ ਦੀਆਂ ਘਟਨਾਵਾਂ ਨੇ ਭਾਰਤ, ਪਾਕਿਸਤਾਨ ਤੇ ਬੰਗਲਾ ਦੇਸ਼ ਦੇ ਸੰਬੰਧਾਂ ਬਾਰੇ ਇਹੋ ਗੱਲ ਸਿੱਧ ਵੀ ਕੀਤੀ ਹੈ। ਭਾਰਤ-ਪਾਕਿਸਤਾਨ ਦੀਆਂ ਲੜਾਈਆਂ, ਪੱਛਮੀ ਤੇ ਪੂਰਬੀ ਪਾਕਿਸਤਾਨ ਦੀ ਆਪਸੀ ਜੰਗ, ਪਾਕਿਸਤਾਨ ਵੱਲੋਂ ਭਾਰਤ ਵਿਰੁੱਧ ਲਗਾਤਾਰ ਉਗਰਵਾਦੀ ਹਮਲੇ ਸ੍ਰੀ ਅਰਵਿੰਦ ਦੇ ਕਥਨ ਵਾਲੀ 'ਖ਼ਾਨਾਜੰਗੀ' ਦਾ ਹੀ ਬਦਲਵਾਂ ਰੂਪ ਜਾਂ ਨਾਮ ਹਨ। ਚਰਿੱਤਰ ਸੁਭਾਵ ਤੇ ਖ਼ੂਨ ਦੇ ਵੰਸ਼ਾਨੁਗਤ ਰਿਸ਼ਤਿਆਂ ਦੇ ਹਿਸਾਬ ਇਹ ਖ਼ਾਨਾਜੰਗੀ ਹੀ ਹੈ। ਭਾਰਤ ਦੇ ਅੰਦਰ ਵੀ ਹਿੰਦੂ-ਮੁਸਲਿਮ ਦੇ ਆਪਸੀ ਰਿਸ਼ਤਿਆਂ ਦਾ ਵਿਕਾਸ ਇਹਨਾਂ ਪੰਜਾਹ ਪਚਵੰਜਾ ਸਾਲਾਂ ਵਿਚ ਲਗਭਗ ਏਸੇ ਸ਼੍ਰੇਣੀ ਵਿਚ ਆਉਂਦਾ ਹੈ। ਅੱਧੀ ਸਦੀ ਦਾ ਇਹ ਇਤਿਹਾਸ ਉਸ ਹੀਣ ਭਾਵ ਦਾ ਪ੍ਰਗਟਾਵਾ ਹੀ ਹੈ ਜੋ ਇਕ ਪਾਸੇ ਭਾਰਤ ਨੂੰ ਅੰਗਹੀਣ ਦਰਸਾ ਰਿਹਾ ਹੈ, ਦੂਜੇ ਪਾਸੇ ਪਾਕਿਸਤਾਨ ਤੇ ਬਾਂਗਲਾ ਦੇਸ਼ ਨੂੰ ਅਪਾਹਜ ਹੋਣ ਦੇ ਅਹਿਸਾਸ ਤੋਂ ਮੁਕਤ ਨਹੀਂ ਹੋਣ ਦੇਂਦਾ। ਉਨ੍ਹਾਂ ਦੋਹਾਂ ਦੇਸ਼ਾਂ ਦਾ ਬਿਨਾਂ ਆਪਣੀਆਂ ਸਾਂਸਕ੍ਰਿਤ ਜੜ੍ਹਾਂ ਤੋਂ ਹੋਣਾ ਹੀ ਉਨ੍ਹਾਂ ਦੇ ਆਪਣੇ ਲਈ ਆਪਣੇ ਖੋਖਲੇਪਣ ਦੀ ਹਕੀਕਤ ਹੈ, ਜੋ ਉਨ੍ਹਾਂ ਨੂੰ ਅਮਨ ਚੈਨ ਨਾਲ ਨਹੀਂ ਰਹਿਣ ਦੇ ਰਹੀ। ਇਸਲਾਮ ਦੀ ਇਹੋ ਜਿਹੀ ਕੋਈ ਰਾਸ਼ਟਰੀ ਮਜ਼ਹਬੀ ਪ੍ਰੰਪਰਾ ਨਹੀਂ ਰਹੀ ਜਿਸ ਅਨੁਸਾਰ ਇਹ ਕਿਹਾ ਜਾ ਸਕੇ ਕਿ ਕੋਈ ਰਾਸ਼ਟਰ (ਨੇਸ਼ਨ) ਕੇਵਲ ਮਜ਼ਹਬ ਦੇ ਆਧਾਰ ਉਪਰ ਹੀ ਸ਼ਾਂਤ ਭਾਵ ਨਾਲ ਟਿਕਿਆ ਰਹਿ ਸਕਿਆ ਹੋਵੇ। ਮਜ਼ਹਬ ਤਾਂ ਬਦਲਦੇ ਰਹਿੰਦੇ ਤੇ ਕਾਲ ਦੇ ਕਲਾਵੇ ਵਿਚ ਸਿਮਟਕੇ ਆਪਣੀ ਹਸਤੀ ਵੀ ਮਿਟਾਉਂਦੇ ਆ ਰਹੇ ਨੇ। ਪਰ ਸੰਸਕ੍ਰਿਤੀਆਂ ਦੀ ਉਮਰ ਬਹੁਤ ਲੰਮੀ ਰਹਿੰਦੀ ਹੈ। ਸਦੀਆਂ ਤੋਂ ਮੁਸਲਮਾਨ ਰਾਜੇ ਜਾਂ ਦੇਸ਼ ਮੁਸਲਮਾਨ ਰਾਜਿਆਂ ਤੇ ਦੇਸ਼ਾਂ ਨਾਲ ਲੜਦੇ ਆਏ ਹਨ। ਪਾਕਿਸਤਾਨ ਇਸਲਾਮਕ ਰਾਸ਼ਟਰਵਾਦ ਦੇ ਭ੍ਰਾਮਕ ਆਧਾਰ ਉੱਤੇ ਵਜੂਦ ਧਾਰ ਕੇ ਵੀ ਆਪਣੇ ਅੰਦਰ ਸ਼ੀਆ-ਸੁੰਨੀ ਦਾ ਭੇਦ ਨਹੀਂ ਮਿਟਾ ਸਕਿਆ ਤੇ ਦੋਵੇਂ ਤਬਕੇ ਗਲ ਵੱਢਵੀਂ ਖ਼ਾਨਾ ਜੰਗੀ ਵਿਚ ਮਸ਼ਗੂਲ ਹਨ। ਪਾਕਿਸਤਾਨੀ ਮੁਸਲਮਾਨਾਂ ਲਈ ਹਿੰਦੁਸਤਾਨ ਦੇ ਉੱਤਰ ਪ੍ਰਦੇਸ਼ ਤੇ ਬਿਹਾਰ ਆਦਿ ਇਲਾਕਿਆਂ ਵਿਚੋਂ ਗਏ ਮੁਸਲਮਾਨ ਮੁਹਾਜਿਰ ਹਨ ਤੇ ਪੱਛਮੀ ਪੰਜਾਬ ਅਤੇ ਸਿੰਧ ਪ੍ਰਾਂਤ ਦੇ ਮੁਸਲਮਾਨਾਂ ਲਈ ਦੁਸ਼ਮਨ ਵਰਗੇ ਹਨ; ਜਿਨ੍ਹਾਂ ਵਿਰੁੱਧ ਪਾਕਿਸਤਾਨ ਦੇ ਅੰਦਰ ਜੰਗ (ਖ਼ਾਨਾਜੰਗੀ) ਚੱਲ ਰਹੀ ਹੈ। ਬੰਗਲਾ ਦੇਸ਼ ਲਈ ਵੀ ਬਿਹਾਰੀ ਮੁਸਲਮਾਨ ਦੁਪਰਿਆਰੇ ਹਨ ਤੇ ਉਨ੍ਹਾਂ ਨੂੰ ਸ਼ਰਣਾਰਥੀ ਕੈਂਪਾਂ ਵਿਚ ਸੜਨਾ ਪੈ ਰਿਹਾ ਹੈ। ਪਾਕਿਸਤਾਨ ਦੇ ਕਾਦੀਆਨੀ ਮੁਸਲਮਾਨ ਵੀ ਕੱਟੜ ਸੁੰਨੀਆਂ ਦੇ ਨਿਸ਼ਾਨੇ ਉੱਪਰ ਹਨ।

ਏਧਰ ਭਾਰਤ ਵਿਚ ਵੀ ਧਾਰਮਿਕ ਹਿੰਦੂ ਰਾਸ਼ਟਰ ਦੀ ਕੋਈ ਪ੍ਰੰਪਰਾ ਨਹੀਂ। ਜਿਸ ਕਰਕੇ ਸਦੀਆਂ ਤੋਂ ਭਾਰਤ ਦੇ ਹਿੰਦੂ ਰਾਜੇ ਭਾਰਤ ਦੇ ਹੀ ਹਿੰਦੂ ਰਾਜਿਆਂ ਨਾਲ ਲੜਦੇ ਭਿੜਦੇ ਆਏ ਹਨ ਤੇ ਹਿੰਦੂ ਰਾਜਿਆਂ ਨੇ ਹਿੰਦੂ ਰਾਜਿਆਂ ਵਿਰੁੱਧ ਦੂਜੇ ਮਜ਼ਹਬਾਂ ਵਾਲਿਆਂ ਦਾ ਸਾਥ ਵੀ ਦਿੱਤਾ ਹੈ, ਦੂਜੇ ਮਜ਼ਹਬਾਂ ਵਾਲਿਆਂ ਦੀ ਸਲਤਨਤ ਨੂੰ ਪੱਕਿਆਂ ਕਰਨ ਵਿਚ ਸਹਾਈ ਵੀ ਹੋਏ। ਭਾਰਤ ਦੇ ਹਿੰਦੂ ਰਾਜਿਆਂ, ਜਗੀਰਦਾਰਾਂ ਤੇ ਪੁਰੋਹਿਤਾਂ ਦੇ ਅੱਤਿਆਚਾਰਾਂ ਤੋਂ ਤੰਗ ਹੋ ਕੇ ਹੀ ਭਾਰਤ ਦੇ ਕਰਮਕਾਰ ਹਿੰਦੂ (ਜਿਹੜੇ ਲੋਕ ਹੱਥੀਂ ਕੰਮ ਕਰਕੇ ਆਪਣਾ ਜੀਵਨ ਜਿਊਂਦੇ ਹਨ) ਨੇ ਹਿੰਦੂ ਧਰਮ ਛੱਡ ਕੇ ਇਸਲਾਮ ਤੇ ਈਸਾਈ ਮਜ਼ਹਬ ਧਾਰਨ ਕੀਤੇ। ਨਾ ਇਹਨਾਂ ਦਾ ਰਾਸ਼ਟਰ ਬਦਲਿਆ ਹੈ ਤੇ ਨਾ ਭਾਸ਼ਾ-ਸੰਸਕ੍ਰਿਤੀ। ਨਾ ਭਾਰਤ ਰਾਸ਼ਟਰ ਦਾ ਹਿੰਦੂ, ਹਿੰਦੂ ਰਾਜੇ,



Sri Satguru Jagjit Singh Ji eLibrary NamdhariElibrary@gmail.com

ਜਾਗੀਰਦਾਰ ਤੇ ਪੁਰੋਹਤ ਦੇ ਸ਼ਾਸਨ ਨੂੰ ਆਪਣੇ ਸੰਤੋਖ ਤੇ ਜੀਵਨ ਦਾ ਆਧਾਰ ਮੰਨ ਸਕਿਆ। ਨਾ ਪਾਕਿਸਤਾਨ ਦਾ ਮੁਸਲਮਾਨ ਕਰਮ ਕਾਰ ਪਾਕਿਸਤਾਨ ਦੇ ਮੁਸਲਿਮ ਹਾਕਮਾਂ ਤੇ ਮੁੱਲਾਂ ਮੁਲਾਣਿਆਂ ਦੇ ਸ਼ਾਸਨ ਤੋਂ ਪ੍ਰਸੰਨ ਹੋ ਸਕਿਆ ਹੈ।

ਅੱਜ ਭਾਰਤ ਵਿਚ ਨਾ ਮੁਸਲਮਾਨਾਂ ਦਾ ਰਾਜ ਹੈ ਨਾ ਈਸਾਈਆਂ ਦਾ। ਰਾਜ ਤਾਂ ਹਿੰਦੂ ਨੇਤਾਵਾਂ ਦਾ ਹੀ ਹੈ ਭਾਵੇਂ ਉਹ ਕਾਂਗਰਸੀ ਹਨ ਤੇ ਭਾਵੇਂ ਹਿੰਦੂਤ੍ਵ ਪੰਥੀ। ਭਾਰਤੀ ਕਰਮਕਾਰ, ਆਦਿਵਾਸੀ ਤੇ ਗ਼ਰੀਬ ਭਾਰਤ ਦੀ ਅਜੋਕੀ ਸ਼ਾਸਨ ਵਿਵਸਥਾ ਤੋਂ ਬੇਹਾਲ ਹੋ ਕੇ ਮੁਸਲਮਾਨ ਜਾਂ ਈਸਾਈ ਬਣਕੇ ਤਾਣ ਨਹੀਂ ਹਾਸਿਲ ਕਰ ਪਾ ਰਹੇ। ਈਸਾਈ ਮਿਸ਼ਨਰੀਆਂ ਦੇ ਸੇਵਾ ਭਾਵ ਦੇ ਅਸਰ ਹੇਠ ਜੇ ਉਹ ਈਸਾਈ ਬਣਦੇ ਹਨ ਤੇ ਹਿੰਦੂਤ੍ਵ-ਪੰਥੀ ਉਨ੍ਹਾਂ ਨੂੰ ਜਿਊਂਦਿਆਂ ਸਾੜ ਦਿੰਦੇ ਹਨ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਭਾਰਤ ਦੇ ਹਿੰਦੂਤ੍ਵ ਪੰਥੀਆਂ ਨੇ ਅਜੇ ਤੱਕ ਆਪਣਾ ਪੁਰਾਤਨ ਚਲਨ ਓਸੇ ਤਰ੍ਹਾਂ ਕਾਇਮ ਰੱਖਿਆ ਹੋਇਆ ਹੈ। ਇਹਨਾਂ ਪਛੜਿਆਂ ਨੇ ਇਕ ਗ਼ੈਰ ਮਜ਼ਹਬੀ ਧਰਮ ਦੀ ਸ਼ਰਨ ਜ਼ਰੂਰ ਲੈਣੀ ਸ਼ੁਰੂ ਕਰ ਦਿੱਤੀ ਹੈ ਤੇ ਉਹ ਧਰਮ ਹੈ ਨਕਸਲਵਾਦੀ ਧਰਮ। ਆਂਧਰਾ, ਮੱਧ ਪ੍ਰਦੇਸ਼, ਬਿਹਾਰ, ਝਾਰਖੰਡ, ਕਰਨਾਟਕ ਆਦਿ ਵੱਡੇ ਇਲਾਕਿਆਂ ਵਿਚ ਨਕਸਲਵਾਦੀ ਬਣ ਰਹੇ ਤੇ ਵਧ ਰਹੇ ਹਨ। ਉਹ ਲੜਦੇ ਵੀ ਹਨ ਤੇ ਮਰਦੇ ਮਾਰਦੇ ਵੀ ਹਨ। ਉਹਨਾਂ ਲਈ ਹੁਣ ਮੁਸਲਿਮ ਜਾਂ ਈਸਾਈ ਮਜ਼ਹਬ ਦੀ ਕੋਈ ਅਪੀਲ ਨਹੀਂ, ਮਜ਼ਹਬਾਂ ਦਾ ਪ੍ਰੇਰਕ ਜੁਗ ਬੀਤ ਚੁੱਕਾ ਹੈ। ਬੀਤ ਚੁੱਕਾ ਇਹਨਾਂ ਅਰਥਾਂ ਵਿਚ ਵੀ ਹੈ ਕਿ ਹੁਣ ਇਸਲਾਮਕ ਰਾਜਿਆਂ ਜਾਂ ਈਸਾਈ ਰਾਜਿਆਂ ਦਾ ਜੁਗ ਵੀ ਬੀਤ ਗਿਆ ਹੈ। ਮਜ਼ਹਬ ਦੀ ਥਾਂ ਵਿਗਿਆਨ ਤੇ ਤਕਨੀਕ ਤੇ ਸੰਭਾਲ ਲਈ ਹੈ। ਇਸ ਵੇਲੇ ਸਦੀਆਂ ਪੁਰਾਣੇ ਇਸਲਾਮਿਕ ਹਮਲਿਆਂ ਦੇ ਅਜੋਕੇ ਸੰਸਕਰਨ ਵਿਗਿਆਨ ਤੇ ਤਕਨੀਕ ਸਾਹਮਣੇ ਬੇਹਾਲ ਹਨ। ਭਾਰਤ ਦੇ ਹਿੰਦੂਤ੍ਵ ਪੰਥੀ ਰਾਸ਼ਟਰਵਾਦ ਦੇ ਸਾਹਮਣੇ ਵੀ ਏਹੋ ਸਵਾਲ ਹੈ। ਸਵਾਲ ਹੈ ਕਿ ਭਾਰਤ ਰਾਸ਼ਟਰ ਨੇ ਵਿਗਿਆਨਕ ਤੇ ਤਕਨੀਕੀ ਉੱਨਤੀ ਕਰਨੀ ਹੈ ਜਾਂ ਹਿੰਦੂਤ੍ਵ ਦੀ ਇਸਲਾਮ-ਈਸਾਈਅਤ ਉੱਪਰ ਵਿਜੈ ਲਈ ਤ੍ਰਿਸ਼ੂਲ ਘੁਮਾਈ ਜਾਣਾ ਹੈ।

ਇਕ ਸਵਾਲ ਹੈ—ਬਾਬਰੀ ਮਸਜਿਦ ਢਾਹ ਕੇ ਮੰਦਿਰ ਬਣਵਾਣਾ ਜ਼ਰੂਰੀ ਹੈ, ਜਾਂ ਭਾਰਤ ਦੇ ਕਰਮਕਾਰਾਂ ਦੀ ਰੋਟੀ ਰੋਜ਼ੀ ਦਾ ਮਸਲਾ ਹੱਲ ਕਰਨਾ ਜ਼ਰੂਰੀ ਹੈ ? ਇਨ੍ਹਾਂ ਸਵਾਲਾਂ ਦਾ ਹਕੀਕੀ ਜਵਾਬ ਤਾਂ ਇਹੋ ਹੈ ਕਿ ਜਿੰਨਾ ਚਿਰ ਪਾਕਿਸਤਾਨ ਹੈ ਉਨਾ ਚਿਰ ਮੁਸਲਿਮ ਸਵਾਲ ਆਪਣੇ ਸੰਪੂਰਨ ਵਜੂਦ ਵਿਚ ਖੜ੍ਹਾ ਹੀ ਰਹੇਗਾ। ਇਕ ਜਵਾਬ ਇਹ ਵੀ ਹੈ ਕਿ ਹਿੰਦੂ ਨੇ ਪਿਛਲੇ ਹਜ਼ਾਰ ਸਾਲਾਂ ਦਾ ਹਿਸਾਬ ਜ਼ਰੂਰ ਬਰਾਬਰ ਕਰਨਾ ਹੈ। ਫਿਰ ਇਸ ਜਵਾਬ ਵਿਚੋਂ ਇਹ ਸਵਾਲ ਵੀ ਤਾਂ ਜਾਗੇਗਾ ਹੀ ਕਿ ਪਿਛਲੇ ਹਜ਼ਾਰ ਸਾਲਾਂ ਵਿਚ ਵਧੇ ਮੁਸਲਮਾਨ ਦਾ ਪਿਤਾ-ਪੁਰਖੀ ਖ਼ੂਨ ਤਾਂ ਹਿੰਦੂਆਂ ਦਾ ਖ਼ੂਨ ਹੀ ਹੈ। ਆਪਣੇ ਹੀ ਖ਼ੂਨ ਨਾਲ ਆਪਣੀ ਹੀ ਜੰਗ ?

ਇਕ ਸਵਾਲ ਇਹ ਵੀ ਹੈ ਕਿ ਉਸ ਨਾਅਰੇ ਦਾ ਕੀ ਬਣੇਗਾ—ਜਿਹੜਾ ਨਾਅਰਾ ਜ਼ੁੱਲਿਫ਼ਕਾਰ ਅਲੀ ਭੁੱਟੋ ਨੇ ਲਾਇਆ ਸੀ ਕਿ "ਅਸੀਂ ਦਸ ਹਜ਼ਾਰ ਸਾਲ ਤੱਕ ਭਾਰਤ ਵਿਰੁੱਧ ਲੜਾਂਗੇ।" ਕਿਉਂ ? ਕਿਉਂ ਲੜਾਂਗੇ ? ਇਸ ਬਾਰੇ ਭੁੱਟੋ ਨੂੰ ਵੀ ਪਤਾ ਨਹੀਂ ਸੀ ਤੇ ਅੱਜ ਜਿਊਂਦੇ ਪਾਕਿਸਤਾਨੀ ਮੁਸਲਮਾਨਾਂ ਨੂੰ ਵੀ ਪਤਾ ਨਹੀਂ।

ਇਕ ਹੋਰ ਸਵਾਲ ਇਹ ਵੀ ਹੈ ਕਿ ਇਹੋ ਜਿਹੇ ਨਾਅਰਿਆਂ ਦਾ ਜਨਮ ਜਿਸ ਪਾਕਿਸਤਾਨ ਵਿਚੋਂ ਹੁੰਦਾ ਹੈ—ਉਹ ਪਾਕਿਸਤਾਨ ਹੀ ਕਿਉਂ ਬਣਿਆ ? ਅਤੇ ਜਿਸ ਦੇ ਟਿਕੇ ਰਹਿਣ ਤੇ ਸ੍ਰੀ ਅਰਵਿੰਦ ਦੇ ਕਥਨ ਅਨੁਸਾਰ—ਭਾਰਤ ਅਪੰਗ ਹੈ, ਖਾਨਾਜੰਗੀ ਦਾ ਅਖਾੜਾ ਬਣ ਸਕਦਾ ਹੈ, ਬਦੇਸ਼ੀ ਹਮਲੇ ਦਾ ਸ਼ਿਕਾਰ ਹੋ ਕੇ ਮੁੜ ਗ਼ੁਲਾਮ ਵੀ ਹੋ ਸਕਦਾ ਹੈ। ਉਸ ਪਾਕਿਸਤਾਨ ਦਾ ਵਜੂਦ ਖ਼ਤਮ ਹੋਣ ਬਾਰੇ ਸੋਚਣ ਦੇ ਨਾਲ ਨਾਲ ਹੀ ਇਹ ਸੋਚਣਾ ਉਸ ਤੋਂ ਵੀ ਵੱਧ ਜ਼ਰੂਰੀ ਹੈ ਕਿ ਪਾਕਿਸਤਾਨ ਬਣਿਆ ਹੀ ਕਿਉਂ ?

...ਅਤੇ ਜਦੋਂ ਇਸ ਸਵਾਲ ਉੱਪਰ ਗੌਰ ਹੋਵੇਗਾ ਤਾਂ ਪਹਿਲਾ ਜਵਾਬ ਇਹੋ ਆਏਗਾ ਕਿ ਭਾਰਤ ਦੇ ਮੁਸਲਮਾਨਾਂ ਨੇ ਜ਼ਿੱਦ ਨਾਲ ਜਾਂ ਕਿਸੇ ਹਿਕਮਤ ਅਮਲੀ ਨਾਲ ਬਣਵਾ ਲਿਆ। ਅਤੇ ਇਸ ਜਵਾਬ ਵਿਚੋਂ ਹੀ ਫਿਰ ਇਹ ਸਵਾਲ ਸਾਹਮਣੇ ਆਣ ਖਲੋਂਦਾ ਹੈ ਕਿ ਭਾਰਤ ਦੇ ਮੁਸਲਮਾਨਾਂ ਨੇ ਪਾਕਿਸਤਾਨ ਬਣਵਾ ਕੇ ਵੀ ਤਾਂ ਭਾਰਤ ਨੂੰ ਛੱਡਿਆ ਨਹੀਂ। ਓਧਰ ਪਾਕਿਸਤਾਨ ਦੇ ਮੁਸਲਮਾਨ ਦਸ ਹਜ਼ਾਰ ਸਾਲ ਤੱਕ ਭਾਰਤ ਵਿਰੁੱਧ ਲੜਨ ਦਾ ਦਾਈਆ ਰੱਖਦੇ ਨੇ ਤੇ ਏਧਰ ੧੫ ਕਰੋੜ ਮੁਸਲਮਾਨ ਭਾਰਤ ਦੀ ਬਚੀ ਖੁਚੀ ਧਰਤੀ ਉੱਪਰ ਟੁਰਦੇ ਫਿਰਦੇ, ਖਾਂਦੇ ਪੀਂਦੇ, ਨਮਾਜ਼ਾਂ ਪੜ੍ਹਦੇ, ਰੋਜ਼ੇ ਰੱਖਦੇ ਤੇ ਅੱਲਾ ਅੱਲਾ ਦੀ ਬਾਂਗ ਦਿੰਦੇ ਦਿੱਸ ਰਹੇ ਨੇ। ਪੰਦਰਾਂ ਕਰੋੜ ਇਹ, ਤੇ ਏਨੇ ਕੁ ਹੀ ਪਾਕਿਸਤਾਨ ਤੇ ਬੰਗਲਾ ਦੇਸ਼ ਦੇ ਮੁਸਲਮਾਨ ਅੱਜ ਵੀ ਕਿਸੇ ਨਾ ਕਿਸੇ ਭਾਵ ਨਾਲ ਮਾਨਸਿਕ ਤੇ ਸਰੀਰਕ ਤੌਰ ਤੇ ਭਾਰਤ ਦਾ ਹਿੱਸਾ ਹਨ—ਬੇਸ਼ੱਕ ਦੁਸ਼ਮਣੀ ਦੇ ਭਾਵ ਨਾਲ, ਪਰ ਭਾਰਤ ਉਨ੍ਹਾਂ ਦੇ ਚਿੰਤਨ ਦਾ ਮੁੱਖ ਮੁੱਦਾ ਹੈ। ਭਾਰਤ ਉਨ੍ਹਾਂ ਦੇ ਸੁਪਨਿਆਂ ਦਾ ਹਿੱਸਾ ਹੈ।

ਹਿੰਦੂਤ੍ਵ ਪੰਥੀਆਂ ਦਾ ਇਸ ਬਾਰੇ ਚਿੰਤਨ ਕੀ ਹੈ ? ਇਹ



Sri Satguru Jagjit Singh Ji eLibrary NamdhariElibrary@gmail.com

ਨਾਅਰੇ ਤਾਂ ਅੱਜ ਕਲ੍ਹ ਜ਼ੋਰ-ਸ਼ੋਰ ਨਾਲ ਸੁਣਨ ਵਿਚ ਆ ਰਹੇ ਨੇ ਕਿ "ਅਗਲੇ ਦੋ ਸਾਲਾਂ ਵਿਚ ਭਾਰਤ ਨੂੰ ਹਿੰਦੂ ਰਾਸ਼ਟਰ ਬਣਾ ਦਿਆਂਗੇ।" ਕਿਵੇਂ ? ਜ਼ਾਹਰ ਹੈ ਕਿ ਉਨ੍ਹਾਂ ਸਾਰੇ ਮੁਸਲਮਾਨਾਂ ਨੂੰ ਹਿੰਦੂ ਬਣਾ ਕੇ ਨਹੀਂ। ਇਹ ਵੀ ਮੁਮਕਿਨ ਨਹੀਂ ਜਾਪਦਾ ਭਾਰਤ ਪਾਕਿਸਤਾਨ ਤੇ ਬੰਗਲਾ ਦੇਸ਼ ਦੇ ਏਨੀ ਵੱਡੀ ਗਿਣਤੀ ਵਿਚ (ਲਗਭਗ ਤੀਹ ਕਰੋੜ) ਮੁਸਲਮਾਨਾਂ ਨੂੰ 'ਅਣ ਹੋਏ' ਕਰ ਦਿੱਤਾ ਜਾਏ। ਇਸ ਹਾਲਤ ਵਿਚ ਇਹ ਸਵਾਲ ਤਾਂ ਹਰ ਕਿਸੇ ਦੇ ਮਾਨਸ ਵਿਚ ਉਭਰਨਾ ਹੀ ਚਾਹੀਦਾ ਹੈ ਕਿ ਕਿਵੇਂ ? ਕਿਵੇਂ ਭਾਰਤ ਹਿੰਦੂ-ਮੁਸਲਿਮ ਦੇ ਇਸ ਵਰਤਾਰੇ ਵਿਚੋਂ ਸਾਬਤ ਸਬੂਤ ਨਿਕਲ ਕੇ ਦੁਨੀਆਂ ਭਰ ਦੇ ਰਾਸ਼ਟਰਾਂ ਦੀ ਕਤਾਰ ਵਿਚ ਆਪਣਾ ਮਾਨਯੋਗ ਸਥਾਨ ਹਾਸਲ ਕਰ ਸਕਦਾ ਹੈ ?

ਇਸ ਚਿੰਤਨ ਵਿਚੋਂ ਹੀ ਸਵਾਲਾਂ ਦਾ ਸਵਾਲ ਇਹ ਸਵਾਲ ਉਪਜਦਾ ਹੈ ਕਿ ਤਿੰਨਾਂ ਦੇਸ਼ਾਂ ਦੇ ਮੁਸਲਮਾਨਾਂ ਨਾਲ ਜੁੜਿਆ ਇਤਿਹਾਸ ਇਸ ਬਾਰੇ ਕੀ ਦੱਸਦਾ ਹੈ ਕਿ ਮੁਸਲਮਾਨ ਹੀ ਕਿਉਂ? ਉਹ ਕਿੱਥੋਂ ਆਏ ਤੇ ਭਾਰਤ ਲਈ ਐਸੀ ਸਮੱਸਿਆ ਕਿਉਂ ਬਣ ਗਏ, ਜਿਸ ਨੂੰ ਨਾ ਹਜ਼ਾਰ ਸਾਲ ਪਹਿਲਾਂ ਦੇ ਹਿੰਦੂ ਰੋਕ ਸਕੇ, ਨਾ ਸ਼ਿਵਾ ਜੀ ਮਰਹੱਟਾ, ਨਾ ਗੁਰੂ ਗੋਬਿੰਦ ਸਿੰਘ ਜੀ, ਨਾ ਕਬੀਰ, ਨਾ ਗੁਰੂ ਨਾਨਕ, ਨਾ ਸਵਰਗੀ ਵਿਵੇਕਾ ਨੰਦ ਤੇ ਨਾ ਹੋਰ ਸੰਤ ਮਹਾਤਮਾ।

ਅੱਜ ਦੇ ਹਿੰਦੂਤ੍ਵ ਪੰਥੀ ਇਸ ਬੁਨਿਆਦੀ ਸਵਾਲ ਬਾਰੇ ਸੋਚਣ ਲਈ ਤਿਆਰ ਨਹੀਂ ਹਨ। ਨਤੀਜਾ ਹੈ ਭਾਰਤ ਵਿਚ ਤੇ ਦੋਹਾਂ ਗਵਾਂਢੀ ਦੇਸ਼ਾਂ ਵਿਚ ਇਕ ਸਦੀਵੀ ਅਫਰਾਤਫਰੀ, ਸਦੀਵੀ ਬੇਚੈਨੀ ਤੇ ਸਦੀਵੀ ਮਾਰ ਧਾੜ... ਇਕ ਨਾ ਮੁਕਣ ਵਾਲੀ ਖਾਨਾ ਜੰਗੀ। ਪਰ ਸਵਾਮੀ ਵਿਵੇਕਾ ਨੰਦ ਨੇ ਤੇ ਮਹਾਂਰਿਸ਼ੀ ਅਰਵਿੰਦ ਨੇ ਇਸ ਬਾਰੇ ਸੋਚਿਆ ਵੀ ਤੇ ਉਸ ਦਾ ਹੱਲ ਵੀ ਦਿੱਤਾ ਹੈ।

ਸ੍ਰੀ ਅਰਵਿੰਦ ਦਾ ਕਥਨ ਪਿੱਛੇ ਦਿੱਤਾ ਜਾ ਚੁੱਕਾ ਹੈ ਜਿਸ ਅਨੁਸਾਰ ਭਾਰਤ ਦੇ ਨੱਬੇ ਫੀਸਦੀ ਤੋਂ ਵੱਧ ਮੁਸਲਮਾਨ—ਹਿੰਦੂਆਂ ਦੇ ਵੰਸ਼ਿਜ ਹਨ ਤੇ ਧਰਮਾਂਤਰਨ ਕਰਕੇ ਮੁਸਲਮਾਨ ਬਣੇ ਹਨ। ਬਣੇ ਹਨ ਤਾਂ ਵੀ ਭਾਰਤੀ ਹਨ, ਭਾਰਤ ਰਾਸ਼ਟਰ ਦਾ ਉਸੇ ਤਰ੍ਹਾਂ ਹਿੱਸਾ ਹਨ ਜਿਵੇਂ ਹਿੰਦੂ।

ਸਵਾਮੀ ਵਿਵੇਕਾ ਨੰਦ ਜੀ ਨੇ ਈਸਵੀ ਸੰਨ ੧੮੯੭ ਦੀ ੧੨ ਦਸੰਬਰ ਨੂੰ ਲਾਹੌਰ (ਅੱਜ ਕਲ੍ਹ ਦੇ ਪਾਕਿਸਤਾਨੀ ਪੰਜਾਬ ਦੀ ਰਾਜਧਾਨੀ) ਵਿਚ 'ਵੇਦਾਂਤ ਤੇ ਸਿਧਾਂਤ' ਉੱਪਰ ਭਾਸ਼ਣ ਦਿੰਦਿਆਂ ਆਖਿਆ ਸੀ।

"ਇਸ ਗੱਲ ਨੂੰ ਧਿਆਨ ਨਾਲ ਸਮਝੋ ਕਿ ਮੁਸਲਮਾਨ ਜਦੋਂ ਪਹਿਲਾਂ ਪਹਿਲ ਭਾਰਤ ਵਿਚ ਆਏ ਓਦੋਂ ਭਾਰਤ ਵਿਚ ਹੁਣ ਦੇ ਮੁਕਾਬਲੇ ਕਿੰਨੇ ਜ਼ਿਆਦਾ ਹਿੰਦੂ ਵਸਦੇ ਸਨ। ਅੱਜ ਉਨ੍ਹਾਂ ਦੀ ਗਿਣਤੀ ਕਿੰਨੀ ਘਟ ਗਈ ਹੈ। ਇਸ ਦਾ ਕੋਈ ਪ੍ਰਤੀਕਾਰ ਨਾ ਹੋਣ ਤੇ ਹਿੰਦੂ ਦਿਨੋ ਦਿਨ ਹੋਰ ਵੀ ਘਟਦੇ ਜਾਣਗੇ। ਅੰਤ ਤੇ ਕੋਈ ਹਿੰਦੂ ਨਹੀਂ ਬਚੇਗਾ। ਹਿੰਦੂ ਜਾਤੀ ਦੇ ਖਤਮ ਹੋਣ ਦੇ ਨਾਲ ਹੀ ਨਾਲ, ਇਨ੍ਹਾਂ ਹਿੰਦੂਆਂ ਵਿਚ ਸੌ ਦੋਸ਼ ਹੋਣ ਦੇ ਬਾਵਜੂਦ ਅਜੇ ਵੀ ਇਹ ਜਿਸ ਮਹੱਤਵ ਭਾਵ ਦੇ ਪ੍ਰਤੀਨਿਧੀ ਰੂਪ ਵਿਚ ਮੌਜੂਦ ਹਨ, ਉਹ (ਮਹੱਤਵ ਰੂਪ ਵੀ) ਲੁਪਤ ਹੋ ਜਾਏਗਾ। ਅਤੇ ਹਿੰਦੂਆਂ ਦੇ ਲੋਪ ਹੋ ਜਾਣ ਦੇ ਨਾਲ ਨਾਲ ਹੀ ਸਮਸਤ ਅਧਿਆਤਮ ਗਿਆਨ ਦਾ ਚੂੜਾਮਣੀ ਅਪੂਰਵ ਅਦ੍ਵੈਤ ਤੱਤ੍ਵ ਵੀ ਵਿਲੁਪਤ ਹੋ ਜਾਏਗਾ। ਸੋ ਉੱਠੋ, ਜਾਗੋ, ਦੁਨੀਆਂ ਦੀ ਅਧਿਆਤਮਿਕਤਾ ਦੀ ਰੱਖਿਆ ਕਰਨ ਲਈ ਬਾਹਵਾਂ ਪਸਾਰੋ। ਅਤੇ ਪਹਿਲਾਂ ਆਪਣੇ ਸਵਦੇਸ਼ ਦੇ ਕਲਿਆਣ ਲਈ ਇਸ ਤੱਤ੍ਵ ਨੂੰ ਕਾਰਜ ਰੂਪ ਵਿਚ ਬਦਲੋ। ਇਸ ਤੱਤ੍ਵ ਨੂੰ ਕਾਰਜ ਰੂਪ ਵਿਚ ਬਦਲਣਾ ਜਿੰਨਾ ਜ਼ਰੂਰੀ ਹੈ, ਅਧਿਆਤਮ ਜਗਤ ਵਿਚ ਓਨਾ ਜ਼ਰੂਰੀ ਨਹੀਂ। ਪਹਿਲਾਂ ਅੰਨ ਦੀ ਵਿਵਸਥਾ ਕਰਨੀ ਪਏਗੀ... ਉਸ ਤੋਂ ਬਾਅਦ ਧਰਮ। ਗਰੀਬ ਲੋਕ ਭੁੱਖ ਨਾਲ ਮਰ ਰਹੇ ਨੇ, ਅਸੀਂ ਉਨ੍ਹਾਂ ਨੂੰ ਵੱਧ ਤੋਂ ਵੱਧ ਧਰਮ ਦਾ ਉਪਦੇਸ਼ ਦਿੰਦੇ ਹਾਂ। ਮਤ-ਮਤਾਂਤਰ ਨਾਲ ਤਾਂ ਕਿਸੇ ਦਾ ਢਿੱਡ ਨਹੀਂ ਭਰਦਾ। ਸਾਡਾ ਇਹ ਦੋਸ਼ ਬੜਾ ਹੀ ਪ੍ਰਬਲ ਹੈ—ਪਹਿਲੀ ਗੱਲ, ਸਾਡੀ ਦੁਰਲਬਤਾ, ਦੂਜੀ ਗੱਲ ਹੈ ਘ੍ਰਿਣਾ—ਹਿਰਦੇ ਦੀ ਖੁਸ਼ਕੀ। ਲੱਖਾਂ ਮੱਤਵਾਦ ਦੀਆਂ ਗੱਲਾਂ ਕਰ ਸਕਦੇ ਓ, ਕਰੋੜਾਂ ਸੰਪਰਦਾਵਾਂ ਖੜ੍ਹੀਆਂ ਕਰ ਸਕਦੇ ਓ, ਪਰ ਜਿੰਨਾ ਚਿਰ ਉਨ੍ਹਾਂ ਗਰੀਬਾਂ ਦਾ ਦੁੱਖ ਆਪਣੇ ਪ੍ਰਾਣਾਂ ਵਿਚ ਮਹਿਸੂਸ ਨਹੀਂ ਕਰਦੇ, ਵੇਦ ਦੇ ਉਪਦੇਸ਼ ਅਨੁਸਾਰ ਜਿੰਨਾ ਚਿਰ ਇਹ ਨਹੀਂ ਜਾਣਦੇ ਕਿ ਇਹ (ਗਰੀਬ) ਤੁਹਾਡੇ ਸਰੀਰ ਦਾ ਅੰਸ਼ ਹਨ, ਜਿੰਨਾ ਚਿਰ ਤੁਸੀਂ ਤੇ ਇਹ ਗਰੀਬ-ਅਮੀਰ-ਸਾਧੂ-ਅਸਾਧੂ ਸਭੇ ਉਸ ਅਨੰਤ ਅਖੰਡ ਸਰੂਪ—ਜਿਸ ਨੂੰ ਤੁਸੀਂ ਬ੍ਰਹਮ ਆਖਦੇ ਓ, ਉਸ ਦਾ ਅੰਸ਼ ਨਹੀਂ ਮੰਨਦੇ ; ਓਨਾ ਚਿਰ ਕੁਝ ਨਹੀਂ ਹੋ ਸਕਦਾ।'

*—ਭਾਰਤੇ ਵਿਵੇਕਾ ਨੰਦ (ਬਾਂਗਲਾ) ਪੰਨਾ ੩੪੦*

"ਭਾਰਤ ਦਾ ਭਵਿੱਖ" ਵਿਸ਼ੇ ਉੱਪਰ ਮਦਰਾਸ ਵਿਚ ਸਵਾਮੀ ਵਿਵੇਕਾ ਨੰਦ ਨੇ ਆਪਣੇ ਇਕ ਹੋਰ ਭਾਸ਼ਣ ਵਿੱਚ ਇਸੇ ਮਸਲੇ ਨੂੰ ਹੋਰ ਸਪੱਸ਼ਟਤਾ ਨਾਲ ਪੇਸ਼ ਕਰਦਿਆਂ ਆਖਿਆ ਸੀ—

"ਭਰਾਵੋ! ਵਿਭਿੰਨ ਜਾਤੀਆਂ ਵਿਚ ਵਿਵਾਦ ਦੀ ਲੋੜ ਨਹੀਂ। ਵਿਵਾਦ ਦਾ ਫਲ ਕੀ ਹੋ ਸਕਦਾ ਹੈ ? ਉਹ ਸਾਨੂੰ ਹੋਰ ਵਿਭਕਤ ਕਰੇਗਾ (ਵੰਡੇਗਾ) ।ਏਕਾਧਿਕਾਰ (ਅਜਾਰੇ) ਦੇ ਦਿਨ



Sri Satguru Jagjit Singh Ji eLibrary NamdhariElibrary@gmail.com

ਲੱਦ ਗਏ ਨੇ..ਭਾਰਤ ਵਿਚੋਂ ਤਾਂ ਹਮੇਸ਼ਾ ਲਈ ਹੀ ਲੱਦ ਗਏ ਨੇ। ਅਤੇ ਇਹ ਭਾਰਤ ਵਿਚਲੇ ਅੰਗਰੇਜ਼ ਸ਼ਾਸਨ ਦਾ ਸੁ-ਫਲ ਹੈ। ਮੁਸਲਮਾਨੀ ਸ਼ਾਸਨ ਕਾਲ ਵਿਚ ਵੀ ਇਸ ਇਜਾਰੇ (ਏਕਾਧਿਕਾਰ) ਦੇ ਖਤਮ ਹੋ ਜਾਣ ਦਾ ਜੋ ਸੁਫਲ ਫਲਿਆ ਹੈ, ਉਸ ਲਈ ਅਸੀਂ ਉਨ੍ਹਾਂ ਦੇ ਰਿਣੀ ਹਾਂ। ਉਨ੍ਹਾਂ ਦੇ ਰਾਜ ਵਿਚ ਸਭ ਖਰਾਬ ਹੀ ਖਰਾਬ ਸੀ... ਇਹ ਗੱਲ ਨਹੀਂ। ਜਗਤ ਵਿਚ ਕੋਈ ਵੀ ਚੀਜ਼ ਸੰਪੂਰਨ ਰੂਪ ਵਿਚ ਖਰਾਬ ਨਹੀਂ, ਸੰਪੂਰਨ ਰੂਪ ਵਿਚ ਚੰਗੀ ਵੀ ਨਹੀਂ। ਮੁਸਲਮਾਨਾਂ ਦੀ ਭਾਰਤ ਉੱਪਰ ਜਿੱਤ ਭਾਰਤ ਦੇ ਗ਼ਰੀਬਾਂ ਤੇ ਪਦ ਦਲਿਤਾਂ ਦੇ ਉਧਾਰ ਦਾ ਕਾਰਨ ਬਣੀ ਸੀ। ਗ਼ਰੀਬੀ ਤੇ ਅਵਹੇਲਾ ਕਾਰਨ ਹੀ ਸਾਡਾ ਪੰਜਵਾਂ ਹਿੱਸਾ ਲੋਕ ਮੁਸਲਮਾਨ ਬਣ ਗਏ ਹਨ। ਕੇਵਲ ਤਲਵਾਰ ਦੇ ਜ਼ੋਰ ਨਾਲ ਇਹ ਕੰਮ ਨਹੀਂ ਹੋਇਆ। ਇਹ ਸਮਝਣਾ ਘੋਰ ਪਾਗਲਪਨ ਹੈ ਕਿ ਕੇਵਲ ਤਲਵਾਰ ਤੇ ਅਗਨੀ ਦੇ ਜ਼ੋਰ ਨਾਲ ਇਹ ਕੰਮ ਹੋਇਆ ਸੀ।...

"...ਅਤੇ ਤੁਸੀਂ ਜੇ ਸਾਵਧਾਨ ਨਾ ਹੋਏ, ਤਾਂ ਮਦਰਾਸ ਦੇ ਹਿੰਦੂਆਂ ਦਾ ਪੰਜਵਾਂ ਹਿੱਸਾ, ਬਲਕਿ ਅੱਧੇ ਹਿੰਦੂ ਈਸਾਈ ਬਣ ਜਾਣਗੇ। ਮਾਲਾਬਾਰ ਇਲਾਕੇ ਵਿਚ ਜਿਵੇਂ ਮੇਰੇ ਵੇਖਣ ਵਿਚ ਆਇਆ ਹੈ 'ਪਾਰੀਆ' (ਕੋਈ ਨੀਵੀਂ ਜਾਤ) ਵਿਚਾਰਿਆਂ ਨੂੰ ਉੱਚ ਵਰਨ ਦੇ ਲੋਕਾਂ ਬਰਾਬਰ ਸੜਕ ਉੱਪਰ ਚੱਲਣ ਦੀ ਵੀ ਇਜਾਜ਼ਤ ਨਹੀਂ। ਪਰ ਜਦੋਂ, ਜਿਸ ਛਿਨ ਉਹਨਾਂ ਨੇ ਈਸਾਈ ਬਣ ਕੇ, ਆਪਣਾ ਪਹਿਲਾ ਨਾਮ ਬਦਲ ਕੇ, ਕੋਈ ਵੀ ਅੰਗਰੇਜ਼ੀ ਨਾਮ ਰੱਖ ਲਿਆ, ਜਾਂ ਮੁਸਲਮਾਨ ਬਣ ਕੇ ਮੁਸਲਮਾਨੀ ਨਾਮ ਰੱਖ ਲਿਆ, ਤਾਂ ਫਿਰ ਕੋਈ ਝੰਜਟ ਨਹੀਂ ਰਿਹਾ—ਸਭ ਠੀਕ ਹੋ ਗਿਆ। ਇਹ ਸਭ ਕੁਝ ਵੇਖਕੇ ਕੀ ਇਸ ਸਿਧਾਂਤ ਉੱਪਰ ਪਹੁੰਚਣਾ ਚਾਹੀਦਾ ਹੈ ਕਿ ਮਾਲਾਬਾਰ ਦੇ ਨਿਵਾਸੀ ਸਭ ਪਾਗਲ ਹਨ ? ਉਨ੍ਹਾਂ ਦਾ ਇਕ ਇਕ ਘਰ ਇਕ ਇਕ ਪਾਗਲ ਆਸ਼ਰਮ ਹੈ ? ਅਤੇ ਜਿੰਨਾ ਚਿਰ ਉਹ ਆਪਣੀ ਪ੍ਰਥਾ ਤੇ ਆਚਾਰ-ਵਿਧੀ ਨੂੰ ਸੁਧਾਰਦੇ ਨਹੀਂ। ਓਨਾ ਚਿਰ ਉਹ ਭਾਰਤ ਦੀ ਹਰੇਕ ਜਾਤੀ ਦੀ ਘ੍ਰਿਣਾ ਦੇ ਪਾਤਰ ਬਣੇ ਰਹਿਣਗੇ ? ਇਸ ਤਰ੍ਹਾਂ ਦੀਆਂ ਦੂਸ਼ਿਤ ਤੇ ਪੈਸ਼ਾਇਕ ਪ੍ਰਥਾਵਾਂ ਜੇ ਅਜੇ ਵੀ ਬੇਰੋਕ ਟੋਕ ਰਾਜ ਕਰ ਰਹੀਆਂ ਨੇ, ਤਾਂ ਕੀ ਇਹ ਉਹਨਾਂ ਲਈ ਘੋਰ ਬੇਸ਼ਰਮੀ ਦਾ ਵਿਸ਼ੇ ਨਹੀਂ ਹੈ, ਜਿਹੜੇ ਇਹਨਾਂ ਪ੍ਰਥਾਵਾਂ ਦੇ ਸਿਰ ਤੇ ਰਾਜ ਕਰ ਰਹੇ ਨੇ ? ਜਿੰਨ੍ਹਾਂ ਦੇ ਬੱਚੇ ਭੁੱਖ ਨਾਲ ਮਰ ਰਹੇ ਹੋਣ ਅਤੇ ਧਰਮ ਬਦਲ ਕੇ ਜੇ ਉਨ੍ਹਾਂ ਦਾ ਢਿੱਡ ਭਰਿਆ ਜਾ ਸਕਦਾ ਹੋਵੇ—(ਉਹਨਾਂ ਬਾਰੇ ਸੋਚਕੇ) ਇਹੋ ਗੱਲ ਆਖਣੀ ਪੈਂਦੀ ਹੈ ਕਿ ਵਿਭਿੰਨ ਜਾਤੀਆਂ ਵਿਚਕਾਰ ਦ੍ਵੈਖ-ਦ੍ਵੰਦ ਹੁਣ ਹੋਰ ਰਹਿਣਾ ਉਚਿਤ ਨਹੀਂ ਹੈ।"

*—ਭਾਰਤੇ ਵਿਵੇਕਾ ਨੰਦ (ਬਾਂਗਲਾ) ਪੰਨਾ ੧੬੧-੬੨*

ਸਵਾਮੀ ਵਿਵੇਕਾ ਨੰਦ ਜੀ ਨੇ ਇਸ ਮਸਲੇ ਨੂੰ ਕਰਮ ਫਲ ਦੇ ਫਲਸਫੇ ਦੇ ਹਿਸਾਬ ਨਾਲ ਵੀ ਵਿਚਾਰਿਆ ਹੈ। ਆਪ ਇਕ ਚਿੱਠੀ ਵਿਚ ਲਿਖਦੇ ਹਨ—

"ਕਿੱਥੇ ਕਿਸ ਜੁਗ ਵਿਚ ਧਨੀ ਤੇ ਉੱਚ-ਵਰਗੀ ਸੰਪਰਦਾਇ, ਪੁਰੋਹਿਤ ਤੇ ਧਰਮ ਧੁਜਾ-ਧਾਰੀਆਂ ਨੇ ਦੀਨ-ਦੁਖੀਆਂ ਦੀ ਚਿੰਤਾ ਕੀਤੀ ਹੈ ? ਉਨ੍ਹਾਂ ਉੱਚ ਵਰਗਾ ਦਾ ਜੀਵਨੀ ਸ਼ਕਤੀ ਇਹਨਾਂ ਦੀਨ ਦੁਖੀਆਂ ਦੀ ਮਿੱਝ ਤੋਂ ਹੀ ਹਾਸਿਲ ਹੁੰਦੀ ਰਹੀ ਹੈ।

"ਪਰ ਪ੍ਰਭੂ ਮਹਾਨ ਹੈ। ਜਲਦੀ ਹੋਵੇ ਜਾਂ ਦੇਰ ਨਾਲ, ਇਸ ਅਨਿਆਂ ਦਾ ਠੀਕ ਠੀਕ ਫਲ ਵੀ ਉਨ੍ਹਾਂ ਲਈ ਫਲਿਆ ਹੈ, ਜਿਨ੍ਹਾਂ ਨੇ ਗਰੀਬ ਦ੍ਰਿਦਰਾਂ ਦਾ ਲਹੂ ਪੀਤਾ ਹੈ, ਇਨ੍ਹਾਂ ਦੇ ਕਮਾਏ ਧਨ ਨਾਲ ਆਪ ਤਾਲੀਮ ਹਾਸਿਲ ਕੀਤੀ ਹੈ। ਇਹੋ ਹੀ ਨਹੀਂ, ਜਿਨ੍ਹਾਂ ਵੀ ਤਾਕਤ ਤੇ ਅਮੀਰੀ ਦੇ ਮਹਿਲ ਗਰੀਬਾਂ ਦੇ ਦੁੱਖ-ਦਰਦ ਉੱਪਰ ਹੀ ਉਸਰੇ ਹਨ—ਕਾਲ ਚੱਕਰ ਦੇ ਗੇੜ ਨਾਲ ਉਨ੍ਹਾਂ ਉੱਚ ਵਰਗ ਦੇ ਹੀ ਹਜ਼ਾਰਾਂ ਲੱਖਾਂ ਲੋਕ ਦਾਸ ਰੂਪ ਵਿਚ ਵਿਕੇ ਹਨ ; ਉਨ੍ਹਾਂ ਦੀਆਂ ਔਰਤਾਂ, ਧੀਆਂ ਭੈਣਾਂ ਦੀ ਮਰਿਆਦਾ ਨਸ਼ਟ ਹੋਈ ਹੈ ਤੇ ਧਨ ਦੌਲਤ ਸਾਰੀ ਦੀ ਸਾਰੀ ਲੁੱਟੀ ਪੁੱਟੀ ਗਈ ਹੈ। ਬੀਤੇ ਹਜ਼ਾਰ ਸਾਲਾਂ ਵਿਚ ਇਹੋ ਸਿਲਸਿਲਾ ਲਗਾਤਾਰ ਚੱਲਦਾ ਆ ਰਿਹਾ ਹੈ। ਤੁਸੀਂ ਕੀ ਸੰਮਝਦੇ ਓ ਕਿ ਇਸਦੇ ਪਿੱਛੇ ਕੋਈ ਕਾਰਨ ਨਹੀਂ ?'

"ਭਾਰਤ ਵਰਸ਼ ਦੇ ਗਰੀਬਾਂ ਵਿਚ ਮੁਸਲਮਾਨਾਂ ਦੀ ਗਿਣਤੀ ਏਨੀ ਜ਼ਿਆਦਾ ਕਿਉਂ ਹੈ ?" ਇਹ ਕਹਿਣਾ ਸਰਾਸਰ ਮੂਰਖਤਾ ਹੈ ਕਿ ਤਲਵਾਰ ਦੀ ਮਦਦ ਨਾਲ ਇਨ੍ਹਾਂ ਨੂੰ ਧਰਮ ਬਦਲਣ ਲਈ ਮਜਬੂਰ ਕੀਤਾ ਗਿਆ ਹੈ। ਅਸਲ ਵਿਚ ਪੁਰੋਹਿਤ ਤੇ ਜਾਗੀਰਦਾਰ ਵਰਗ ਦੇ ਹੱਥੋਂ ਛੁਟਕਾਰਾ ਪਾਉਣ ਲਈ ਇਹਨਾਂ ਨੇ ਧਰਮ ਬਦਲਿਆ ਸੀ ਅਤੇ ਏਸੇ ਕਰਕੇ ਬੰਗਾਲ ਵਿਚ ਜਿਥੇ ਜਾਗੀਰਦਾਰਾਂ ਦੀ ਗਿਣਤੀ ਜ਼ਿਆਦਾ ਹੈ, ਉਥੇ ਕਿਸਾਨ ਤਬਕੇ ਵਿਚ ਹਿੰਦੂਆਂ ਨਾਲੋਂ ਮੁਸਲਮਾਨਾਂ ਦੀ ਗਿਣਤੀ ਵੱਧ ਹੈ।

"ਇਹਨਾਂ ਮਜ਼ਲੂਮਾਂ ਤੇ ਲੱਖਾਂ ਦੀ ਗਿਣਤੀ ਵਿਚ ਭੋਇੰ ਡਿੱਗੇ ਨਰ ਨਾਰੀਆਂ ਦੀ ਚਿੰਤਾ ਕੌਣ ਕਰ ਰਿਹਾ ਹੈ ?"

*—ਸਵਾਮੀ ਵਿਵੇਕਾ ਨੰਦ ਦੀ ਪੱਤ੍ਰਾਵਲੀ (ਬਾਂਗਲਾ)*

*ਖੰਡ ਦੂਜਾ, ਪੰਨਾ ੨੧੯*

ਸ੍ਰੀ ਨਚਿਕੇਤਾ ਭਾਰਦਵਾਜ ਨੇ 'ਚਿੰਤਾਨਾਯਕ ਵਿਵੇਕਾ ਨੰਦ' ਗ੍ਰੰਥ ਵਿਚ ਲਿਖਿਆ ਹੈ—"ਨਾ ਸਿਰਫ ਗੁਰੂ (ਸਵਾਮੀ ਰਾਮ ਕ੍ਰਿਸ਼ਨ ਪਰਮਹੰਸ) ਨੇ ਹੀ ਇਸਲਾਮ ਧਰਮ ਦੀ ਸਾਧਨਾ ਕਰਕੇ ਸਿੱਧੀ ਹਾਸਿਲ ਕੀਤੀ ਸੀ, ਸ਼ਿਸ਼ਯ ਵਿਵੇਕਾ ਨੰਦ ਨੇ ਵੀ



Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਦੀ ਸਮਗਰਜਾਤੀ ਸੰਗਠਨ ਦੀ ਕਰਮ ਯੋਜਨਾ ਵਿਚ ਮੁਸਲਮਾਨ ਅਤੇ ਹੋਰ ਹੋਰ ਧਰਮਾਂ ਦੇ ਮੰਨਣ ਵਾਲਿਆਂ ਨੂੰ ਸਮਾਨ ਭਾਵ ਨਾਲ ਅਪਨਾਇਆ ਸੀ। (ਇਸ ਤੋਂ ਇਲਾਵਾ ਇਹ ਗੱਲ ਵੀ ਸੱਚ ਹੈ) ਕਿ ਸਵਾਮੀ ਜੀ ਲਈ 'ਹਿੰਦੂ' ਕੋਈ ਵਿਸ਼ੇਸ਼ ਧਰਮੀ ਸ਼ਬਦ ਨਹੀਂ। ਇਸ ਦੇਸ਼ ਵਿਚ ਪੀੜ੍ਹੀਆਂ ਤੋਂ ਵਸਦੇ ਆ ਰਹੇ ਅਤੇ ਜੀਵਨ ਤੇ ਜਗਤ ਬਾਰੇ ਜਿਨ੍ਹਾਂ ਨੂੰ ਇਕ ਉਦਾਰ ਸਹਿਣਸ਼ੀਲ ਸਾਰਵਜਨਕ ਬੋਧ ਹੈ ਜੋ ਮਾਨਵਤਾ ਦੀ ਉਪਾਸਨਾ ਕਰਦੇ ਨੇ ਓਹੋ ਹੀ ਸਵਾਮੀ ਜੀ ਦੀ ਦ੍ਰਿਸ਼ਟੀ ਵਿਚ ਹਿੰਦੂ ਜਾਂ ਭਾਰਤੀਯ ਹਨ। ਸਵਾਮੀ ਜੀ ਦਾ ਭਾਰਤਵਰਸ਼ ਹਿੰਦੂ-ਮੁਸਲਮਾਨ-ਈਸਾਈ ਸਭਨਾਂ ਦਾ ਸਾਂਝਾ ਦੇਸ਼ ਹੈ। ਸਵਾਮੀ ਜੀ ਦਾ ਨਵ-ਵੇਦਾਂਤ ਸਰਬ ਮਾਨਵਾਂ ਦੇ ਕਲਿਆਣ ਲਈ ਵ੍ਰਤਧਾਰੀ ਹੈ।" ਮੁਹੰਮਦ ਅਸ਼ਰਫ ਹੁਸੈਨ ਨੂੰ ਲਿਖੀ ਸਵਾਮੀ ਵਿਵੇਕਾ ਨੰਦ ਦੀ ਚਿੱਠੀ ਇਸ ਸਿਲਸਿਲੇ ਵਿਚ ਧਿਆਨ ਖਿੱਚਣ ਵਾਲੀ ਹੈ। ਉਸ ਚਿੱਠੀ ਵਿਚ ਸਵਾਮੀ ਜੀ ਨੇ ਲਿਖਿਆ ਹੈ—

"ਕਰਮ ਵਿਚ ਬਦਲਨ ਵਾਲਾ ਵੇਦਾਂਤ (ਪ੍ਰੈਕਟੀਕਲ ਵੇਦਾਂਤਿਜ਼ਮ) ਜੋ ਕਿ ਸਮਗਰ ਮਾਨਵਜਾਤੀ ਨੂੰ ਆਪਣੀ ਆਤਮਾ ਦੇ ਰੂਪ ਵਿਚ ਵੇਖਦਾ ਹੈ ਅਤੇ ਉਸ ਦੇ ਪ੍ਰਤੀ ਉਸੇ ਭਾਵਨਾ ਨਾਲ ਵਿਵਹਾਰ ਕਰਦਾ ਹੈ—ਉਸ ਨੂੰ ਹਿੰਦੂਆਂ ਵਿਚੋਂ ਕਦੇ ਵੀ ਆਮ ਤੌਰ ਤੇ ਪਰਵਾਨਗੀ ਨਹੀਂ ਮਿਲੀ। ਇਸ ਤੋਂ ਉਲਟ...ਜੇ ਕਿਸੇ ਜੁਗ ਵਿਚ ਕਿਸੇ ਧਰਮ ਦੇ ਪੈਰੋਕਾਰ ਰੋਜ਼ਾਨਾ ਜੀਵਨ ਵਿਚ ਖੁਲ੍ਹੇ ਤੌਰ ਤੇ ਇਸ ਸਮਾਨਤਾ ਦੇ ਨੇੜੇ ਪੁੱਜੇ ਹਨ ਤਾਂ ਇਕੋ ਇਕ ਇਸਲਾਮ ਧਰਮਾਵਲੰਬੀ ਹੀ ਇਸ ਗੌਰਵ ਦੇ ਹੱਕਦਾਰ ਬਣੇ ਹਨ। ਮੇਰੀ ਪੱਕੀ ਧਾਰਨਾ ਹੈ ਕਿ ਵੇਦਾਂਤ ਦਾ ਮਤਵਾਦ ਕਿੰਨਾ ਵੀ ਸੂਖਮ ਤੇ ਵਿਸਮਯਜਨਕ ਕਿਉਂ ਨਾ ਹੋਵੇ, ਕਰਮ ਵਿਚ ਢਲੇ ਇਸਲਾਮ ਧਰਮ ਦੀ ਸਹਾਇਤਾ ਤੋਂ ਬਿਨਾਂ ਉਹ ਮਾਨਵ ਸਾਧਾਰਨ (ਆਮ ਆਦਮੀ) ਦੀ ਵੱਡੀ ਗਿਣਤੀ ਲਈ ਸੰਪੂਰਨ ਰੂਪ ਵਿਚ ਨਿਰਰਥਕ ਹੈ। ਸਾਡੀ ਆਪਣੀ ਮਾਤਰੀ ਭੂਮੀ ਲਈ ਹਿੰਦੂ ਤੇ ਇਸਲਾਮ ਧਰਮ ਰੂਪ ਇਨ੍ਹਾਂ ਦੋਹਾਂ ਮਹਾਨ ਮਤਾਂ ਦਾ ਸੁਮੇਲ ਹੀ ਇਕ ਮਾਤਰ ਆਸ਼ਾ ਹੈ। ਮੈਂ ਆਪਣੀਆਂ ਅੰਤਰੀਵ ਅੱਖਾਂ ਨਾਲ ਵੇਖ ਰਿਹਾ ਹਾਂ ਕਿ ਭਵਿੱਖ ਦਾ ਪੂਰਣਾਂਗ ਭਾਰਤ ਵੈਦਾਂਤਿਕ ਮਸਤਿਸਕ (ਦਿਮਾਗ) ਤੇ ਇਸਲਾਮੀ ਦੇਹ ਨੂੰ ਲੈ ਕੇ ਹੀ ਮਹਿਮਾਮਈ ਅਤੇ ਅਪਰਾਜੇਯ ਸ਼ਕਤੀ ਨਾਲ ਜਾਗ ਉਠਿਆ ਹੈ।"

*—ਸਵਾਮੀ ਵਿਵੇਕਾਨੰਦ ਦੀ ਪਤ੍ਰਾਵਲੀ ਦੇ ਦੂਜੇ ਖੰਡ (ਬਾਂਗਲਾ) ਦੇ ਪੰਨਾ ੩੩੭ ਉੱਪਰ ੧੦ ਜੂਨ ੧੮੯੮ ਨੂੰ ਲਿਖੀ ਚਿੱਠੀ ਅਤੇ ਚਿੰਤਾਨਾਯਕ ਵਿਵੇਕਾਨੰਦ (ਬਾਂਗਲਾ) ਗ੍ਰੰਥ ਦੇ ਪੰਨਾ ੬੧੭ ਉੱਪਰ ਸ੍ਰੀ ਨਚਿਕੇਤਾ ਭਾਰਦਵਾਜ ਦੀਆਂ ਲਿਖੀਆਂ ਪਹਿਲੀਆਂ ਸਤਰਾਂ, ਪੰਨਾ ੬੧੭*

ਉਪਰੋਕਤ ਸਾਰੀ ਚਰਚਾ ਦਾ ਸਾਰ ਇਹ ਹੈ ਕਿ ਬਾਹਰਲੇ ਮੁਸਲਿਮ ਹਮਲਾਵਰਾਂ ਦਾ ਜਦੋਂ ਮੁਨਾਸਿਬ ਟਾਕਰਾ ਕਰਨ ਦਾ ਵੇਲਾ ਸੀ, ਓਦੋਂ ਉਹ ਟਾਕਰਾ ਭਾਰਤ ਦੇ ਹਿੰਦੂ ਨੇ ਕੀਤਾ ਨਹੀਂ। ਫਿਰ ਹਮਲਾਵਰ ਹੌਲੀ ਹੌਲੀ ਇਸ ਦੇਸ਼ ਨੂੰ ਹੀ ਆਪਣਾ ਦੇਸ਼ ਮੰਨ ਕੇ ਇਸੇ ਦੇਸ਼ ਦੇ ਹੀ ਹੋ ਕੇ ਰਹਿ ਗਏ ਤੇ ਏਸੇ ਲਈ ਜੀਵੇ ਮਰੇ। ਉਸ ਤੋਂ ਪਹਿਲਾਂ ਦੀ ਯੂਨਾਨੀ, ਸ਼ਕ, ਹੂਣ, ਤੁਰਕ ਆਦਿ ਕਈ ਹਮਲਾਵਰ ਆਏ, ਉਹ ਵੀ ਇਸ ਦੇਸ਼ ਦੇ ਹੀ ਵਸਨੀਕ ਬਣ ਕੇ ਰਹਿ ਗਏ ਸਨ। ਇਹਨਾਂ ਸਭਨਾਂ ਹਮਲਾਵਰਾਂ ਨੇ ਆਪਣੇ ਆਪਣੇ ਪੂਰਬ ਦੇਸ਼ਾਂ ਦੀ ਸਭਿਅਤਾ ਸੰਸਕ੍ਰਿਤੀ ਭਾਰਤ ਵਿਚ ਲਿਆਂਦੀ। ਏਥੋਂ ਦੇ ਲੋਕਾਂ ਨਾਲ ਉਨ੍ਹਾਂ ਸਭਨਾਂ ਨੇ ਪਰਿਵਾਰਕ ਸੰਬੰਧ ਵੀ ਬਣਾਏ। ਸਵਾਮੀ ਵਿਵੇਕਾ ਨੰਦ ਦੇ ਹੀ ਇਕ ਕਥਨ ਅਨੁਸਾਰ ਭਾਰਤ ਵਿਚ ਮੁਗਲ ਸਲਤਨਤ ਨੂੰ ਪੱਕਿਆਂ ਕਰਨ ਵਿਚ ਸਭ ਤੋਂ ਵੱਡਾ ਯੋਗਦਾਨ ਹਿੰਦੂਆਂ ਨੇ ਹੀ ਪਾਇਆ। ਉਨ੍ਹਾਂ ਨੇ ਲਿਖਿਆ ਹੈ—

"ਮੁਗਲਾਂ ਦਾ ਰਾਜ ਕਿਵੇਂ ਸੁਦ੍ਰਿੜ ਹੋਇਆ ? ਕਿਵੇਂ ਪ੍ਰਤਿਸ਼ਠਿਤ ਹੋਇਆ ? ਕਿਸ ਤਰ੍ਹਾਂ ਮਹਾਂਬਲ ਬਣਿਆ ? ਕਿਵੇਂ? ਹਿੰਦੂ ਹੀ ਤਾਂ ਮੁਗਲਾਂ ਦੇ ਸਿੰਘਾਸਣ ਦੀ ਨੀਂਹ ਬਣੇ। ਜਹਾਂਗੀਰ, ਸ਼ਾਹਜਹਾਨ, ਦਾਰਾ ਸ਼ਿਕੋਹ ਇਹਨਾਂ ਸਭਨਾਂ ਦੀਆਂ ਮਾਵਾਂ ਤਾਂ ਹਿੰਦੂ ਹੀ ਸਨ।"

*—ਚਿੰਤਾਨਾਯਕ ਵਿਵੇਕਾਨੰਦ, ਬਾਂਗਲਾ-ਪੰਨਾ ੨੨੮*

ਉਸ ਵੇਲੇ ਦੇ ਹਿੰਦੂਆਂ ਦਾ ਆਚਾਰ ਵਿਵਹਾਰ ਮੁਸਲਮਾਨਾਂ ਨੂੰ ਮਲੇਛ ਤਾਂ ਦਰਸਾਉਂਦਾ ਸੀ, ਉਨ੍ਹਾਂ ਨਾਲ ਘ੍ਰਿਣਾ ਦਾ ਰਿਸ਼ਤਾ ਵੀ ਉਨ੍ਹਾਂ ਹਿੰਦੂਆਂ ਨੇ ਕਦੇ ਨਹੀਂ ਛੱਡਿਆ। ਪਰ ਆਪਣੇ ਆਚਾਰ ਵਿਚਾਰ ਤੇ ਵਿਵਹਾਰ ਨਾਲ ਉਨ੍ਹਾਂ ਨੇ ਵੱਡੀ ਗਿਣਤੀ ਵਿਚ ਭਾਰਤ ਦੇ ਹਿੰਦੂ ਕਰਮਕਾਰਾਂ ਲਈ ਐਸੀਆਂ ਪਰਸਥਿਤੀਆਂ ਪੈਦਾ ਕਰ ਦਿੱਤੀਆਂ ਕਿ ਉਹਨਾਂ ਵਿਚੋਂ ਬਹੁਤਿਆਂ ਨੇ ਆਪਣਾ ਧਰਮ ਬਦਲ ਕੇ ਮੁਸਲਮਾਨ ਬਣਨ ਵਿਚ ਹੀ ਆਪਣੀ ਨਿਜਾਤ ਸਮਝੀ। ਮੁਸਲਿਮ ਹਕੂਮਤ ਤੇ ਉਸ ਦੇ ਉਦਾਰ ਇਸਲਾਮੀ ਰਵੱਈਏ ਨੇ ਇਸ ਭਾਵਨਾ ਨੂੰ ਤਾਕਤ ਦਿੱਤੀ। ਸੋ ਥੋੜ੍ਹੇ ਜਿਹੇ ਆਏ ਹਮਲਾਵਰ ਮੁਕਾਮੀ ਹਿੰਦੂਆਂ ਦਾ ਮੁਸਲਮਾਨੀ ਸਾਥ ਪਾ ਕੇ ਲੱਖਾਂ ਕਰੋੜਾਂ ਬਣ ਗਏ।

ਉਸ ਵੇਲੇ ਵੀ ਹਿੰਦੂ ਨੇ ਅਸਲ ਬਾਤ ਨਹੀਂ ਸਮਝੀ। ਹਾਲਾਂਕਿ ਹਿੰਦੁਸਤਾਨ ਵਿਚ ਸੂਫ਼ੀ ਸੰਤਾਂ, ਸਿੱਖ ਗੁਰੂਆਂ, ਕਬੀਰ ਤੇ ਹੋਰ ਅਨੇਕਾਂ ਸਾਧੂਆਂ ਨੇ ਸਥਿਤੀ ਨੂੰ ਸਮਝ ਕੇ ਇਕ ਸਾਂਝੀ ਸੰਸਕ੍ਰਿਤੀ ਲਈ ਭਰਪੂਰ ਜਤਨ ਕੀਤੇ। ਰਾਮ ਰਹੀਮ, ਕੁਰਾਨ-ਪੁਰਾਣ ਨੂੰ ਇਕੋ ਤੱਤ ਵਿਚ ਪੇਸ਼ ਕੀਤਾ। ਪਰ ਉੱਚ ਹਿੰਦੂ ਨੇ ਮੁਸਲਮਾਨ ਦੇ ਪ੍ਰਤੀ ਅਤੇ ਖਾਸ ਕਰਕੇ ਹਿੰਦੂਓਂ ਮੁਸਲਮਾਨ ਬਣੇ ਆਪਣੇ ਹੀ ਅੰਸ਼ ਦੇ ਪ੍ਰਤੀ ਨਫ਼ਰਤ ਦਾ ਭਾਵ ਲਗਾਤਾਰ ਵਧਾਇਆ ਹੀ



Sri Satguru Jagjit Singh Ji eLibrary NamdhariElibrary@gmail.com

ਵਧਾਇਆ। ਨਤੀਜੇ ਵਜੋਂ ਕੁੜੱਤਣ ਤੇ ਵੱਖਰੇਪਣ ਦੀ ਭਾਵਨਾ ਦੋਹੀਂ ਪਾਸੀਂ ਪ੍ਰਬਲ ਹੁੰਦੀ ਗਈ।

ਏਸੇ ਕੁੜੱਤਣ ਨਫ਼ਰਤ ਤੇ ਵਖਰੇਵੇਂ ਦੀ ਭਾਵਨਾ ਵਿਚੋਂ ਵਖਰੇ ਹੋਣ ਦੀ 'ਪਾਕਿਸਤਾਨ' ਨਾਮ ਦਾ ਦੇਸ਼ ਬਣਾਉਣ ਦੀ ਮੰਗ ਉਠੀ ਜੋ ਭਾਰਤੀ ਹਿੰਦੂ ਦੀ ਨਫ਼ਰਤ ਕਾਰਨ ਦਿਨੋ ਦਿਨ ਪਰਬਲ ਹੁੰਦੀ ਗਈ ਤੇ ਅੰਤ ਨੂੰ ਪਾਕਿਸਤਾਨ ਵਜੂਦ ਵਿਚ ਆ ਗਿਆ।

ਭਾਰਤ ਵਿਚ ਰਹਿ ਗਏ ਮੁਸਲਮਾਨ ਫਿਰ ਉਸੇ ਹਿੰਦੂਤ੍ਵ ਦੀ ਘ੍ਰਿਣਾ ਦਾ ਸ਼ਿਕਾਰ ਹਨ। ਕਦੇ ਨਰਮ ਕਦੇ ਗਰਮ ਸੰਪਰਦਾਈ ਝਗੜੇ ਬੀਤੀ ਅੱਧੀ ਸਦੀ ਤੋਂ ਲਗਾਤਾਰ ਚੱਲ ਰਹੇ ਹਨ। ਉਪਰੋਂ ਪਾਕਿਸਤਾਨ ਨਿੱਤ ਨਵੀਂ ਤਰ੍ਹਾਂ ਦੀ ਜੰਗ ਭਾਰਤ ਨਾਲ ਲੜਦਾ ਆ ਰਿਹਾ ਹੈ।

ਸਵਾਲ ਹੈ ਕਿ ਇਸ ਸੰਪਰਦਾਇਕ ਵਖ਼ਰੇਵੇਂ ਦੀ ਮਾਨਸਿਕਤਾ ਦਾ ਅੰਤ ਕਿੱਥੇ ਹੈ ? ਪਾਕਿਸਤਾਨ ਤੇ ਬੰਗਲਾ ਦੇਸ਼ ਜੇ ਭਾਰਤ ਵਿਚ ਮਿਲਦੇ ਹਨ ਤਾਂ ਕਰੋੜਾਂ ਮੁਸਲਮਾਨ ਹੋਰ ਭਾਰਤ ਦੇ ਹਿੰਦੂ ਦੇ ਸਾਹਮਣੇ ਆਣ ਹਾਜ਼ਰ ਹੁੰਦੇ ਹਨ। ਜੇ ਪਾਕਿਸਤਾਨ ਤੇ ਬੰਗਲਾ ਦੇਸ਼ ਨੂੰ ਜੰਗ ਵਿਚ ਹਰਾ ਦਿੱਤਾ ਜਾਂਦਾ ਹੈ ਤਾਂ ਵੀ ਉਥੋਂ ਦੇ ਮੁਸਲਮਾਨਾਂ ਦੇ ਪੁਰਾਤਨ ਜਨਮ-ਜਨਮਾਂਤਰਾਂ ਦੇ ਹਿੰਦੂ ਸੰਸਕਾਰ ਉਨ੍ਹਾਂ ਨੂੰ ਆਪਣੀ ਮੂਲ ਧਰਤੀ ਭਾਰਤ ਨਾਲ ਚੰਗੇ ਜਾਂ ਮੰਦੇ ਸੰਬੰਧਾਂ ਨੂੰ ਜਾਰੀ ਰੱਖਣ ਲਈ ਉਕਸਾਉਂਦੇ ਰਹਿਣਗੇ ਤੇ ਕੋਈ ਨਾ ਕੋਈ ਕਾਰਵਾਈ ਚਲਦੀ ਰਹੇਗੀ। ਏਧਰ-ਭਾਰਤ ਦੇ ਹਿੰਦੂ ਦੇ ਪੁਰਾਤਨ ਹਿੰਦੂਤ੍ਵ ਵਾਲੇ ਸੰਸਕਾਰ ਅੱਜ ਕਲ੍ਹ ਹੋਰ ਵੀ ਪਰਬਲ ਹੋਏ ਹਨ। ਇਨ੍ਹਾਂ ਨੂੰ ਹਿੰਦੂਤ੍ਵ ਦੀ ਜਿੱਤ ਚਾਹੀਦੀ ਹੈ। ਭਾਰਤ ਦੇ ਅੰਦਰਲੇ ਮੁਸਲਮਾਨ ਉਸ ਜਿੱਤ ਦੇ ਰਾਹ ਵਿਚ ਖਲੋਤੇ ਹਨ। ਏਨੇ ਸਾਰੇ ਮੁਸਲਮਾਨਾਂ ਨੂੰ ਰਾਹ ਵਿਚੋਂ ਹਟਾਉਣ ਵਰਗਾ ਨੁਸਖ਼ਾ ਅੱਜ ਤੱਕ ਦੇ ਦੁਨਿਆਵੀ ਇਤਿਹਾਸ ਵਿਚ ਕਦੇ ਲੱਭਾ ਹੋਵੇ, ਇਸ ਦਾ ਯਕੀਨ ਨਹੀਂ ਹੁੰਦਾ। ਇਹਨਾਂ ਮੁਸਲਮਾਨਾਂ ਨੂੰ ਦੋ ਨੰਬਰ ਦੇ ਸ਼ਹਿਰੀ ਬਣਾ ਕੇ ਵੀ ਬਹੁਤਾ ਚਿਰ ਰੱਖਿਆ ਨਹੀਂ ਜਾ ਸਕਦਾ। ਇਸ ਨਾਲ ਨਵੀਆਂ ਸਮੱਸਿਆਵਾਂ ਜਨਮ ਲੈ ਰਹੀਆਂ ਹਨ। ਇਸ ਹਾਲਤ ਵਿਚ ਫਿਰ ਇਕ ਵਾਰੀ ਸਵਾਮੀ ਵਿਵੇਕਾਨੰਦ ਦੀ ਸ਼ਰਣ ਹੀ ਜਾ ਕੇ ਵੇਖਦੇ ਹਾਂ ਕਿ ਉਹ ਕੀ ਦੱਸਦੇ ਹਨ। ਉਹ ਫੁਰਮਾਉਂਦੇ ਹਨ—

"ਵੇਦ ਵਿਚ 'ਸਿੰਧੂ' ਨਦ (ਦਰਿਆ) 'ਸਿੰਧੂ' 'ਇੰਦੂ' ਦੋਵੇਂ ਨਾਮ ਹੀ ਪਾਏ ਜਾਂਦੇ ਨੇ। ਈਰਾਨੀ (ਪਾਰਸੀ) ਉਸ ਨੂੰ ਹਿੰਦੂ, ਯੂਨਾਨੀਆਂ ਨੇ ਉਸ ਨੂੰ 'ਇੰਡੁਸ' ਬਣਾ ਦਿੱਤਾ। ਉਸੇ ਤੋਂ ਇੰਡੀਆ ਇੰਡੀਅਨ ਬਣ ਗਿਆ। ਮੁਸਲਮਾਨੀ ਧਰਮ ਦੇ ਅਭਿਉਂਦੇ ਨਾਲ ਇਹ 'ਹਿੰਦੂ' ਬਣ ਗਿਆ। ਹਿੰਦੂ ਅਰਥਾਤ ਕਾਲਾ (ਖਰਾਬ), ਜਿਵੇਂ ਅੱਜ ਕਲ੍ਹ 'ਨੇਟਿਵ' ਹੈ।"

'ਜਾਫਨਾ ਵਿਚ ਦਿੱਤੇ ਭਾਸ਼ਣ ਦੌਰਾਨ ਸਵਾਮੀ ਜੀ ਨੇ ਹੋਰ ਸਪੱਸ਼ਟ ਰੂਪ ਵਿਚ ਖੁਲ੍ਹ ਕੇ ਦੱਸਿਆ, 'ਜਿਸ ਹਿੰਦੂ ਨਾਮ ਨਾਲ ਆਪਣਾ ਪ੍ਰੀਚਯ ਦੇਣਾ ਅੱਜਕਲ੍ਹ ਸਾਡੀ ਪ੍ਰਥਾ ਬਣ ਗਈ ਹੈ। ਹੁਣ ਉਸ ਦੀ ਕੋਈ ਸਾਰਥਕਤਾ ਨਹੀਂ ਰਹੀ। ਕਾਰਨ, ਇਸ ਸ਼ਬਦ ਦਾ ਅਰਥ ਹੈ 'ਜਿਹੜੇ ਸਿੰਧੂ ਨਦੀ ਤੋਂ ਪਾਰ ਵਸਦੇ ਸਨ।' ਪਾਰਸੀਆਂ ਦੇ ਵਿਗੜੇ ਉਚਾਰਨ ਕਰਕੇ 'ਸਿੰਧੂ' ਸ਼ਬਦ ਹੀ 'ਹਿੰਦੂ' ਰੂਪ ਵਿਚ ਬਦਲ ਗਿਆ। ਉਹ ਸਿੰਧੂ ਨਦੀ ਦੇ ਪਾਰ ਵਸਣ ਵਾਲੇ ਸਭਨਾਂ ਲੋਕਾਂ ਨੂੰ ਹੀ 'ਹਿੰਦੂ' ਆਖਦੇ ਸਨ। ਇਸ ਤਰ੍ਹਾਂ 'ਹਿੰਦੂ' ਸ਼ਬਦ ਆਪਣੇ ਉੱਪਰ ਵਿਵਹਾਰ ਸ਼ੁਰੂ ਹੋ ਗਿਆ। ....ਵਰਤਮਾਨ ਸਮੇਂ ਵਿਚ ਹੁਣ ਸਿੰਧੂ ਨਦੀ ਦੇ ਇਸ ਪਾਸੇ ਰਹਿਣ ਵਾਲੇ ਸਾਰੇ ਲੋਕ ਪ੍ਰਾਚੀਨ ਕਾਲ ਦੇ ਲੋਕਾਂ ਵਾਂਗ 'ਇਕੋ ਧਰਮ' ਨਹੀਂ ਮੰਨਦੇ। ਸੋ ਇਹ ਸ਼ਬਦ ਹੁਣ ਖਾਲਸ ਹਿੰਦੂ ਅਰਥ ਨਹੀਂ ਦਰਸਾਉਂਦਾ। ਇਸ ਵਿਚੋਂ ਮੁਸਲਮਾਨ ਈਸਾਈ, ਜੈਨ ਅਤੇ ਭਾਰਤ ਦੇ ਹੋਰ ਹੋਰ ਨਿਵਾਸੀਆਂ ਦੀ ਪਛਾਣ ਵੀ ਮਿਲਦੀ ਹੈ।"

*—ਚਿੰਤਾ ਨਾਯਕ ਵਿਵੇਕਾ ਨੰਦ-ਬਾਂਗਲਾ ਪੰਨਾ ੨੨੧*

ਸਵਾਮੀ ਜੀ ਭਾਰਤ ਲਈ 'ਇਕ ਧਰਮ' ਦਾ ਉਪਦੇਸ਼ ਦਿੰਦਿਆਂ ਆਖਦੇ ਹਨ—

"ਹੋਰ ਹੋਰ ਦੇਸ਼ਾਂ ਦੀਆਂ ਸਮੱਸਿਆਵਾਂ ਨਾਲੋਂ ਸਾਡੇ ਇਸ ਦੇਸ਼ ਦੀ ਸਮੱਸਿਆ ਜਟਿਲਤਰ (ਅਤੀ ਉਲਝੀ ਹੋਈ) ਹੈ, ਬਹੁਤ ਵੱਡੀ ਹੈ। ਜਾਤੀ ਦੇ ਅਵਾਂਤਰ (ਹੋਰ ਕਈ) ਵਿਭਾਗ ਹਨ, ਧਰਮ, ਭਾਸ਼ਾ, ਸ਼ਾਸਨ ਪ੍ਰਣਾਲੀ ਇਹ ਸਭ ਮਿਲਾਕੇ ਹੀ ਇਕ ਜਾਤੀ ਤਿਆਰ ਹੋਈ ਹੈ। ਜੇ ਇਕ ਇਕ ਜਾਤੀ ਨਾਲ ਤੁਲਨਾ ਕੀਤੀ ਜਾਵੇ, ਤਾਂ ਵੇਖਣ ਵਿਚ ਆਵੇਗਾ ਅਨਿਆਨਯ ਸਭ (ਹੋਰ ਹੋਰ) ਜ਼ਾਤੀਆਂ ਜਿਸ ਸਾਜ-ਸਾਮਾਨ ਨਾਲ (ਉਪਾਦਾਨ ਨਾਲ) ਗਠਿਤ ਹੋਈਆਂ ਹਨ, ਉਹ ਮੁਕਾਬਲਤਨ ਘੱਟ ਹੈ। ਆਰੀਯ, ਦ੍ਰਾਵਿੜ, ਤਾਤਾਰ, ਤੁਰਕ, ਮੁਗ਼ਲ, ਯੂਰਪੀਯ—ਸੰਸਾਰ ਦੀਆਂ ਸਾਰੀਆਂ ਜਾਤੀਆਂ ਦਾ ਲਹੂ ਸਾਡੇ ਇਸ ਦੇਸ਼ ਵਿਚ ਮੌਜੂਦ ਹੈ। ਏਥੇ ਨਾਨਾ ਭਾਸ਼ਾਵਾਂ ਦਾ ਬੇਮਿਸਾਲ ਸੁਮੇਲ ਹੈ। ਅਤੇ ਆਚਾਰ ਵਿਵਹਾਰ ਵਿਚ ਇਕ ਦੂਜੀ ਸ਼ਾਖਾ ਜਾਤੀ ਵਿਚਕਾਰ ਜੋ ਵਖਰੇਵਾਂ ਹੈ, ਯੂਰਪੀਯ ਅਤੇ ਪੂਰਬੀ ਜਾਤੀਆਂ ਵਿਚ ਵੀ ਓਨਾ ਪ੍ਰਭੇਦ ਨਹੀਂ।'

"ਕੇਵਲ ਸਾਡੀ ਜਾਤੀ ਦਾ ਧਰਮ ਪਵਿੱਤਰ ਤੇ ਇਤਿਹਾਸਿਕ ਹੈ। ਸਾਡਾ ਧਰਮ ਹੀ ਸਾਡੀ ਮਿਲਣ ਭੂਮੀ ਹੈ। ਏਸੇ ਧਰਮ ਦੀ ਨੀਂਹ ਉੱਪਰ ਹੀ ਸਾਨੂੰ ਆਪਣਾ ਜਾਤੀਯ ਜੀਵਨ ਉਸਾਰਨਾ ਪਏਗਾ। ਯੂਰਪ ਵਿਚ ਰਾਜਨੀਤੀ ਹੀ ਜਾਤੀਯ ਏਕਤਾ ਦੀ ਬੁਨਿਆਦ ਹੈ, ਪਰ ਏਸ਼ੀਆ ਵਿਚ ਧਰਮ ਹੀ ਏਕਤਾਂ ਦੀ ਬੁਨਿਆਦ ਜਾਂ ਮੂਲ ਹੈ। ਸੋ ਭਵਿੱਖਤ ਭਾਰਤ ਦੀ ਰਚਨਾ ਵਿਚ ਧਰਮ ਦੀ ਏਕਤਾ ਦੇ ਸਾਧਨ ਦੀ ਅਨੀਵਾਰੀਯ ਰੂਪ ਵਿਚ ਲੋੜ



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਹੈ। ਇਸ ਭਾਰਤ ਭੂਮੀ ਵਿਚ ਪੂਰਬ ਤੋਂ ਪੱਛਮ, ਉੱਤਰ ਤੋਂ ਦੱਖਣ ਸਭ ਥਾਈਂ ਸਭਨਾਂ ਨੂੰ 'ਇਕ ਧਰਮ' ਸਵੀਕਾਰ ਕਰਨਾ ਪਏਗਾ। 'ਇਕ ਧਰਮ'—ਇਹ ਗੱਲ ਮੈਂ ਕਿਸ ਅਰਥ ਵਿਚ ਕਹਿ ਰਿਹਾ ਹਾਂ? ਈਸਾਈ, ਮੁਸਲਮਾਨ ਜਾਂ ਬੋਧ ਲੋਕਾਂ ਵਿਚ ਜਿਸ ਹਿਸਾਬ ਇਕ ਇਕ ਧਰਮ ਮੌਜੂਦ ਹੈ, ਮੈਂ ਉਸ ਹਿਸਾਬ 'ਇਕ ਧਰਮ' ਸ਼ਬਦੀ ਵਰਤੋਂ ਨਹੀਂ ਕਰ ਰਿਹਾ। ਅਸੀਂ ਜਾਣਦੇ ਹਾਂ, ਸਾਡੀਆਂ ਵਿਭਿੰਨ ਸੰਪਰਦਾਵਾਂ ਦੇ ਸਿਧਾਂਤ ਕਿੰਨੇ ਵੀ ਵੱਖ-ਵੱਖ ਪਏ ਹੋਣ, ਤਾਂ ਵੀ ਕੁਝ ਸਿਧਾਂਤ ਅਜਿਹੇ ਵੀ ਹਨ ਜਿਨ੍ਹਾਂ ਉੱਪਰ ਸਾਰੀਆਂ ਸੰਪਰਦਾਵਾਂ ਇਕਮਤ ਹਨ। ਸੋ ਸਾਡੀਆਂ ਸਭ ਸੰਪਰਦਾਵਾਂ ਦੇ ਇਸ ਤਰ੍ਹਾਂ ਦੇ ਕੁਝ ਕੁ ਸਧਾਰਨ ਸਿਧਾਂਤ ਹੈ ਨੇ ਜਿਨ੍ਹਾਂ ਨੂੰ ਸਵੀਕਾਰ ਕਰਨ ਤੋਂ ਬਾਅਦ ਸਾਡੇ ਧਰਮ, ਸਾਡੀਆਂ ਸਾਰੀਆਂ ਸੰਪਰਦਾਵਾਂ ਤੇ ਸਾਡੇ ਸਾਰੇ ਵਿਅਕਤੀਆਂ ਵਲੋਂ ਵਿਭਿੰਨ ਭਾਵਾਂ ਨੂੰ ਮੰਨਣ ਲਈ ਅਤੇ ਆਪਣੀ ਇੱਛਾ ਅਨੁਸਾਰ ਸੋਚਣ, ਚਿੰਤਨ ਕਰਨ, ਅਤੇ ਕੰਮ ਕਰਨ ਦੀ ਸਵਾਧੀਨਤਾ ਦਿੱਤੀ ਜਾਂਦੀ ਹੈ। ਅਸੀਂ ਸਾਰੇ ਹੀ ਇਹ ਜਾਣਦੇ ਹਾਂ, ਘੱਟੋ ਘੱਟ ਸਾਡੇ ਵਿਚੋਂ ਜਿਹੜੇ ਕੁਝ ਚਿੰਤਕ ਹਨ, ਉਹ ਹੀ ਇਹ ਗੱਲ ਜਾਣਦੇ ਨੇ। ਅਸੀਂ ਚਾਹੁੰਦੇ ਹਾਂ ਸਾਡੇ ਧਰਮ ਦੇ ਇਹ ਜੀਵਨ ਪ੍ਰਦ ਸਾਧਾਰਨ ਤੱਤ੍ਹ ਸਮੂਹ ਸਭਨਾਂ ਲਈ, ਇਸ ਦੇਸ਼ ਦੇ ਬਾਲ, ਯੁਵਕ, ਬਿਰਧ, ਇਸਤਰੀ ਪੁਰਸ਼ ਸਭ ਉਸ ਨੂੰ ਜਾਨਣ, ਸਮਝਣ ਤੇ ਆਪਣੇ ਜੀਵਨ ਵਿਚ ਢਾਲਣ ਦੀ ਕੋਸ਼ਿਸ਼ ਕਰਨ। ਸੋ ਇਹੋ ਸਾਡਾ ਪਹਿਲਾ ਕਰਤੱਵਯ ਹੈ।"

*—ਭਾਰਤੇ ਵਿਵੇਕਾਨੰਦ ਬਾਂਗਲਾ ੧੯੩*

ਅੰਤ ਤੇ ਗੁਰੂ ਗੋਬਿੰਦ ਸਿੰਘ ਦੀ ਸ਼ਰਨ ਲੈਂਦੇ ਹਾਂ। ਵੇਖਦੇ ਹਾਂ ਕਿ ਉਹ ਸਾਨੂੰ ਕੀ ਉਪਦੇਸ਼ ਦਿੰਦੇ ਨੇ—

"ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ
ਕੋਈ ਬ੍ਰਹਮਚਾਰੀ ਕੋਊ ਜਤੀ ਅਨਮਾਨਬੋ।
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ
ਮਾਨਸ ਕੀ ਜਾਤ ਸਬੈ ਏਕੋ ਪਹਿਚਾਨਬੋ।
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ
ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ।
ਏਕ ਹੀ ਕੀ ਸੇਵ ਸਭ ਸਭ ਹੀ ਕੋ ਗੁਰਦੇਵ ਏਕ
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ।
... ... ... ... ... ... ... ... ...
ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ।
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋਓ ਪ੍ਰਭਾਓ ਹੈ॥"

*(ਸਮਾਪਤ)*

## ਤਸੱਵਰ ਇਕ ਮਿੱਕ ਰੱਖਣਾ ਖਿਜ਼ਾਵਾਂ ਅਤੇ ਬਹਾਰਾਂ ਦਾ

*—ਕ੍ਰਿਸ਼ਨ ਲਾਲ ਪਰਵਾਨਾ*

ਮਜ਼ਲੂਮ ਦੀ ਰੱਖਿਆ,
ਪਵਿੱਤਰਤਾ ਦੀ ਪੈਰੋਕਾਰ,
ਅਡਿੱਗ ਸੱਚਾਈ ਤੋਂ ਰਹੇ ਜੇ,
ਉਸਦਾ ਨਾਮ ਸ਼ਕਤੀ ਹੈ।

ਕਰੇ ਕਰਮ, ਖਾਵੇ ਹੱਕ ਦਾ,
ਮੰਗੇ ਭਲਾ ਸਭ ਦਾ,
ਡਰੇ ਕਰਨ ਤੋਂ ਵਿਤਕਰਾ,
ਉਸ ਦਾ ਨਾਮ ਭਗਤੀ ਹੈ।

ਹਰ ਜੀਵ ਨਾਲ ਕਰਨੀ ਮੁਹੱਬਤ,
ਡਰਨਾ ਸਦਾ ਸ਼ਰਾਫਤ ਤੋਂ,
ਲੜਨਾ ਵਿਰੁੱਧ ਨਿਰਦੈਤਾ ਦੇ,
ਇਹੀ ਇਕ ਮਾਨਵ ਦੀ ਹਸਤੀ ਹੈ।

ਤਸੱਵਰ ਇਕਮਿਕ ਰੱਖਣਾ,
ਖਿਜ਼ਾਵਾਂ ਅਤੇ ਬਹਾਰਾਂ ਦਾ,
ਸ਼ਿਕਨ ਆਵੇ ਨਾ ਚਿਹਰੇ 'ਤੇ
ਇਹੀ ਇਕ ਮਾਨਵ ਲਈ ਮਸਤੀ ਹੈ।

ਫਰਕ ਮਾਨਵ ਦਾ ਪਸ਼ੂ ਤੋਂ,
ਕੇਵਲ ਇਤਨਾ ਹੈ ਕਿ,
ਉਹ ਸੋਚ ਸਕਦਾ ਹੈ, ਪ੍ਰਗਤੀਵਾਦੀ ਹੈ,
ਨਾ ਸਮਝੇ ਤਾਂ ਉਸ ਦੀ ਗਲਤੀ ਹੈ।

ਕਦਮ ਤੁਰਨ ਬਿਨਾਂ ਬਦ-ਨੀਤੀ ਦੇ ਜੇ,
ਹਰ ਵਿਕਾਸ ਦੇ ਪਥ 'ਤੇ
ਜੇ ਸਮਝਿਆ ਜਾਵੇ ਤਾਂ,
ਇਹ ਇਕ ਅਸਲੀ ਪ੍ਰਗਤੀ ਹੈ।

ਮਰਨਾ ਅਸਲ ਵਿਚ ਨਿ-ਸਵਾਰਥ,
ਹੈ ਆਖਰ ਦੇਸ਼ ਲਈ ਬਣਦਾ,
ਮੁਗਾਲਤਾ ਅਜੇ ਵੀ ਹੈ ਸਾਨੂੰ,
ਤਾਂ ਸਾਡੀ ਇਹ ਬਦ-ਬਖਤੀ ਹੈ।

ਨਾ ਲੈ ਕੇ ਹੀ ਕੁਝ ਆਏ ਹਾਂ,
ਨਾ ਲੈ ਕੇ ਨਾਲ ਜਾਣਾ ਹੈ,
ਦਾਮਨ-ਪਾਕ ਰਹਿ ਮਰਨਾ 'ਪਰਵਾਨੇ'
ਮਨੁੱਖ ਦੀ ਇਹ ਸੱਚੀ ਸਵੈ-ਗਤੀ ਹੈ।



Sri Satguru Jagjit Singh Ji eLibrary NamdhariElibrary@gmail.com

Gram : 'SNIPER' Hello : 431367

*Reputed Manufacturers of :*

**Superior Quality**

**SINGLE BARREL**

&

**DOUBLE BARREL**

**B. L. — 12 BORE**

**GUNS**

**MODERN GUN WORKS**

OPP. INDUSTRIAL ESTATE,
JAMMU CANTT.



Sri Satguru Jagjit Singh Ji eLibrary NamdhariElibrary@gmail.com

# "ਸਭਨਾ ਕਾ ਮਿੱਤ"—ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ



੧੯੪੯ ਦੇ ਸੰਘਰਸ਼ਾਂ ਭਰੇ ਸਾਲ ਵਿਚੋਂ ਗੁਜ਼ਰਦਿਆਂ ਆਖਰ ਪੰਜਾਬੀ ਆਪਣਾ ਖਾਲਸਾ ਰਾਜ ਗੁਆ ਬੈਠੇ। ਅੰਗ੍ਰੇਜ਼ ਹੱਥੋਂ ਹਾਰਨ ਦੇ ਹੋਰ ਕਾਰਨਾਂ ਤੋਂ ਇਲਾਵਾ ਇਕ ਕਾਰਨ ਸਰਦਾਰਾਂ ਰਾਜਿਆਂ ਦੀ ਜ਼ਾਤੀ ਲਾਲਸਾ ਅਤੇ ਪੰਜਾਬੀ ਕੌਮ ਵਿਚ ਫੁੱਟ ਦਾ ਵੀ ਵੱਡਾ ਯੋਗਦਾਨ ਸੀ। ਇਸੇ ਨੂੰ ਪ੍ਰਤੱਖ ਦੇਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ੧੨ ਅਪ੍ਰੈਲ ੧੯੫੭ ਈ. ਨੂੰ ਸ੍ਰੀ ਭੈਣੀ ਸਾਹਿਬ ਤੋਂ ਮੁੜ ਖਾਲਸਾ ਪੰਥ ਨੂੰ ਸੁਰਜੀਤ ਕਰਕੇ ਪਤਿਤ ਹੋਏ ਸਿੰਘਾਂ ਨੂੰ ਮੁੜ 'ਸ਼ੇਰ ਖਾਲਸਾ' ਬਣਾਉਣ ਹਿੱਤ ਅੰਮ੍ਰਿਤ ਦੀ ਦਾਤ ਦੇ ਕੇ 'ਸੰਤ ਖਾਲਸਾ' ਸਾਜਿਆ। ਇਸੇ ਫੁੱਟ ਨੂੰ ਭਾਂਪਦਿਆਂ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਚਲਾਏ 'ਸਿੱਖ-ਇਨਕਲਾਬ' ਨੂੰ ਅੱਗੇ ਤੋਰਦਿਆਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ੧੯੩੪ ਵਿਚ ਸ੍ਰੀ ਭੈਣੀ ਸਾਹਿਬ ਵਿਖੇ 'ਗੁਰੂ ਨਾਨਕ ਨਾਮ ਲੇਵਾ ਸਰਬ ਸੰਪ੍ਰਦਾਇਕ ਕਾਨਫਰੰਸ ਦਾ ਮਹਾਨ ਇਕੱਠ ਕੀਤਾ। ਇਸ ਗੁਰੂ ਨਾਨਕ ਨਾਮ ਲੇਵਾ ਸਰਬ ਸੰਪ੍ਰਦਾਇ ਕਾਨਫਰੰਸ ਵਿਚ ਹਰੇਕ (ਸਿੱਖ) ਧਰਮ ਆਸਥਾ ਵਾਲੇ ਮਨੁੱਖ ਅਤੇ ਸੰਸਥਾ ਨੂੰ ਸ਼ਾਮਲ ਹੋਣ ਲਈ ਸੱਦਾ ਹੀ ਨਹੀਂ ਦਿੱਤਾ ਸਗੋਂ ਨਿੱਜੀ ਸੰਦੇਸ਼ ਭੇਜ ਕੇ ਸ਼ਾਮਲ ਹੋਣ ਲਈ ਪ੍ਰੇਰਿਆ ਸੀ। ੧੩ ਅਕਤੂਬਰ ੧੯੩੪ ਵਾਲੇ ਦਿਨ ਸ੍ਰੀ ਭੈਣੀ ਸਾਹਿਬ ਦੇ ਆਂਗਨ ਨੇ ਨਵ-ਵਿਆਹੀ ਦੁਲਹਨ ਦੇ ਖਿੜੇ ਚਿਹਰੇ ਵਾਂਗ ਬਾਹਾਂ ਉਲਾਰ ਹਰ ਸਜਨ ਨੂੰ ਜੀਅ ਆਇਆਂ ਆਖਿਆਂ। ਸ੍ਰੀ ਭੈਣੀ ਦੀ ਪਵਿੱਤਰ ਧਰਤੀ ਸ਼ਾਮਿਨਿਆਂ ਦਾ ਇਕ ਨਗਰ ਬਣ ਗਈ ਸੀ। ਇਸ ਮਹਾਨ ਸਮਾਗਮ ਦੇ ਆਯੋਜਨ ਵਿਚ ਸ. ਆਤਮਾ ਸਿੰਘ ਰਾਵਲਪਿੰਡੀ ਵਾਲਿਆਂ ਬਹੁਤ ਯੋਗਦਾਨ ਪਾਇਆ, ਪ੍ਰੰਤੂ ਪ੍ਰਧਾਨਗੀ ਉਨ੍ਹਾਂ ਭਾਈ ਸਾਹਿਬ ਭਾਈ ਅਰਜਨ ਸਿੰਘ ਬਾਗੜੀਆ ਜੀ ਨੂੰ ਦਿੱਤੀ। ਇਸ ਸਮਾਗਮ ਵਿਚ ਸ਼ਾਮਲ ਹੋਣ ਲਈ ਸਰ ਸੁੰਦਰ ਸਿੰਘ ਮਜੀਠੀਆ, ਭਾਈ ਕਾਹਨ ਸਿੰਘ ਨਾਭਾ, ਭਾਈ ਜੋਧ ਸਿੰਘ, ਪ੍ਰੋ. ਤੇਜਾ ਸਿੰਘ, ਪ੍ਰੋ. ਗੰਗਾ ਸਿੰਘ ਅਤੇ ਗਿਆਨੀ ਸ਼ੇਰ ਸਿੰਘ ਆਦਿ ਉਚੇਚੇ ਤੌਰ ਤੇ ਪਹੁੰਚੇ। ਇਨ੍ਹਾਂ ਦਾ ਨਿੱਘਾ ਸੁਆਗਤ ਕੀਤਾ ਗਿਆ।

ਸਿੰਘ ਸਭਾਈ ਵਿਚਾਰਾਂ ਦੇ ਪ੍ਰਤੀਨਿਧ, ਨਿਰਮਲ ਮਹਾਂ ਮੰਡਲ, ਉਦਾਸੀਨ ਮਹਾਂ ਮੰਡਲ, ਦੋਵੇਂ ਅਕਾਲੀ ਦਲ, ਚੀਫ ਖਾਲਸਾ ਦੀਵਾਨ, ਬੁਢਾ ਦਲ, ਨਿਹੰਗ ਸਿੰਘ, ਸੇਵਾ ਪੰਥੀ, ਅੱਡਣ ਸ਼ਾਹੀ ਆਦਿ, ਅਰਥਾਤ ਗੁਰੂ ਨਾਨਕ ਨਾਮ ਲੇਵਾ ਫੁਲਵਾੜੀ ਦਾ ਹਰ ਮਹਿਕਦਾ ਟਹਿਕਦਾ ਫੁੱਲ-ਮੱਤ ਅਵਲੰਬੀ ਸਾਰੀਆਂ ਸੰਪ੍ਰਦਾਵਾਂ ਦੇ ਮੁਖੀ ਸਜਣ ਇਸ ਸਮਾਗਮ ਦੇ ਪੰਡਾਲ ਦੀ ਸ਼ੋਭਾ ਵਧਾ ਰਹੇ ਸਨ। ਪ੍ਰਧਾਨ, ਸਰਦਾਰ ਅਰਜਨ ਸਿੰਘ ਬਾਗੜੀਆ ਨੂੰ ਇਕ ਜਲੂਸ ਦੀ ਸ਼ਕਲ ਵਿਚ ਪੰਡਾਲ ਵਿਚ ਲਿਆਂਦਾ ਗਿਆ। ਜਲੂਸ ਦੇ ਅੱਗੇ ਨਾਮਧਾਰੀ ਸਿੰਘਾਂ ਦਾ ਜਥਾ, ਉਸ ਤੋਂ ਪਿੱਛੇ ਅਕਾਲੀ ਸਿੰਘ, ਨਿਹੰਗ ਸਿੰਘ ਅਤੇ ਨਿਰਮਲੇ ਸਿੱਖਾਂ ਦੇ ਜਥੇ ਇਸ ਜਲੂਸ ਦੀ ਸ਼ਾਨ ਵਧਾ ਰਹੇ ਸਨ। ਸਰਦਾਰ ਆਤਮਾ ਸਿੰਘ ਰਾਵਲਪਿੰਡੀ ਦੀ ਸੁਯੋਗ ਅਗਵਾਈ ਹੇਠ ਸਮਾਗਮ ਦੇ ਸੇਵਕ ਬਹੁਤ ਹੀ ਸੁਚੱਜੇ ਢੰਗ ਨਾਲ ਜਲੂਸ ਅਤੇ ਸਾਰੇ ਸਮਾਗਮ ਪੰਡਾਲ ਦੀ ਪੂਰੇ ਜਬਤ ਨਾਲ ਸ਼ਾਨ ਵਧਾ ਰਹੇ ਸਨ। ਇਸ ਜਲੂਸ ਦੇ ਪੰਡਾਲ ਵਿਚ ਪਹੁੰਚਦਿਆਂ, ਸੰਤ ਇੰਦਰ ਸਿੰਘ ਚੱਕਰਵਰਤੀ ਨੇ ਇਸ ਸਮਾਗਮ ਦੀ ਮਹੱਤਤਾ ਅਤੇ ਇਸ ਦੇ ਉਦੇਸ਼ਾਂ ਦਾ ਉਲੇਖ ਕੀਤਾ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦੂਰ-ਦਰਸ਼ਤਾ ਅਤੇ ਵਿਸ਼ਾਲਤਾ ਅਗੇ ਅੰਗਰੇਜ਼ੀ ਸਾਮਰਾਜ ਦੀ ਗਲਤ ਨੀਤੀ 'ਪਾੜੋ ਤੇ ਰਾਜ ਕਰੋ' ਇਕ ਵਾਰ ਤਾਂ ਬੱਦਲ ਬਣ ਕੇ ਉੱਡ ਗਈ ਸੀ। ਇਸ ਕਾਨਫਰੰਸ ਵਿਚ ਰਾਧਾ ਸਵਾਮੀ ਮਹਾਰਾਜ ਸਾਵਣ ਸਿੰਘ ਜੀ ਉਚੇਚੇ ਤੌਰ 'ਤੇ ਸ਼ਾਮਲ ਹੋਏ ਸਨ, ਬੁਢਾਪੇ ਵਿਚ ਵੀ ਆਪ ਜੀ ਦੇ ਨੂਰਾਨੀ ਚਿਹਰੇ ਉੱਪਰ ਸਮਾਗਮ ਦੀ ਸਫਲਤਾ ਅਤੇ ਸਮਾਗਮ ਦੀ ਵਿਸ਼ੇਸ਼ ਪ੍ਰਾਪਤੀਆਂ ਦਾ ਅਲੌਕਿਕ ਜਲਾਲ ਸੀ।

"ਜਿਤੁ ਦੁਆਰੇ ਉਬਰੈ ਤਿਤੈ ਲੇਹੁ ਉਬਾਰਿ" ਦੇ ਸਮਰਥਕ ਸਰਬ ਸਮਰਥ ਸਤਿਗੁਰੂ ਜੀ ਨੇ ਬੜੀ ਫ਼ਰਾਖਦਿਲੀ ਨਾਲ ਕਾਨਫਰੰਸ ਦੇ ਅਰੰਭ ਵਿਚ ਦਸਾਂ ਪਾਤਸ਼ਾਹੀਆਂ ਦੀ ਅਰਦਾਸ ਨੂੰ ਪਰਵਾਨਿਆਂ ਅਤੇ ਹੰਸੂ ਹੰਸੂ ਕਰਦੇ ਫਰਮਾਇਆ—"ਉਹ ਦਸੇ ਸਤਿਗੁਰੂ ਵੀ ਤਾਂ ਸਾਡੇ ਹੀ ਹਨ, ਉਨ੍ਹਾਂ ਨੂੰ ਮਿਲਾ ਕੇ ਹੀ ਸਾਡੇ ਬਾਰਾਂ ਬਣਦੇ ਹਨ।" ਕਾਨਫਰੰਸ ਪੂਰੇ ਜੋਬਨ ਤੇ ਵੇਖ ਹਜ਼ੂਰ ਜੀ ਦੇ ਮਨ ਵਿਚ ਮਣਾਂ ਮੂੰਹੀਂ ਚਾਅ ਚੜ੍ਹ ਰਿਹਾ ਸੀ ਤੇ ਅੱਝਲਵੀਂ ਖੁਸ਼ੀ ਆਪਣੇ ਆਪ ਡੁਲ੍ਹ ਡੁਲ੍ਹ ਪੈ ਰਹੀ ਸੀ। ਇਸੇ ਨੂੰ ਦੇਖ 'ਮਿਲਾਪ' ਅਖਬਾਰ ਦੇ ਸੰਪਾਦਕ ਸ੍ਰੀ ਰਣਬੀਰ ਜੀ ਨੇ ਕਿਹਾ



Sri Satguru Jagjit Singh Ji eLibrary NamdhariElibrary@gmail.com

ਸੀ, "ਸਤਿਗੁਰੂ ਜੀ ਦੇ ਚਿਹਰੇ ਦਾ ਜਲਾਲ ਦੇਖ ਮੈਂ ਦੰਗ ਰਹਿ ਗਿਆ ਸ੍ਰੀ ਸਤਿਗੁਰੂ ਕੀ ਹੈ ? ਪ੍ਰੰਤੂ ਜਦੋਂ ਮੈਂ ਭੈਣੀ ਸਾਹਿਬ ਦਾ ਨਜ਼ਾਰਾ ਦੇਖਿਆ, ਤਦ ਤੋਂ ਮੈਂ ਜਾਣਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਵਿਚ ਜੋ ਮਿੱਠਤ ਹੈ, ਕਸ਼ਿਸ਼ ਹੈ ਅਤੇ ਮਧੁਰਤਾ ਦੀ ਪੂਰਤੀ ਇਹ ਅਨੂਪਮ ਭਗਤੀ, ਅਨੂਪਮ ਤਿਆਗ, ਅਨੂਪਮ ਪਿਆਰ ਪ੍ਰਭੂ ਲਈ, ਤਿਆਗ ਆਪਣੇ ਵਾਸਤੇ ਅਤੇ ਪਿਆਰ ਸਭ ਦੇ ਲਈ।"

"ਹਿੰਦੂ ਸਿੱਖ ਏਕਤਾ ਦਾ ਜਜ਼ਬਾ ਉਹਨਾਂ ਅੰਦਰੋਂ ਫੁੱਟ-ਫੁੱਟ ਨਿਕਲਦਾ ਸੀ ਅਤੇ ਉਹ ਫਿਰਕੂ ਖਿਚੋਤਾਣ ਤੋਂ ਬੜੇ ਦੁਖੀ ਸਨ। ਇਹ ਸਾਰੇ ਵਿਚਾਰ ਮੇਰੀ ਉਨ੍ਹਾਂ ਦੀ ਸਾਂਝ (ਅਤੇ ਨਾਨਕ-ਨਾਮ ਸੇਵਾ ਪੰਥੀਆਂ ਦੀ ਸਾਂਝ) ਵਿਚ ਹੋਰ ਅਤੁੱਟ ਪਕਿਆਈ ਲਿਆ ਰਹੇ ਸਨ।" ਇਹ ਸ਼ਬਦ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੇ ਹਨ। ਉਹ ਅਗੇ ਚੱਲ ਕੇ ਲਿਖਦੇ ਹਨ, "ਸਤਿਗੁਰੂ ਪ੍ਰਤਾਪ ਸਿੰਘ ਇਕ ਧਾਰਮਿਕ ਆਗੂ ਹੀ ਨਹੀਂ ਸਨ, ਉਨ੍ਹਾਂ ਨੂੰ ਕੇਵਲ ਮੁਲਕ ਦੀ ਸਿਆਸੀ ਤੇ ਸਮਾਜਿਕ ਤਰੱਕੀ ਦੀ ਖਾਹਿਸ਼ ਹੀ ਨਹੀਂ ਸੀ ਸਗੋਂ ਉਹ ਸ਼ਖ਼ਸੀ ਤੇ ਰਾਜਨੀਤਿਕ ਆਜ਼ਾਦੀ ਲਈ ਜੱਦੋ ਜਹਿਦ ਦੇ ਜ਼ਹਾਦ ਵਿਚ ਸਭ ਤੋਂ ਅੱਗੇ ਹੁੰਦੇ ਸਨ। ਉਨ੍ਹਾਂ ਪਾਸੋਂ ਸੈਂਕੜੇ ਪ੍ਰਾਣੀਆਂ ਨੇ ਪ੍ਰੇਰਣਾ ਲੈ ਕੇ ਆਜ਼ਾਦੀ ਦੇ ਜਹਾਦ ਵਿਚ ਆਪਣਾ ਸੁਯੋਗ ਯੋਗਦਾਨ ਪਾਇਆ।"

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕੀਤਾ ਕਰਦੇ— "ਮੇਰਾ ਜੀਅ ਕਰਦਾ ਹੈ, ਦੁਨੀਆਂ ਦਾ ਜੋ ਕੁਝ ਚੰਗਾ ਹੈ ਉਹ ਨਾਮਧਾਰੀਆਂ ਪਾਸ ਹੋਵੇ। ਚੰਗੇ ਲੱਛਣ, ਵਧੀਆ ਗੁਣ, ਰਜਵੀਂ ਮਾਇਆ, ਨਿਸ਼ਕਾਮ ਭਾਵਨਾ ਅਤੇ ਮਹਾਨ ਸਾਤਵਿਕਤਾ ਹਰੇਕ ਨਾਮਧਾਰੀ ਸਿੱਖ ਦਾ ਸ਼ਿੰਗਾਰ ਹੋਵੇ।"

**ਇਸ ਕਾਨਫਰੰਸ ਵਿਚ ਹੋਰ ਮਤਿਆਂ ਤੋਂ ਇਲਾਵਾ ਇਕ ਪ੍ਰਮੁੱਖ ਮੱਤਾ ਸਰਬ ਸੰਮਤੀ ਨਾਲ ਪਾਸ ਹੋਇਆ ਕਿ, "ਗੁਰੂ ਨਾਨਕ ਸਾਹਿਬ ਤੇ ਉਨ੍ਹਾਂ ਦੇ ਜਾਨਸ਼ੀਨਾਂ ਨੂੰ ਮੰਨਣ ਵਾਲੀਆਂ ਸਭ ਸੰਪ੍ਰਦਾਵਾਂ ਆਪਣੇ ਅਸੂਲਾਂ ਦਾ ਪ੍ਰੇਮ ਪਿਆਰ ਅਤੇ ਵਿਦਵਤਾ ਸਹਿਤ ਮੰਡਨ ਰੂਪ ਵਿਚ ਪ੍ਰਚਾਰ ਕਰਨ ਅਤੇ ਇਕ ਦੂਜੇ ਦੇ ਸਿਧਾਂਤਾਂ ਤੇ ਵਿਚਾਰਾਂ ਨੂੰ ਖੰਡਨ ਕਰਨ ਦੀ ਪਰਪਾਟੀ ਬੰਦ ਕਰ ਦਿੱਤੀ ਜਾਵੇ।"**

ਇਸ ਅਦੁੱਤੀ ਤੇ ਨਿਰਾਲੀ ਕਾਨਫਰੰਸ ਦੇ ਪ੍ਰਧਾਨ, ਭਾਈ ਸਾਹਿਬ ਬਾਗੜੀਆਂ, ਨੇ ਇਸ ਦਾ ਮਨੋਰਥ ਸਪੱਸ਼ਟ ਕਰਦਿਆਂ ਦੱਸਿਆ ਕਿ "ਇਸ ਕਾਨਫਰੰਸ ਦਾ ਮਨੋਰਥ ਉਨ੍ਹਾਂ ਸ੍ਰੀ ਗੁਰੂ ਨਾਨਕ ਪੰਥੀ ਸਾਰੀਆਂ ਸੰਪ੍ਰਦਾਵਾਂ ਵਿਚ ਪ੍ਰਸਪਰ ਪ੍ਰੇਮ ਪਿਆਰ ਤੇ ਏਕਤਾ ਪੈਦਾ ਕਰਨਾ ਹੈ, ਜਿਨ੍ਹਾਂ ਦੇ ਵਿਸ਼ਵਾਸ ਦੀ ਨੀਂਹ ਸਤਿਗੁਰਾਂ ਦੀ ਉਚਾਰੀ ਬਾਣੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਵਿਚ ਵਿਦਮਾਨ ਹੈ।"

ਕਾਨਫਰੰਸ ਦੇ ਅੰਤ ਵਿਚ ਸਰ ਸੁੰਦਰ ਸਿੰਘ ਜੀ ਮਜੀਠੀਆ ਨੇ ਫਰਮਾਇਆ ਕਿ "ਮੈਨੂੰ ਆਸ ਹੈ ਕਿ ਸ੍ਰੀ ਮਹਾਰਾਜ ਪ੍ਰਤਾਪ ਸਿੰਘ ਜੀ ਨੇ ਜਿਵੇਂ ਸਾਨੂੰ ਮਾਲਾ ਦੇ ਮਣਕਿਆਂ ਵਾਂਗ ਇਕ ਲੜੀ ਵਿਚ ਪਰੋਣ ਦਾ ਉੱਦਮ ਕੀਤਾ ਹੈ, ਅਸੀਂ ਉਸੇ ਤਰ੍ਹਾਂ ਪਰੁਚ ਕੇ ਆਪਣੇ ਫਰਜ਼ ਦਾ ਪਾਲਣ ਕਰਾਂਗੇ।"

ਇਸ ਕਾਨਫਰੰਸ ਦੇ ਅਨੂਪਮ ਨਜ਼ਾਰੇ ਤੋਂ ਪ੍ਰਭਾਵਿਤ ਹੋ ਕੇ ਸਰਦਾਰ ਗੁਰਬਖਸ਼ ਸਿੰਘ ਪ੍ਰੀਤਲੜੀ ਵਾਲਿਆਂ ਨੇ ਲਿਖਿਆ ਕਿ "ਇਸ ਦੇ ਉਪਰੰਤ ਵਿਚ ਪੁਸ਼ਪ ਹਾਰ ਦੀ ਹੋਂਦ ਤੇ ਸ਼ੋਭਾ ਮਹਾਰਾਜਾ ਪ੍ਰਤਾਪ ਸਿੰਘ ਜੀ ਦੀ ਨਿਰਮਾਣਤਾ, ਸਾਫ ਦਿਲੀ, ਡੁੱਲ੍ਹਦੇ ਪਿਆਰ, ਸੁੱਚੀ ਨੀਅਤ ਤੇ ਖੇੜੂ ਸੁਭਾ ਦਾ ਸਿੱਟਾ ਹੈ। ਕੀ ਅਕਾਲੀ ਅਤੇ ਕੀ ਚੀਫ ਖਾਲਸਾ ਦੀਵਾਨ ਤੇ ਕੀ ਹੋਰ ਸਾਰੇ, ਇਸ ਜਾਦੂ ਅਸਰੀ ਨਾਲ ਮੋਹਿਤ ਮਲੂਮ ਹੁੰਦੇ ਸਨ। ਬਿਨਾਂ ਸੰਕੋਚ ਤੋਂ ਮਹਾਰਾਜ ਦਾ ਸ਼ਬਦ ਵਰਤਿਆ ਜਾਂਦਾ ਸੀ ਤੇ ਚਰਨੀਂ ਹੱਥ ਲਾਏ ਜਾਂਦੇ ਸਨ। ਜਿਨ੍ਹਾਂ ਨੇ ਕਦੇ ਕਿਸੇ ਦੇ ਪੈਰੀਂ ਹੱਥ ਨਹੀਂ ਲਾਇਆ, ਉਨ੍ਹਾਂ ਨੂੰ ਵੀ ਮੈਂ ਮਹਾਰਾਜ ਪ੍ਰਤਾਪ ਸਿੰਘ ਜੀ ਦੇ ਚਰਨ ਛੋਂਹਦਿਆਂ ਵੇਖਿਆ ਹੈ।"

ਅਖ਼ਬਾਰ 'ਸੁਤੰਤਰ' ਦਾ ਬਿਆਨ ਸੀ ਕਿ "ਸ੍ਰੀ ਮਹਾਰਾਜ ਬਾਬਾ ਪ੍ਰਤਾਪ ਸਿੰਘ ਸਾਹਿਬ ਵਿਚ ਜੋ ਪੰਥਕ ਦਰਦ ਮੌਜੂਦ ਹੈ ਤੇ ਜਿਵੇਂ ਉਨ੍ਹਾਂ ਦੀ ਮਹਾਨ ਉੱਚ ਹਸਤੀ ਆਪਣੇ ਵਿਚ ਮਿਲਾਪ ਦੀ ਕਾਬਲੀਅਤ ਰੱਖਦੀ ਹੈ, ਜਿਵੇਂ ਉਹ ਆਪ ਕਹਿਣੀ ਦੀ ਥਾਂ 'ਕਰਨੀ' ਦੇ ਕਾਇਲ ਹਨ, ਜਿਵੇਂ ਉਨ੍ਹਾਂ ਵਿਚ 'ਗਰੀਬੀ ਗਦਾ ਹਮਾਰੀ' ਦੇ ਵਾਕ ਅਨੁਸਾਰ ਨਿਰਮਾਣਤਾ, ਨਿਰਛਲਤਾ, ਸਾਫ ਦਿਲੀ, ਸੱਚਾਈ, ਸਫਾਈ, ਨਿਰਭੈਤਾ, ਭਰੱਪਣ ਤੇ ਪਿਆਰ ਦੀ ਕਣੀ, ਖਿੜੇ ਮਸਤਕ ਬਚਨ ਕਰਨ ਦੀ ਜੁਗਤੀ, ਨੇਕ ਨੀਅਤੀ, ਕਠੋਰ ਹਿਰਦਿਆਂ ਨੂੰ ਰੁੱਗ ਭਰਨ ਵਾਲੀ ਕਥਨੀ, ਜਿਨ੍ਹੇ ਕਦੇ ਭੁੱਲ ਕੇ ਵੀ ਚਰਨੀਂ ਹੱਥ ਨਹੀਂ ਸੀ ਲਾਇਆ, ਉਹ ਵੀ ਭੱਜ ਭੱਜ ਜਬਰਨ ਵਰਜਦਿਆਂ ਚਰਨ ਕੰਵਲਾਂ ਨੂੰ 'ਛੋਹਣਾ' ਆਪਣਾ ਗੁਰ ਸਿੱਖੀ ਕਰਤੱਵ ਸਮਝਦੇ ਸਨ।"

'ਅਕਾਸ਼ਬਾਣੀ' ਪੱਤਰ ਰਾਹੀਂ ਸ੍ਰੀ ਅਵਤਾਰ ਸਿੰਘ ਆਜ਼ਾਦ ਨੇ ਆਪਣੇ ਮਨੋ-ਭਾਵ ਪ੍ਰਗਟ ਕਰਦਿਆਂ ਲਿਖਿਆ ਕਿ "ਕਾਨਫਰੰਸ ਦੀ ਸਫਲਤਾ ਵੇਖ ਕੇ ਸਾਨੂੰ ਪਤਾ ਲੱਗਾ ਹੈ ਕਿ ਇਕ ਨਿਰਮਾਣ, ਭਜਨ ਮੂਰਤ, ਸਾਈਂ ਨਾਲ ਜੁੜੇ ਮਹਾਂ ਪੁਰਖ ਦੀ ਉੱਚੀ ਵਿਅਕਤੀ ਆਪਣੇ ਅੰਦਰ ਕੀ ਖਿੱਚ ਰੱਖਦੀ ਹੈ। ਸ੍ਰੀ ਹਜ਼ੂਰ ਮਹਾਰਾਜ ਪ੍ਰਤਾਪ ਸਿੰਘ ਜੀ ਦੇ ਪਿਆਰ ਨੇ ਸਾਰੇ ਸਿੱਖੀ ਮੰਡਲ ਵਿਚ ਹੀ ਪਿਆਰ ਤਰੌਂਕਾ ਲਾ ਦਿੱਤਾ ਅਤੇ ਕਾਨਫਰੰਸ ਵਿਚ ਹਾਜ਼ਰ ਹੋਣ ਵਾਲਾ ਕੋਈ ਸੱਜਣ ਵੀ ਇਨਕਾਰ ਨਹੀਂ ਕਰ ਸਕਦਾ ਕਿ ਇਸ ਉੱਦਮ ਦੀ ਸਫਲਤਾ ਵਿਚ ਵਧੇਰੇ ਹਿੱਸਾ ਸ੍ਰੀ ਮਹਾਰਾਜ ਜੀ ਦਾ ਉੱਚਾ ਤੇ ਸੁੱਚਾ ਜੀਵਨ ਅਤੇ ਉਸ ਦੇ ਪੈਰੋਂ ਪੈਦਾ ਹੋਇਆ ਉਹ ਅਟੁੱਟ ਪ੍ਰੇਮ ਹੈ ਕਿ ਜਿਸ ਦੀ ਝਲਕ ਨੇ ਸਾਰੀਆਂ ਸਿੱਖ ਸੰਪ੍ਰਦਾਵਾਂ ਨੂੰ ਮੋਹ ਲਿਆ।"

ਇਹ ਕਾਨਫਰੰਸ ਨਿਰਵਿਘਨ ਸਮਾਪਤ ਹੋਈ ਅਤੇ ਪ੍ਰਤਿਸ਼ਟ ਸੱਜਣਾਂ ਨੂੰ ਆਦਰ ਸਨਮਾਨ ਨਾਲ ਸਿਰੋਪਾ ਦੇ ਕੇ



Sri Satguru Jagjit Singh Ji eLibrary NamdhariElibrary@gmail.com

ਵਿਦਾ ਕੀਤਾ ਗਿਆ ਤੇ ਇੰਜ ਮੇਰੇ ਮਹਿਬੂਬ ਸ਼ਹਿਨਸ਼ਾਹ ਨੇ ਸਾਰੀ ਲੋਕਾਈ ਦੇ ਮਨਾਂ ਦੀ ਬੰਜਰ ਹੋ ਚੱਲੀ ਧਰਤੀ ਵਿਚ ਪਿਆਰ ਭਰੱਪਣ ਦਾ ਬੀ ਕੇਰਿਆ।

ਇਸ ਕਾਨਫਰੰਸ ਵਿਚ ਸ਼ਾਮਲ ਹੋਇਆ ਹਰ ਸੱਜਣ ਗੁਰਬਾਣੀ ਸ਼ੁੱਧ ਪੜ੍ਹਨ, ਗੁਰਮਤਿ ਸੰਗੀਤ ਦੇ ਆਧਾਰ ਤੇ ਕੀਰਤਨ ਕਰਨ, ਲੰਗਰ ਵਿਚ ਨਿਸ਼ਕਾਮ ਭਾਵ ਨਾਲ ਸੇਵਾ ਕਰਨ ਦੇ ਚਾਅ ਦੀ ਅਮਿੱਟ ਛਾਪ ਲੈ ਕੇ ਗਿਆ।

ਜਿਵੇਂ ਵੱਖ-ਵੱਖ ਮਤਾਂ ਦੇ ਧਾਰਣੀ ਨਿਰਸੰਕੋਚ ਇਸ ਯੁਗ ਪੁਰਸ਼ ਦੇ ਦਰਸ਼ਨਾਂ ਲਈ ਭੈਣੀ ਸਾਹਿਬ ਦੀ ਪਾਵਨ ਭੂਮੀ ਦੀ ਯਾਤਰਾ ਕਰਦੇ ਰਹੇ ਉਸੇ ਤਰ੍ਹਾਂ ਉਨ੍ਹਾਂ ਵਲੋਂ ਆਏ ਸੱਦੇ ਨੂੰ ਵੀ ਆਪ ਜੀ ਬੜੇ ਸਤਿਕਾਰ ਨਾਲ ਪਰਵਾਨਦੇ। ਇਕ ਵਾਰ ਸਰਦਾਰ ਸੰਤ ਸਿੰਘ ਅਫਰੀਕਾ ਨਿਵਾਸੀ ਦੀ ਬੇਨਤੀ ਤੇ ਸ਼ੰਕਰ, ਜ਼ਿਲ੍ਹਾ ਜਲੰਧਰ ਗਏ। ਉਥੇ ਭਾਸ਼ਣ ਕਰਦਿਆਂ ਆਪ ਜੀ ਨੇ ਫਰਮਾਇਆ ਕਿ **"ਮੈਨੂੰ ਉਹ ਇਨਸਾਨ ਜੋ ਨਾਮ ਸਿਮਰਨ ਕਰਦਾ ਹੈ ਭਾਵੇਂ ਕਿਸੇ ਭੇਖ ਵਿਚ ਵੀ ਹੈ, ਬਹੁਤ ਚੰਗਾ ਲੱਗਦਾ ਹੈ। ਨੇੜੇ ਰਹਿਣ ਵਾਲਾ, ਪਰ ਸਿਮਰਨ ਨਾ ਕਰਨ ਵਾਲਾ, ਉਸ ਚਿੱਚੜ ਵਾਂਗ ਹੈ, ਜਿਸ ਦੀ ਕਿਸਮਤ ਵਿਚ ਦੁੱਧ ਦੀ ਬਜਾਏ ਖੂਨ ਹੋਵੇ।"**

ਇਸ ਤਰ੍ਹਾਂ ਈਰਖਾ ਦੀ ਮਾਰੀ ਦੁਨੀਆਂ ਤੋਂ ਵੈਰ ਭਾਵ ਨੂੰ ਹਰਫੇ ਗਲਤ ਵਾਂਗ ਮੇਟ ਦੇਣਾ ਮਹਾਨ ਯੁਗ-ਪੁਰਸ਼ ਦਾ ਹੀ ਸਾਹਸ ਹੋ ਸਕਦਾ ਹੈ।

ਇਸ ਤਰ੍ਹਾਂ ਪਿਆਰ ਭਰੱਪਣ ਦੀਆਂ ਸੀਤਲ ਕਿਰਨਾਂ ਸੜਦੇ ਹਿਰਦਿਆਂ ਵਿਚ ਨੂਰੀ ਸੀਤਲਤਾ ਦਾ ਸੰਚਾਰ ਕਰਦੀਆਂ ਰਹੀਆਂ ਅਤੇ ਹਜ਼ੂਰ ਦੇ ਮਨ ਵਿਚ, ਹਰ ਕੀਮਤ 'ਤੇ ਏਕੇ ਦੀ ਸ਼ਮ੍ਹਾਂ ਰੌਸ਼ਨ ਰੱਖਣ ਦੀ ਭਾਵਨਾ ਸਦਾ ਜਵਾਨ ਰਹੀ। ਭੈਣੀ ਸਾਹਿਬ ਦੀ ਇਸ ਕਾਨਫਰੰਸ ਪਿੱਛੋਂ ਗੁਜਰਾਂਵਾਲੇ ਸਿੱਖ ਵਿਦਿਅਕ ਕਾਨਫਰੰਸ ਦੇ ਸਮੇਂ ਵੀ, "ਗੁਰੂ ਨਾਨਕ ਸਰਬ ਸੰਪਰਦਾਇ ਕਾਨਫਰੰਸ" ਹੋਈ। ਆਮ ਖਰਚ ਉਥੋਂ ਦਾ ਵੀ ਇਸ ਯੁੱਗ ਪੁਰਸ਼ ਨੇ ਹੀ ਬਰਦਾਸ਼ਤ ਕੀਤਾ। ਇਸੇ ਤਰ੍ਹਾਂ ਇਸ ਮਨੋਰਥ ਲਈ ਅੰਮ੍ਰਿਤਸਰ ਵਿਚ ਵੀ ਕਾਨਫਰੰਸਾਂ ਕੀਤੀਆਂ, ਜਿਨ੍ਹਾਂ ਦਾ ਸਦਕਾ ਆਮ ਸਿੱਖਾਂ ਵਿਚ ਚੰਗੇ ਆਚਰਨ, ਮਿਲ ਬੈਠਣ, ਨਿਰਮਾਣਤਾ ਤੇ ਸੇਵਾ ਭਾਵਨਾ ਦੇ ਅੰਕੁਰ ਫੁੱਟ ਨਿਕਲੇ।

(ਫੁੱਟ ਨੋਟ– ਇਹ ਡਾ. ਕਰਮ ਸਿੰਘ ਕਪੂਰ ਵਲੋਂ ਯੁੱਗ ਪੁਰਸ਼ "ਮਹਾਂ ਨੂਰ" ਪੁਸਤਕ ਵਿਚੋਂ ਹੈ। ਧੰਨਵਾਦ ਸਹਿਤ

੧੮ ਅਕਤੂਬਰ ੧੯੩੪ ਈ. ਦੇ The Tribune ਅਨੁਸਾਰ ਇਸ ਕਾਨਫਰੰਸ ਦੌਰਾਨ ਹੇਠ ਲਿਖੇ ਮਤੇ ਵੀ ਸਰਬ ਸੰਮਤੀ ਨਾਲ ਸਮਾਗਮ ਦੇ ਪਹਿਲੇ ਸੈਸ਼ਨ ਵਿਚ ਪਾਸ ਕੀਤੇ ਗਏ॥

੧. ਇਹ ਕਾਨਫਰੰਸ ਸਾਰੇ ਸਿੱਖ ਫਿਰਕਿਆਂ (Sects In Sikh Religion) ਨੂੰ ਬੇਨਤੀ ਕਰਦੀ ਹੈ ਕਿ ਆਪੋ ਆਪਣੇ ਧਾਰਮਿਕ ਸਥਾਨਾਂ ਤੇ ਸਿਰਫ ਗੁਰਬਾਣੀ ਦਾ ਹੀ ਪ੍ਰਚਾਰ ਕੀਤਾ ਜਾਵੇ। (ਗੁਰਬਾਣੀ ਦਾ ਪ੍ਰਚਾਰ ਕਰਨਾ ਸਭ ਦਾ ਪ੍ਰਮੁੱਖ ਕਰਤੱਵ ਹੋਣਾ ਚਾਹੀਦਾ ਹੈ)

੨. ਸਾਰੇ ਹੀ (ਸਿੱਖ) ਪ੍ਰਚਾਰਕ, ਮਿਸ਼ਨਰੀ, ਕੀਰਤਨੀਏ, ਸੰਪਾਦਿਕ ਅਤੇ ਨੇਤਾ ਆਦਿ ਸਿਰਫ ਸਾਰਥਕ ਉਸਾਰੂ (ਪੰਥਕ ਉੱਨਤੀ ਦੇ) ਕੰਮ ਹੀ ਕਰਨ ਨਾ ਕਿ ਢਾਊ ਕੰਮ ਕਰਨ। ਢਾਊ ਪ੍ਰਚਾਰ ਅਤੇ ਕੰਮਾਂ ਤੋਂ ਗੁਰੇਜ਼ ਕੀਤਾ ਜਾਵੇ।

੩. ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਸਥਾਨਕ ਗੁਰਦਵਾਰਾਂ ਪ੍ਰਬੰਧਕ ਕਮੇਟੀ ਅਤੇ ਸਿੱਖ ਸੰਸਥਾਵਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰਦਵਾਰਿਆਂ ਦੇ ਪ੍ਰਬੰਧ ਲਈ ਸਿਰਫ ਸੁਯੋਗ ਤੇ ਤੰਦਰੁਸਤ ਆਦਮੀ ਨੂੰ ਹੀ ਗ੍ਰੰਥੀ ਦੀ ਸੇਵਾ ਦਿੱਤੀ ਜਾਵੇ। ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਸੰਭਾਲੇ ਗਏ ਗੁਰਦਵਾਰਿਆਂ ਵਿਚ ਉਸੇ ਫਿਰਕੇ ਦੇ ਸੁਯੋਗ ਤੇ ਤੰਦਰੁਸਤ ਬੰਦਿਆਂ ਨੂੰ ਹੀ ਜ਼ਿੰਮੇਵਾਰੀ ਦਾ ਅਹੁਦਾ ਦਿੱਤਾ ਜਾਵੇ।

੪. ਗੁਰਦਵਾਰਾ ਐਕਟ ਦੀ ਧਾਰਾ ੭ ਮੁਤਾਬਕ ਸਿਰਫ ਇਤਿਹਾਸਕ ਗੁਰਦਵਾਰਿਆਂ ਨੂੰ ਛੱਡ ਕੇ ਬਾਕੀ ਗੁਰਦਵਾਰਿਆਂ ਨੂੰ ਕਿਸੇ ਕਾਨੂੰਨੀ ਝੰਜਟ ਵਿਚ ਪਾਉਣ ਅਤੇ ਏਕਤਾ ਨੂੰ ਮੁੱਖ ਰੱਖ ਕੇ ਸਾਰੇ ਕੇਸ ਵਾਪਸ ਲਏ ਜਾਣ।

ਇਸ ਸਮਾਗਮ ਦੇ ਪਹਿਲੇ ਸ਼ੈਸਨ ਦੇ ਪ੍ਰਧਾਨ ਸਰਦਾਰ ਆਤਮਾ ਸਿੰਘ ਅਤੇ ਸਾਗਤੀ ਕਮੇਟੀ ਦੇ ਚੇਅਰਮੈਨ ਸੰਤ ਇੰਦਰ ਸਿੰਘ ਚੱਕਰਵਰਤੀ ਨੇ ਸਾਰਿਆਂ ਦਾ ਸੁਆਗਤ ਕੀਤਾ ਅਤੇ ਉਨ੍ਹਾਂ ਦੀ ਸ਼ਮੂਲੀਅਤ ਅਤੇ ਸਹਿਯੋਗ ਲਈ ਖੁਸ਼ੀ ਜ਼ਾਹਰ ਕਰਦਿਆਂ ਸਭ ਦਾ ਧੰਨਵਾਦ ਵੀ ਕੀਤਾ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਇਹ ਦਿਲੀ ਖਾਹਿਸ਼ ਸੀ ਕਿ ਸਿੱਖਾਂ ਦੇ ਸਾਰੇ ਫਿਰਕੇ ਜਿਹੜੇ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਉੱਪਰ ਵਿਸ਼ਵਾਸ ਰੱਖਦੇ ਹਨ, ਉਹ ਆਪਸ ਵਿਚ ਦੇ ਭੇਦ ਭਰਮ ਤੇ ਫਰਕ ਮਿਟਾ ਕੇ ਮੋਢੇ ਨਾਲ ਮੋਢਾ ਜੋੜ ਇਕ ਜੁੱਟ ਹੋ ਕੇ ਚੱਲਣ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਉਪਦੇਸ਼ ਨੂੰ ਦੁਨੀਆਂ ਦੇ ਹਰ ਕੋਨੇ ਮਨੁੱਖਤਾ ਦੇ ਭਲੇ ਲਈ ਪਹੁੰਚਾਉਣ ਦਾ ਯਤਨ ਕਰਨ। ਸਿੱਖਾਂ ਨੂੰ ਉੱਤਮ ਗੁਰਸਿੱਖ ਦੇਖਣ ਦੀ ਉਨ੍ਹਾਂ ਦੀ ਦਿਲੀ ਖਾਹਿਸ਼ ਸੀ।

ਅੱਜ ਸਿੱਖ ਕੌਮ ਵਿਚ ਉਹੋ ਪਾਟੋ ਧਾੜ ਪਈ ਹੋਈ ਹੈ, ਜਿਹੜੀ ਕਦੀ ਉਸ ਸਮੇਂ ਵੀ ਸੀ ਜਿਹੜੀ ਮਹਾਨ ਵਿਅਕਤੀ ਮਹਾਂ ਪੁਰਖ--"ਸਤਿਗੁਰੁ-ਸਭਨਾ ਕਾ ਮਿੱਤ" ਕੌਮ ਤੇ ਮੁਲਕ ਨੂੰ ਇਨ੍ਹਾਂ ਖਤਰਿਆਂ ਵਿਚੋਂ ਬਚਾ ਕੇ ਲੈ ਜਾਏ ਉਹ ਮਹਾਨ ਸਤਿਗੁਰੂ ੯ ਮਾਰਚ ੧੮੯੦ ਈ: ਨੂੰ ਅਵਤਾਰੀਣ ਹੋਇਆ ਸੀ ਜਿਨ੍ਹਾਂ ਦਾ ਪ੍ਰਕਾਸ਼ ਦਿਵਸ ੧੯ ਮਾਰਚ ੨੦੦੩ ਨੂੰ ਹੈ। ਦਾਸ ਵਲੋਂ ਸਭ ਜਗਤ ਨੂੰ ਲੱਖ ਲੱਖ ਵਧਾਈ।

*—ਸੁਰਜੀਤ ਸਿੰਘ ਜੀਤ, ਲੰਡਨ*



Sri Satguru Jagjit Singh Ji eLibrary NamdhariElibrary@gmail.com

# Conference of Those who Believe in Guru Nanak

## *20,000 Sikhs Gather in Bhaini Sahib.*

*ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮੇਜ਼ਬਾਨੀ ਵਿੱਚ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ ਅਕਤੂਬਰ ੧੯੩੪ ਈ. ਨੂੰ ਸ੍ਰੀ ਭੈਣੀ ਸਾਹਿਬ ਵਿੱਚ ਬਹੁਤ ਸਫਲਤਾ ਨਾਲ ਹੋਈ। ਇਸ ਬਾਰੇ ਗਾਹੇ ਬਗਾਹੇ ਵਰਿਆਮ ਵਿੱਚ ਅਤੇ ਹੋਰ ਥਾਵਾਂ ਤੇ ਜ਼ਿਕਰ ਛਪਦਾ ਰਿਹਾ ਹੈ। ਪਿਛਲੇ ਅੰਕ ਫਰਵਰੀ ੨੦੦੩ ਵਿੱਚ ਵੀ ਇਕ ਪੁਰਾਣੀ ਛਪੀ ਕਵਿਤਾ 'ਇਹਦਾ ਪੱਥਰ ਨਾ ਓਸਦੀ ਇਟ ਹੋਵੇ' ਮੁੜ ਪ੍ਰਕਾਸ਼ਤ ਕੀਤੀ ਗਈ ਸੀ। ਇਸ ਵਾਰ ਅਸੀਂ ਅੰਗ੍ਰੇਜ਼ੀ ਵਿੱਚ ਛਪਦੇ ਅਖ਼ਬਾਰ (The Trbune) ਵਿੱਚ ੧੮ ਅਕਤੂਬਰ ੧੯੩੪ ਨੂੰ ਛਪੀ ਪਹਿਲੇ ਦਿਨ ਦੀ ਕਾਰਵਾਈ ਦੀ ਰਿਪੋਰਟ ਦੀ ਨਕਲ ਛਾਪ ਰਹੇ ਹਾਂ। ਇਹ ਅਖ਼ਬਾਰ ਦੀ ਕਤਰਨਾ ਨਕਲ ਕਰਕੇ ਸਾਨੂੰ ਸ. ਸੁਰਜੀਤ ਸਿੰਘ ਜੀਤ ਲੰਡਨ ਨੇ ਭੇਜੀ ਹੈ। ਉਹਨਾਂ ਦਾ ਕਹਿਣਾ ਹੈ ਕਿ ਦੂਜੇ ਦਿਨ ਦੀ ਰਿਪੋਰਟ ਅਖ਼ਬਾਰ ਵਿੱਚ ਨਹੀਂ ਸੀ ਛੱਪੀ ਸ਼ਾਇਦ ਇਹ ਰੋਕ ਦਿਤੀ ਗਈ ਸੀ। ਜੀਤ ਹੋਰਾਂ ਇਹ ਪੁਰਾਣੀ ਅਖ਼ਬਾਰ ਆਪਣੇ ਖੋਜ ਕਾਰਜ ਸਮੇਂ ਲਭੀ ਹੈ।*

*—ਸੰਪਾਦਕ ਵਰਿਆਮ*

Bhaini Sahib, Oct 15. A representative conference of all sects of the Sikhs, who believe in Guru Nanak Dev and his teaching was convened at Bhaini Sahib by Namdhari Darbar. Preparations were made on a large scale and no pain was spared by the conveners to make the conference a big success. A spacious Pandal with a beautiful white gateway was constructed for the purpose. It was tastefully decorated and equipped with loud speakers. Special arrangements were made for the distinguished visitors. numbering several hundreds, and a big city of camps extended all around the small village of Bhaini Sahib. Suitable arrangements were made at Ludhiana for arranging conveyance of the intending visitors as Bhaini Sahib, the religious seat of Namdharis is situated at about fifteen miles from Ludhiana and is of great historical importance being the last abode of Shri Guru Ram Singh who is regarded 12th Guru of the Sikhs by his followers and was deported by the British Government in 1872. Over 20,000 men and women joined the conference. Several kitchens were running day and night to provide food for everybody. Besides thousands Namdharis, Akalis Nirmalas. Udhasis, Sewa Panthis, Nihangs, Sahijdharis, Adanshahis almost all different sects who traced their cult from the teachings of Sri Ad-Granth Sahib responded to the invitation. Leading members of the Chief Khalsa Diwan, Shiromani Gurdwara Parbandhak Committee, Shriomani Akali Dal, Central Akali Dal, Udasin Mahan Mandal, Nirmal Mahan Mandal and other responsible bodies were specially invited.

**Presidents Procession.**

The President-elect was received by members of Namdhari Darbar, and prominent Sikh leaders outside the village and was taken on foot in a big procession to the Pandal. The procession was headed by seven Jathas of Namdharis and followed by Jathas of Akalis and Nihang Sikhs, Nirmals and other organisation. Volunteers under the command of Sarder Atma Singh of Rawalpindi presented added great beauty to the procession. On reaching the Pandal,



Sri Satguru Jagjit Singh Ji eLibrary NamdhariElibrary@gmail.com

Sant Indar Singh Chakrawarti explained the aims and objects of the conference after which the prominent members retired to Hari Mandal for holding the Subject Committee meeting.

Heated discussions continued for over two hours. The aims and the objects for which the conference was convened were discussed at length and everyone attempted to phrase it in his own ways. Professor Jodh Singh of Chief Khalsa Diwan, Bhai Nidhan Singh Alam Namdhari and Sant Kishen Singh of Nirmal Mahan Mandal and Sardar Dalip Singh, Vice President local Gurdwara committee, Amritsar took leading part in the discussions. The aims and the objects were worded as follows :— "that the idea of convening the conference is to unite different seats of the Sikhs who believe in Ad Granth and Dasam Granth.

The following resolution were passed:-

1. That this conference requests all seats of the Sikhs that the preaching of Gurbani should be their foremost duty in their Jathas at their own seats.

2. That all preachers, missionaries musicians, editors and leaders should feel their responsibility and should only do constructive work and not desructive work.

3. That the Shiromani Gurdwara Parbandhak Committee, Local Gurdwaras Committe and other Sikh should always take fittest persons from any seat for the post of Granthi, preacher or other responsible office-bearer and they should particularly appoinet fit persons of that seat in whose possession that particular Gurdwara was before its being taken over by the Gurdwara Parbhandhak Committee.

4. That in order to save the situation from any legal technicalites and achieve unity in the house of the Guru all pending cases relating to Gurdwara other than historical Gurdwaras filed under section 7 of The Gurdwara Act should he given up.

The first sitting of the Subjects Committee was over after about 2½ hours, when the members attended the open session. Sant Indar Singh Chakarwarti, Chairman of the Reception Committee, read his address, wherein he thanked the delegateas and the visitors for responding to the invitation and explained the aims and the objects for which the conference was convened. It was the genuine desire of His Holiness Maharaj Guru Pratap Singh Ji, Head of the Namdharis, that all sats of the Sikhs believing in Guru Granth Sahab and Guru Nanak Dev should respect. each other and remove all differences, which were damaging the Sikh cause. Party spirit among the followers of Guru Nanak was the chief cause of split.

His Holiness, the Bhai Sahab Bhai Arjan Singh, Chief of Bagarian, President of the Conference read his brief address in which the need for co-operation among all the seats of the Sikhs was stressed and it was pointed out that unless this was achieved any further progess was out of question. Any discussion on political question was serupulously avoided.

The proceedings of the first day ended after the addresses were over.

*(The Tribune 18 Oct. 1934)*



Sri Satguru Jagjit Singh Ji eLibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਇਨਾਂ ਵਿਚ ਤਿਆਰ ਕੀਤੇ ਹੋਏ

ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ

**ਨਾਮਧਾਰੀ ਸੇਲਜ਼**

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

**Manufactuers :**

**Namdhari Sales**

**10240/54, Library Road, Azad Market, Delhi-110006**





Sri Satguru Jagjit Singh Ji eLibrary NamdhariElibrary@gmail.com

# ਰਾਮ ਵਿਯੋਗੀ ਪੰਥ ਰਤਨ ਸੰਤ ਵਰਿਆਮ ਸਿੰਘ ਮੁਸੱਵਰ

*—ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)*

ਜਿੱਥੇ ਵਸਲ ਅਰਥਾਤ ਮਿਲਾਪ ਦੇ ਦੋ ਪਲ ਵੀ ਮੁਰਦਾ ਹੋਈ ਜ਼ਿੰਦਗੀ ਨੂੰ ਬਸੰਤ ਦੀ ਬਹਾਰ, ਖੁਸ਼ੀਆਂ ਖੇੜੇ ਦੇ ਦਿੰਦੇ ਹਨ ਉਥੇ ਬਿਰਹੋਂ ਦਾ, ਵਿਯੋਗ ਦਾ, ਇਕ ਪਲ ਵੀ ਉਮਰਾਂ ਦਾ ਰੋਗ ਲਾ ਜਾਂਦਾ ਹੈ, ਪਿਆਰਾ ਨਜ਼ਰ ਨਾ ਆਵੇ ਤਾਂ ਦਿਨ ਦਾ ਚੈਨ ਤੇ ਰਾਤ ਦੀ ਨੀਂਦ ਉਡ ਜਾਂਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਾਝ ਰਾਗ ਵਿਚ ਲਿਖਿਆ ਹੈ, "ਇਕ ਘੜੀ ਨ ਮਿਲਤੇ ਤਾਂ ਕਲਿਜੁਗੁ ਹੋਤਾ॥ ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥ ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ॥੩॥"

ਇਤਿਹਾਸ ਗਵਾਹ ਹੈ ਕਿ ਇਹ ਬਾਣੀ ਪੰਚਮ ਪਾਤਸ਼ਾਹ ਜੀ ਨੇ ਉਸ ਸਮੇਂ ਉਚਾਰੀ ਸੀ ਜਦੋਂ ਅਜੇ ਉਹਨਾਂ ਨੂੰ ਗੁਰਿਆਈ ਨਹੀਂ ਸੀ ਮਿਲੀ ਅਤੇ ਚੌਥੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਰਾਮ ਦਾਸ ਜੀ ਪੰਚ ਭੂਤਕ ਸਰੀਰ ਵਿਚ ਕਾਇਮ ਸਨ। ਸਤਿਗੁਰਾਂ ਨੇ (ਗੁਰੂ) ਅਰਜਨ ਦੇਵ ਜੀ ਨੂੰ ਲਾਹੌਰ ਰਿਸ਼ਤੇਦਾਰੀ ਵਿਚ ਇਕ ਵਿਆਹ ਵਿਚ ਹਾਜ਼ਰੀ ਲਗਾਉਣ ਭੇਜਿਆ ਸੀ ਤਾਂ ਉਥੇ ਕੁਝ ਦਿਨ ਗੁਰ ਦਰਸ਼ਨਾਂ ਬਾਝੋਂ ਬਤੀਤ ਹੋਏ ਤਾਂ ਗੁਰ ਪਿਤਾ ਦੇ ਵਿਛੋੜੇ ਵਿਚ ਇਹ ਬਾਣੀ ਉਚਾਰੀ ਸੀ। ਇਹ ਤਾਂ ਕੁਝ ਦਿਨਾਂ ਦੀ ਗੱਲ ਸੀ ਤਾਂ ਗੁਰੂ ਦਾ ਵਿਛੋੜਾ ਪੰਚਮ ਪਾਤਸ਼ਾਹ ਜੀ ਲਈ ਅਸਹਿ ਹੋ ਗਿਆ ਸੀ, ਪ੍ਰੰਤੂ ਧੰਨ ਹੈ ਨਾਮਧਾਰੀ ਜਗਤ ਜਿਹਨਾਂ ਦਾ "ਦਿਲਾਂ ਦਾ ਜਾਨੀ" ੧੮ ਜਨਵਰੀ ੧੮੭੨ ਈਸਵੀ ਨੂੰ ਅੱਖੋਂ ਓਹਲੇ ਹੋ ਰੰਗੂਨ ਵੱਲ ਚਲਾ ਗਿਆ, ਅੱਜ ਉਹਨਾਂ ਨੂੰ ਗਏ ਸਵਾ ਸੌ ਸਾਲ (੧੨੫ ਸਾਲ) ਤੋਂ ਉੱਤੇ ਸਮਾਂ ਬਤੀਤ ਹੋ ਗਿਆ ਹੈ, ਨਾਮਧਾਰੀਆਂ ਨੇ ਉਹਨਾਂ ਦੇ ਦਰਸ਼ਨ ਕਰਨ ਲਈ ਪਤਾ ਨਹੀਂ ਕੀ ਕੀ ਜਫ਼ਰ ਜਾਲੇ ਹਨ ? ਸਤਿਗੁਰੂ ਦੇ ਦਰਸ਼ਨ ਕਰਨ ਲਈ ਨਾਮਧਾਰੀ ਰੰਗੂਨ, ਮਰਗੋਈ ਤੱਕ ਗਏ, ਸੰਤ ਮੀਹਾਂ ਸਿੰਘ ਜਿਹੇ ਸਿਦਕੀਆਂ ਨੇ ਤਾਂ ਸਤਿਗੁਰਾਂ ਦੇ ਸਥਾਨ ਦੁਆਲੇ ਲੱਗੇ ਹੋਏ ਜੰਗਲੇ ਨੂੰ ਟੱਪ ਕੇ ਚਰਨ ਧੂੜ ਪ੍ਰਾਪਤ ਕੀਤੀ, ਪ੍ਰੰਤੂ ਅਜੇ ਤੱਕ ਨਾਮਧਾਰੀਆਂ ਨੂੰ ਸਤਿਗੁਰਾਂ ਨੇ ਖੁੱਲ੍ਹੇ ਦਰਸ਼ਨ ਨਸੀਬ ਨਹੀਂ ਹੋਏ। ਸਤਿਗੁਰਾਂ ਦੇ ਦਰਸ਼ਨ ਲਈ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਅਨੇਕ ਨਾਮਧਾਰੀਆਂ ਨੇ ਸਰਕਾਰੀ ਕਰੋਪੀ ਦੇ ਬਾਵਜੂਦ ਦਰਸ਼ਨਾਂ ਨਮਿਤ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਅਖੰਡ ਪਾਠ ਕਰਵਾਏ, ਇਸ ਲਈ ਉਹਨਾਂ ਨੂੰ ਸਰਕਾਰੀ ਤਸੀਹੇ ਤੇ ਸਜ਼ਾਵਾਂ ਭੋਗਣੀਆਂ ਪਈਆਂ, ਦੂਜੇ ਸਮਾਜਾਂ ਨੇ ਉਹਨਾਂ ਨਾਲ ਮਖੌਲ ਕੀਤੇ, ਉਹਨਾਂ ਦੀਆਂ ਸਰਕਾਰ ਨੇ ਜ਼ਮੀਨਾਂ ਜਾਇਦਾਦਾਂ ਜ਼ਬਤ ਕਰ ਲਈਆਂ। ਕਈ ਦਰਸ਼ਨ ਅਭਿਲਾਸ਼ੀਆਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ, ਕਈਆਂ ਨੂੰ ਰੰਗੂਨ ਵੱਲ ਗੁਰੂ ਦਰਸ਼ਨ ਹਿਤ ਗਏ ਹੋਇਆਂ ਨੂੰ ਸਰਕਾਰ ਨੇ ਖਾਰੇ ਸਮੁੰਦਰ ਵਿਚ ਡੋਬ ਕੇ ਸ਼ਹੀਦ ਕਰ ਦਿੱਤਾ ਜਿਹਨਾਂ ਦੇ ਨਾਮ ਅੱਜ ਅਸੀਂ ਭੁੱਲ ਚੁੱਕੇ ਹਾਂ ਅਤੇ ਇਤਿਹਾਸਕਾਰ ਵੀ ਉਹਨਾਂ ਦੇ ਨਾਮ ਭਾਲਣ ਤੋਂ ਅਸਮਰਥ ਰਹੇ ਹਨ।

ਪੰਜਾਬੀ ਲੋਕ ਸਾਹਿਤ ਵਿਚ ਇਕ ਲੋਕ ਬੋਲੀ ਆਉਂਦੀ ਹੈ—"ਰੂਹ ਲੈ ਗਿਆ ਦਿਲਾਂ ਦਾ ਜਾਨੀ, ਹੱਡ ਸਾਨੂੰ ਚੁਕਣਾ ਪਿਆ।" ਇਹ ਤੱਥ ਨਾਮਧਾਰੀ ਜਗਤ ਤੇ ਢੁੱਕਦਾ ਹੈ। ੧੮੭੨ ਈਸਵੀ ਵਿੱਚ ਅੱਖੋਂ ਓਹਲੇ ਸਤਿਗੁਰੂ ਰਾਮ ਸਿੰਘ ਜੀ ਨੂੰ ਹੋਇਆ ਨੂੰ ੧੨੫ ਸਾਲ ਤੋਂ ਉੱਪਰ ਹੋ ਗਏ ਹਨ, ਉਹ ਤਾਂ ਨਾਮਧਾਰੀ ਸੰਗਤ ਦੀ ਰੂਹ ਸਨ, ਦਿਲਾਂ ਦੀ ਧੜਕਣ ਸਨ ਜੋ ਰੂਹ ਲੈ ਗਏ ਅਤੇ ਇਹ ਮੁਰਦਾ ਸਰੀਰ (ਹੱਡ) ਸਵਾ ਸੌ ਸਾਲ ਹੋਏ ਚੁੱਕੀ ਫਿਰਦਿਆਂ ਨੂੰ, ਇਸ ਆਸ ਨਾਲ ਕਿ ਸਤਿਗੁਰੂ ਰਾਮ ਸਿੰਘ ਜੀ ਮੁੜ ਸ੍ਰੀ ਭੈਣੀ ਸਾਹਿਬ ਦਰਸ਼ਨ ਦੇਣਗੇ। ਇਤਿਹਾਸ ਗਵਾਹ ਹੈ ਕਿ ਸਤਿਗੁਰੂ ਹਰੀ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਵਿਚ ਰੋ ਰੋ ਕੇ ਅੱਖਾਂ ਦੇ ਕੋਨੇ ਗਾਲ ਲਏ ਸਨ ਅਤੇ ਆਪ ਜੀ ਕਦੇ ਵੀ ਸਿਰ ਉੱਚਾ ਕਰਕੇ ਕਿਸੇ ਵੱਲ ਨਾ ਤੱਕਦੇ ਅਤੇ ਸਾਰੀ ਉਮਰ ਵਿਛੋੜੇ ਵਿਚ ਅੱਖਾਂ ਨੀਵੀਆਂ ਹੀ ਕਰੀ ਰੱਖੀਆਂ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵੀ ਨਾਮਧਾਰੀਆਂ ਨੇ ਗੁਰੂ ਮਿਲਾਪ ਲਈ ਕਿਹੜੇ ਘੱਟ ਜਤਨ ਕੀਤੇ ਹਨ। ਸਤਿਗੁਰਾਂ ਨੇ ਉਹਨਾਂ ਦੇ ਦਰਸ਼ਨਾਂ ਖਾਤਰ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਅਨੇਕ ਅਖੰਡ ਪਾਠ ਕਰਵਾਏ, ਸਵਾ ਲੱਖ ਪਾਠ ਕਰਵਾਏ, ਹਵਨ ਯਗ ਕਰਵਾਏ, ਚੰਡੀ ਦੀ ਵਾਰ ਦੇ ਪਾਠ ਅਤੇ ਦਸਮ ਗ੍ਰੰਥ ਸਾਹਿਬ ਦੇ ਅਖੰਡ ਪਾਠ ਕਰਵਾਏ ਜੋ ਅੱਜ ਵੀ ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ ਕਰਵਾਏ ਜਾਂਦੇ ਹਨ ਤਾਂ ਕਿ ਕਿਤੇ ਸਤਿਗੁਰੂ ਰਾਮ ਸਿੰਘ ਜੀ ਕਿਰਪਾ ਕਰਨ ਅਤੇ ਮੁੜ ਸੰਗਤ ਨੂੰ ਉਹ ਦਰਸ਼ਨ ਦੇਣ। ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਸਦਾ ਵੈਰਾਗੀ ਹੋਏ ਰਹਿੰਦੇ ਸਨ, ਜਦੋਂ ਕਿਤੇ ਦੀਵਾਨ ਵਿਚ ਵਾਜੇ ਦੀ ਚੌਥੀ ਤੇ ਪੰਜਵੀਂ ਕਾਲੀ ਸੁਰ ਤੇ ਰਾਗੀ ਹੱਥ ਰੱਖ ਦਿੰਦੇ ਸਨ ਤਾਂ ਮਸਤਾਨੇ ਰਾਮ ਦੇ ਵਿਯੋਗੀ ਕਿਲਕਾਰੀਆਂ ਮਾਰ ਉੱਠਦੇ, ਧਾਹਾਂ ਮਾਰ ਮਾਰ ਰੋਂਦੇ, ਤਨ ਦੇ ਬਸਤਰ ਫਟ ਜਾਂਦੇ, ਕੇਸ ਖੁਲ੍ਹ ਜਾਂਦੇ ਅਤੇ ਕਈ ਵਾਰ ਹੋ ਰਹੇ ਹਵਨਾਂ ਵਿਚ ਮਸਤਾਨੇ,



Sri Satguru Jagjit Singh Ji eLibrary NamdhariElibrary@gmail.com

ਪਹਿਰੇਦਾਰਾਂ ਦੇ ਰੋਕਣ ਦੇ ਬਾਵਜੂਦ ਵੀ ਹਵਨ ਕੁੰਡ ਵਿਚ ਮਸਤਾਨੀ ਬਿਰਤੀ ਵਿਚ ਛਲਾਂਗ ਮਾਰ ਦਿੰਦੇ ਸਨ, ਉਸ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਵੀ ਵੈਰਾਗੀ ਹੋ ਜਾਇਆ ਕਰਦੇ ਸਨ, ਸਾਰਾ ਵਾਤਾਵਰਣ ਹੀ ਸੋਗਮਈ ਹੋ ਜਾਂਦਾ, ਸਾਰਾ ਭੈਣੀ ਸਾਹਿਬ ਸੋਗੀ ਹੋਇਆ ਨਜ਼ਰ ਆਉਂਦਾ, ਇਥੋਂ ਤੱਕ ਕਿ ਭੈਣੀ ਸਾਹਿਬ ਰਹਿ ਰਹੇ ਪੰਛੀ ਤੇ ਪਸ਼ੂ ਵੀ ਖਾਣਾ ਪੀਣਾ ਤਿਆਗ ਜਾਂਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਤਾਂ ਦੀਵਾਨ ਅਸਥਾਨ ਵਿਚ ਗੋਲਾਈ ਦੀ ਸ਼ਕਲ ਵਿਚ ਮਸਤਾਨਿਆਂ ਲਈ ਜਗ੍ਹਾ ਛੱਡੀ ਜਾਂਦੀ ਸੀ, ਜਿਥੇ ਉਹ ਮਸਤ ਹੋ ਕੇ ਪੈਰਾਂ ਨੂੰ ਘੁੰਗਰੂ ਬੰਨ੍ਹਕੇ, ਕਦੇ ਇਕ ਹੱਥ ਗਲਾਸ ਤੇ ਦੂਜੇ ਹੱਥ ਕੜੇ ਨਾਲ ਨ੍ਰਿਤ ਕਰਿਆ ਕਰਦੇ ਸਨ ਅਤੇ ਕਦੇ ਸਤਿਗੁਰੂ ਰਾਮ ਸਿੰਘ ਦੇ ਵਿਛੋੜੇ ਵਿਚ ਕਿਲਕਾਰੀਆਂ ਮਾਰਦੇ ਲੋਟ ਪੋਟ ਹੋਇਆ ਕਰਦੇ ਸਨ। ਉਹਨਾਂ ਮਸਤਾਨਿਆਂ ਵਿਚੋਂ ਰਾਮ ਵਿਯੋਗੀ ਸੰਤ ਵਰਿਆਮ ਸਿੰਘ ਜੀ ਵੀ ਇਕ ਸਨ ਜੋ ਸਾਰੀ ਉਮਰ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਵਿਚ ਅੱਥਰੂ ਵਹਾਉਂਦੇ ਰਹੇ ਅਤੇ ਸਮੇਂ ਸਮੇਂ ਸਤਿਗੁਰੂ ਰਾਮ ਸਿੰਘ ਜੀ ਦੀ ਕਿਰਪਾ ਨਾਲ ਉਹਨਾਂ ਦੇ ਦਰਸ਼ਨ ਕਰਕੇ ਅਸਲ ਤਸਵੀਰਾਂ ਤਿਆਰ ਕਰਦੇ ਰਹੇ।

ਸੰਤ ਵਰਿਆਮ ਸਿੰਘ ਜੀ ਦਾ ਜਨਮ ਜ਼ਿਲ੍ਹਾ ਸਿਆਲਕੋਟ ਵਿਚ ਪਿੰਡ ਮਾਲੂਵਾਲੀ ਵਿਖੇ ਮਾਤਾ ਇੰਦਰ ਕੌਰ ਦੀ ਕੁੱਖ ਤੋਂ ਸਰਦਾਰ ਲਹਿਣਾ ਸਿੰਘ ਦੇ ਘਰ ਲਗਭਗ ੧੯੦੫ ਈਸਵੀ ਵਿਚ ਹੋਇਆ, ਪਹਿਲ਼ਾਂ ਉਹ ਨਾਮਧਾਰੀ ਨਹੀਂ ਸਨ। ਸੰਤਾਂ ਦੇ ਤਿੰਨ ਭਰਾ ਹੋਰ ਸਨ, ਉਹਨਾਂ ਦਾ ਪਰਿਵਾਰ ਰਾਮਗੜ੍ਹੀਆ ਸਮਾਜ ਨਾਲ ਸੰਬੰਧਤ ਸੀ ਅਤੇ ਉਹਨਾਂ ਦੇ ਪਿਤਾ ਜੀ ਦਸਾਂ ਨਹੁੰਆਂ ਦੀ ਕਿਰਤ ਕਰਕੇ ਪਰਿਵਾਰ ਨੂੰ ਪਾਲਦੇ ਸਨ। ਸੰਤਾਂ ਦੇ ਮਾਤਾ ਪਿਤਾ ਜੀ ਉਹਨਾਂ ਦੇ ਬਚਪਨ ਵਿਚ ਹੀ ਪ੍ਰਲੋਕ ਸਿਧਾਰ ਗਏ ਤਾਂ ਉਹਨਾਂ ਦੀ ਪਾਲਣਾ ਉਹਨਾਂ ਦੇ ਚਾਚਾ ਜੀ ਨੇ ਹੀ ਕੀਤੀ।

ਪਿੰਡ ਮਾਲੂਵਾਲੀ ਸਾਰਾ ਰਾਮਗੜ੍ਹੀਆਂ ਦਾ ਪਿੰਡ ਸੀ ਅਤੇ ਜ਼ਿਲ੍ਹਾ ਸਿਆਲਕੋਟ, ਨਾਮਧਾਰੀਆਂ ਦਾ ਗੜ੍ਹ ਸੀ। ਪਿੰਡ ਮਾਲੂਵਾਲੀ ਕਦੇ ਚਵਿੰਡੇ ਵਾਲੇ ਸੰਤ, ਕਦੇ ਸੰਤ ਕੇਸਰ ਸਿੰਘ ਚੁਪ-ਸੇਖਵਾਂ ਵਾਲੇ ਅਤੇ ਫਿਰ ਕਦੇ ਮਸਤਾਂ ਦੇ ਸਰਦਾਰ ਸੰਤ ਮਿਲਖਾ ਸਿੰਘ ਜੀ ਆਏ ਹੀ ਰਹਿੰਦੇ। ਉਹਨਾਂ ਦੇ ਪਰਿਵਾਰ ਵਿਚੋਂ ਸੰਤ ਈਸ਼ਰ ਸਿੰਘ ਠੇਕੇਦਾਰ ਪਹਿਲਾਂ ਨਾਮਧਾਰੀ ਸਜੇ ਅਤੇ ਫਿਰ ਸੰਤ ਵਰਿਆਮ ਸਿੰਘ ਦੇ ਵੱਡੇ ਭਰਾ ਸੰਤ ਸ਼ੇਰ ਸਿੰਘ "ਹੰਸ" ਜੋ ਨਾਮਧਾਰੀ ਸਜ ਚੁੱਕੇ ਸਨ, ਸੰਤਾਂ ਨੂੰ ਸੰਤ ਮਿਲਖਾ ਸਿੰਘ ਜੀ ਕੋਲ ਲੈ ਗਏ ਅਤੇ ਵਰਿਆਮ ਸਿੰਘ ਨੂੰ ਨਾਮ ਦੇਣ ਲਈ ਅਰਜ਼ ਕੀਤੀ ਸੀ। ਇਸ ਪ੍ਰਕਾਰ ਪੂਰਬਲੇ ਅੰਕੁਰ ਫੁਟ ਪਏ ਅਤੇ ਸੰਤਾਂ ਨੂੰ ਰਸਿਕ ਵੈਰਾਗੀ ਮਹਾਂਪੁਰਸ਼ ਸੰਤ ਮਿਲਖਾ ਸਿੰਘ ਜੀ ਮਿਲ ਗਏ ਅਤੇ ਨਾਮ ਦੀ ਪ੍ਰਾਪਤੀ ਹੋਈ।

ਸੰਤ ਵਰਿਆਮ ਸਿੰਘ ਜੀ ਦੱਸਦੇ ਸਨ ਕਿ ਜਦੋਂ ਉਹਨਾਂ ਨੇ ਨਾਮ ਦੀ ਦਾਤ ਪ੍ਰਾਪਤ ਕੀਤੀ ਤਾਂ ਉਹ ਉਸੇ ਸਮੇਂ ਹੀ ਬੋਹੜ ਦੇ ਮੁੱਢ ਨਾਲ ਢਾਸਣਾ ਲਗਾ ਕੇ ਨਾਮ ਜਪਦਿਆਂ ਹੀ ਸੌਂ ਗਏ ਤਾਂ ਸੁਪਨੇ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਹੋਏ, ਉਸ ਸਮੇਂ ਸੰਤਾਂ ਦੀ ਉਮਰ ਲਗਭਗ ਦਸ ਗਿਆਰਾਂ ਸਾਲ ਸੀ। ਸੰਤਾਂ ਨੇ ਨੀਂਦਰ ਪੂਰੀ ਕੀਤੀ, ਉੱਠੇ ਤਾਂ ਜਦੋਂ ਆਪਣੇ ਵੱਡੇ ਭਰਾ ਸੰਤ ਸ਼ੇਰ ਸਿੰਘ ਹੰਸ ਨੂੰ ਸੁਪਨੇ ਵਿਚ ਸਤਿਗੁਰਾਂ ਦੇ ਦਰਸ਼ਨਾਂ ਬਾਰੇ ਦਸਿਆ ਤਾਂ ਉਹ ਵੀ ਹੈਰਾਨ ਹੋਇਆ, ਇਸ ਗੱਲ ਦਾ ਸੰਤ ਮਿਲਖਾ ਸਿੰਘ ਜੀ ਨੂੰ ਪਤਾ ਲੱਗਾ ਤਾਂ ਉਹਨਾਂ ਨੇ ਕਿਹਾ ਕਿ ਇਹ ਸਾਰਾ ਪ੍ਰਤਾਪ, ਉਹਨਾਂ ਦੇ ਪਿਛਲੇ ਜਨਮ ਦੀ ਕਮਾਈ ਦਾ ਹੈ। ਛੇਤੀ ਹੀ ਉਹਨਾਂ ਦਾ ਵੱਡਾ ਭਰਾ ਸੰਤ ਸ਼ੇਰ ਸਿੰਘ ਹੰਸ ਉਹਨਾਂ ਨੂੰ ੧੯੨੪ ਈਸਵੀ ਵਿਚ ਗੁਜਰਾਂਵਾਲੇ ਲੈ ਆਇਆ ਅਤੇ ਖਾਲਸਾ ਸਕੂਲ ਵਿਚ ਚੌਥੀ ਪੰਜਵੀਂ ਜਮਾਤ ਵਿਚ ਪੜ੍ਹਨੇ ਪਾ ਦਿੱਤਾ ਪ੍ਰੰਤੂ ਉਹਨਾਂ ਦਾ ਮਨ ਪੜ੍ਹਾਈ ਵਿਚ ਨਾ ਲਗਦਾ, ਸੰਤਾਂ ਦੀ ਸੰਗਤ ਕਰਕੇ ਮਨ ਅਨੰਦਿਤ ਹੁੰਦਾ ਸੀ। ਸਕੂਲ ਵਿਚ ਗੈਰ ਹਾਜ਼ਰ ਹੁੰਦੇ ਤਾਂ ਮਾਸਟਰ ਲਾਲ ਸਿੰਘ ਸੰਤਾਂ ਦੇ ਕੰਨ ਖਿੱਚਦਾ ਅਤੇ ਘਰ ਜਾਂਦੇ ਤਾਂ ਭਰਾ ਹਰ ਸਮੇਂ ਤਾੜਨਾ ਕਰਦਾ ਰਹਿੰਦਾ।

ਸੰਤ ਵਰਿਆਮ ਸਿੰਘ ਜੀ ਦਾ ਉਸ ਸਮੇਂ ਪੂਰਨ ਸੰਤ, ਸੰਤ ਸਰਦਾਰਾ ਸਿੰਘ ਵੈਦਰਾਜ ਨਾਲ ਬਹੁਤ ਪ੍ਰੇਮ ਹੋ ਗਿਆ, ਪਿਆਰ ਇਥੋਂ ਤੱਕ ਵੱਧ ਗਿਆ ਕਿ ਜੇ ਇਕ ਦਿਨ ਵੈਦਰਾਜ ਨੂੰ ਨਾਹ ਮਿਲਦੇ ਤਾਂ ਮਨ ਨੂੰ ਚੈਨ ਨਾ ਆਉਂਦਾ। ਸੰਤ ਸਕੂਲ ਗਏ ਕੰਨਸੋਅ ਲੈਂਦੇ ਰਹਿੰਦੇ ਕਿ ਅੱਜ ਵੈਦਰਾਜ ਜੀ ਕਿਥੇ ਹਨ ਅਤੇ ਕਲ੍ਹ ਕਿਥੇ ਹੋਣਗੇ ? ਇਕ ਵਾਰੀ ਸੰਤ ਸਰਦਾਰਾ ਸਿੰਘ ਵੈਦਰਾਜ ਜੀ ਨਾਲ ਸੰਤ ਵਰਿਆਮ ਸਿੰਘ ਜੀ ਵਡਾਲੇ (ਜ਼ਿਲ੍ਹਾ ਅੰਮ੍ਰਿਤਸਰ) ਤੋਂ ਵਾਪਸ ਰੇਲ ਗੱਡੀ ਤੋਂ ਉਤਰ ਕੇ ਪਿੰਡ ਵੱਲ ਜਾ ਰਹੇ ਸਨ ਤਾਂ ਰਸਤੇ ਵਿੱਚ ਉਹਨਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਏ, ਸੰਤ ਵਰਿਆਮ ਸਿੰਘ ਜੀ ਦੀ ਬਾਲ ਬੁੱਧੀ ਉਸ ਕੌਤਕ ਨੂੰ ਸਮਝ ਨਾ ਸਕੀ, ਪ੍ਰੰਤੂ ਸੰਤ ਸਰਦਾਰਾ ਸਿੰਘ ਵੈਦਰਾਜ ਵੈਰਾਗੀ ਹੋ ਗਏ ਅਤੇ ਹਉਕੇ ਲੈਂਦਿਆਂ ਸੰਤ ਵਰਿਆਮ ਸਿੰਘ ਨੂੰ ਕਹਿਣ ਲੱਗੇ, "ਵਰਿਆਮ, ਅੱਜ ਸਾਡੇ ਨਾਲ ਛਲ ਹੋ ਗਿਆ ਈ, ਸਾਥੋਂ ਸਤਿਗੁਰੂ ਜੀ ਪਛਾਣੇ ਨਾ ਗਏ।"

ਛੇਤੀ ਹੀ ਸੰਤ ਸ਼ੇਰ ਸਿੰਘ ਹੰਸ ਜੋ ਆਪਣੇ ਸਮੇਂ ਦੇ ਨਾਮਧਾਰੀ ਪੰਥ ਦੇ ਪ੍ਰਸਿੱਧ ਵਿਦਵਾਨ ਸਨ ਜਿਹਨਾਂ ਦੇ ਅਨੇਕ ਲੇਖ ਅਤੇ ਕਵਿਤਾਵਾਂ ਸਤਿਜੁਗ ਅਖਬਾਰ ਦੇ ਪੁਰਾਣੇ ਅੰਕਾਂ ਵਿਚ ਦੇਖੇ ਜਾ ਸਕਦੇ ਹਨ, ਸੰਤ ਵਰਿਆਮ ਸਿੰਘ ਦੇ ਵੱਡੇ ਭਰਾ ਸਨ, ਉਹ ਉਹਨਾਂ ਨੂੰ ੧੯੩੨-੩੩ ਈਸਵੀ ਵਿਚ ਚਿੱਤਰਕਾਰੀ ਦਾ ਕੰਮ



Sri Satguru Jagjit Singh Ji eLibrary NamdhariElibrary@gmail.com

ਸਿਖਾਉਣ ਲਈ ਐਫ. ਡਬਲਿਊ ਕੰਪਨੀ ਲਾਹੌਰ ਛੱਡ ਗਏ, ਸੰਤਾਂ ਦਾ ਹੱਥ ਸ਼ੁਰੂ ਤੋਂ ਹੀ ਬਹੁਤ ਸਾਫ ਸੀ ਅਤੇ ਸੰਤਾਂ ਦੀ ਚਿੱਤਰਕਾਰੀ ਦੇ ਕਾਰਜ ਨੂੰ ਦੇਖ ਕੇ ਕੰਪਨੀ ਦੇ ਮਾਲਕ ਬਹੁਤ ਪ੍ਰਸੰਨ ਹੁੰਦੇ। ਉਸ ਸਮੇਂ ਹੀ ਸੰਤਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਤਸਵੀਰ ਬਣਾਈ ਜੋ ਸਭ ਨੇ ਬਹੁਤ ਪਸੰਦ ਕੀਤੀ ਉਸ ਤਸਵੀਰ ਦੀ ਕੰਨਸੋਅ ਕਿਸੇ ਤਰ੍ਹਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਤੱਕ ਵੀ ਪੁੱਜੀ। ਸਤਿਗੁਰੂ ਜੀ ਨੇ ਸੰਤ ਸ਼ੇਰ ਸਿੰਘ ਹੰਸ ਨੂੰ ਸੁਨੇਹਾ ਭੇਜਿਆ ਕਿ ਉਹ ਵਰਿਆਮ ਸਿੰਘ ਨੂੰ ਸ੍ਰੀ ਭੈਣੀ ਸਾਹਿਬ ਭੇਜ ਦੇਵੇ। ਇਸ ਤੋਂ ਪਹਿਲਾਂ ਉਹਨਾਂ ਨੇ ੧੯੩੩ ਈਸਵੀ ਵਿਚ ਪ੍ਰਸਿੱਧ ਚਿੱਤਰਕਾਰ ਸ. ਸੋਭਾ ਸਿੰਘ ਕੋਲ ਲਾਹੌਰ ਚਿੱਤਰਕਾਰੀ ਦਾ ਕੰਮ ਸਿੱਖਣਾ ਸ਼ੁਰੂ ਕੀਤਾ ਸੀ ਪ੍ਰੰਤੂ ਉਹਨਾਂ ਕੋਲ ਕੋਈ ਜ਼ਿਆਦਾ ਸਮਾਂ ਨਾ ਰਹੇ।

**ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸ਼ਰਣ ਵਿਚ ਆਉਣਾ—**

ਸ. ਸੋਭਾ ਸਿੰਘ ਜੀ ਤੋਂ ਚਿੱਤਰਕਾਰੀ ਸਿੱਖਣ ਤੋਂ ਪਹਿਲਾਂ ਸਕੂਲ ਵਿਚ ਉਹਨਾਂ ਨੇ ਸਕੂਲ ਮਾਸਟਰ ਕਰਤਾਰ ਸਿੰਘ ਗੁਜਰਾਂਵਾਲੇ ਤੋਂ ਵੀ ਚਿੱਤਰਕਾਰੀ ਦਾ ਹੁਨਰ ਸਿੱਖਿਆ ਸੀ ਅਤੇ ਆਪਣੀ ਕਲਪਨਾ ਨਾਲ ਲਗਭਗ ੧੯੨੯ ਈਸਵੀ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਇਕ ਤਸਵੀਰ ਬਣਾਈ ਸੀ। ਜਿਸਨੂੰ ਵੇਖਕੇ ਉਸਦੇ ਵੱਡੇ ਭਰਾ ਸੰਤ ਸ਼ੇਰ ਸਿੰਘ ਹੰਸ ਬਹੁਤ ਪ੍ਰਭਾਵਤ ਹੋਏ ਸਨ। ਅਖੀਰ ੧੯੩੫ ਈਸਵੀ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਤਾਂ ਨੂੰ ਆਪਣੇ ਕੋਲ ਸ੍ਰੀ ਭੈਣੀ ਸਾਹਿਬ ਬੁਲਾ ਲਿਆ ਅਤੇ ਸੰਤਾਂ ਦੇ ਵੱਡੇ ਭਰਾ ਉਹਨਾਂ ਨੂੰ ਸ੍ਰੀ ਭੈਣੀ ਸਾਹਿਬ ਛੱਡ ਗਏ। ਸਤਿਗੁਰਾਂ ਦੀ ਕਿਰਪਾ ਨਾਲ ਉਹਨਾਂ ਦੀ ਰਿਹਾਇਸ਼ ਦਾ ਪ੍ਰਬੰਧ ਸ੍ਰੀ ਭੈਣੀ ਸਾਹਿਬ ਕਰ ਦਿੱਤਾ ਗਿਆ। ਸੰਤ ਜੀ ਦੱਸਦੇ ਸਨ ਕਿ ਉਹ, ਮਾਤਾ ਜੀਵਨ ਕੌਰ ਜੀ ਦੀ ਸਖਸ਼ੀਅਤ ਤੋਂ ਬਹੁਤ ਪ੍ਰਭਾਵਤ ਹੋਏ ਜੋ ਆਪਣੇ ਹੱਥੀਂ ਲੰਗਰ ਆਪ ਵਰਤਾਇਆ ਕਰਦੇ ਸਨ ਅਤੇ ਕਿਸੇ ਵੀ ਦਰ ਆਏ ਨੂੰ ਖਾਲੀ ਨਹੀਂ ਸਨ ਮੋੜਦੇ ਅਤੇ ਸਦਾ-ਵਰਤ ਲਗਾਈ ਰੱਖਦੇ ਸਨ।

**ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਬਣਾਉਣੀ—**

੧੯੩੫ ਈਸਵੀ ਵਿਚ ਸ੍ਰੀ ਭੈਣੀ ਸਾਹਿਬ ਆਉਣ ਤੋਂ ਬਾਅਦ ਇਕ ਦਿਨ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੁਸੱਵਰ ਜੀ ਨੂੰ ਹੁਕਮ ਦਿੱਤਾ ਕਿ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਬਣਾਓ। ਹੁਕਮ ਦੀ ਪਾਲਣਾ ਕਰਨ ਲਈ ਸੰਤਾਂ ਨੇ ਇਕ ਤਸਵੀਰ ਬਣਾਈ ਪ੍ਰੰਤੂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾ-ਮਨਜ਼ੂਰ ਕਰ ਦਿੱਤੀ, ਸੰਤਾਂ ਨੇ ਫੇਰ ਤਸਵੀਰ ਬਣਾਈ ਤੇ ਉਹ ਵੀ ਅਪ੍ਰਵਾਨ ਹੋਈ। ਇਸ ਪ੍ਰਕਾਰ ਅਨੇਕ ਵਾਰੀ ਸੰਤਾਂ ਨੇ ਤਸਵੀਰ ਬਣਾਈ ਪਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਪਸੰਦ ਨਾ ਆਈ।

ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮੁਸੱਵਰ ਜੀ ਨੂੰ ਕਿਹਾ, ਤੁਸੀਂ ਰਾਤ ਨੂੰ ਸਨਕੇਸ਼ੀ ਇਸ਼ਨਾਨ ਕਰਕੇ ਅਰਦਾਸਾ ਕਰਕੇ ਬਿਰਾਜਿਓ। ਮੁਸੱਵਰ ਜੀ ਨੇ ਐਸਾ ਹੀ ਕੀਤਾ, ਤਾਂ ਅੱਧੀ ਰਾਤ ਬੀਤਣ ਸਮੇਂ ਮੁਸੱਵਰ ਜੀ ਦੇ ਦੱਸਣ ਅਨੁਸਾਰ ਉਹਨਾਂ ਦਾ ਸਾਰਾ ਕਮਰਾ ਅਦੁੱਤੀ ਪ੍ਰਕਾਸ਼ ਨਾਲ ਭਰ ਗਿਆ, ਇਸ ਤਰ੍ਹਾਂ ਜਾਪਦਾ ਸੀ ਕਿ ਮਾਨੋ ਹਜ਼ਾਰਾਂ ਕਰੋੜਾਂ ਸੂਰਜਾਂ ਦਾ ਪ੍ਰਕਾਸ਼ ਹੋ ਗਿਆ ਹੋਵੇ ਅਤੇ ਨੂਰਾਨੀ ਪ੍ਰਕਾਸ਼ ਦੇ ਵਿਚਕਾਰ ਚੌਕੜੀ ਮਾਰੀ ਸਤਿਗੁਰੂ ਰਾਮ ਸਿੰਘ ਜੀ ਦੇ ਆਸਣ ਤੇ ਬੈਠਿਆਂ ਦੇ ਦਰਸ਼ਨ ਹੋਏ, ਹੁਣ ਉਹ ਨੂਰਾਨੀ ਸੂਰਤ ਸੰਤਾਂ ਨੇ ਆਪਣੇ ਮਨ ਵਿਚ ਵਸਾ ਲਈ। ਛੇਤੀ ਹੀ ਸਤਿਗੁਰੂ ਰਾਮ ਸਿੰਘ ਜੀ ਅਲੋਪ ਹੋ ਗਏ ਅਤੇ ਕਮਰੇ ਵਿਚ ਪਹਿਲਾਂ ਵਾਂਗ ਹੀ ਹਨੇਰਾ ਹੋ ਗਿਆ।

ਸਵੇਰ ਸਮੇਂ ਆਮ ਵਾਂਗ ਮੁਸੱਵਰ ਜੀ ਉੱਠੇ ਅਤੇ ਨਿੱਤ ਦੀ ਕਿਰਿਆ ਸਾਧ ਕੇ ਫਿਰ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਬਣਾਉਣ ਲੱਗ ਪਏ, ਜਿਵੇਂ ਰਾਤੀਂ ਦਰਸ਼ਨ ਕੀਤੇ ਸਨ, ਉਹੋ ਜਿਹੇ ਨੈਣ ਨਕਸ਼ਾਂ ਦਾ ਆਕਾਰ ਉਲੀਕਿਆ ਅਤੇ ਫਿਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਵਿਖਾਉਣ ਲੈ ਗਏ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਤਸਵੀਰ ਦੇਖੀ ਤਾਂ ਕੁਝ ਪਸੰਦ ਕੀਤੀ ਅਤੇ ਫਿਰ ਮੁਸੱਵਰ ਜੀ ਕੋਲੋਂ ਪੈਨਸਿਲ ਲੈ ਕੇ ਤਸਵੀਰ ਤੇ ਕੁਝ ਆਪ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੋਧਾਈ ਕੀਤੀ, ਫਿਰ ਮੁਸੱਵਰ ਜੀ ਨੂੰ ਕਿਹਾ ਕਿ ਇਸ ਵਿਚ ਰੰਗ ਭਰੋ। ਇਸ ਪ੍ਰਕਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਨਿਗਰਾਨੀ ਹੇਠ ਨਾਮਧਾਰੀ ਇਤਿਹਾਸ ਦੀਆਂ ਤਸਵੀਰਾਂ ਉਲੀਕਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਜੋ ਉਹਨਾਂ ਦੇ ਸਵਰਗਵਾਸ ਹੋਣ ਤੱਕ ਬਾਦਸਤੂਰ ਜਾਰੀ ਰਿਹਾ।

ਮੁਸੱਵਰ ਜੀ ਨੇ ਸਾਰਾ ਨਾਮਧਾਰੀ ਇਤਿਹਾਸ ਚਿੱਤਰਾਂ ਰਾਹੀਂ ਲੋਕਾਂ ਤੱਕ ਪਹੁੰਚਾਇਆ ਅਤੇ ਲੋਕਾਈ ਤੋਂ ਵਾਹ ਵਾਹ ਖੱਟੀ। ਸਤਿਗੁਰਾਂ ਦੀ ਕਿਰਪਾ ਸਦਕਾ ਅਤੇ ਮੁਸੱਵਰ ਦੀ ਘਾਲਣਾ ਸਦਕਾ ਨਾਮਧਾਰੀ ਜਗਤ ਅੰਦਰ "ਨਾਮਧਾਰੀ ਸਕੂਲ ਆਫ ਆਰਟ" ਹੋਂਦ ਵਿਚ ਆਇਆ ਜਿਸਦੀ ਆਪਣੀ ਵਿਲੱਖਣਤਾ ਅਤੇ ਅਨੋਖਾ ਅੰਦਾਜ਼ ਸੀ, ਜਿਸ ਬਾਰੇ ਵੇਰਵੇ ਸਹਿਤ ਇਕ ਵੱਖਰੇ ਲੇਖ ਵਿਚ ਜ਼ਿਕਰ ਕਰਾਂਗਾ। ਨਾਮਧਾਰੀ ਇਤਿਹਾਸ ਤੋਂ ਬਿਨਾਂ ਹੋਰ ਵੀ ਸਿੱਖ ਇਤਿਹਾਸ ਦੇ ਵੱਖ-ਵੱਖ ਖੇਤਰਾਂ ਨੂੰ ਉਹਨਾਂ ਨੇ ਬੁਰਸ਼ ਦੀ ਛੋਹ ਬਖਸ਼ੀ ਸੀ। ੧੯੬੯ ਵਿਚ ਸਿੱਖ ਜਗਤ ਨੇ "ਗੁਰੂ ਨਾਨਕ ਦੇਵ ਜੀ ਦੀ ਪੰਜ ਸੌ ਸਾਲਾ ਅਵਤਾਰ ਸ਼ਤਾਬਦੀ ਸਮਾਰੋਹ" ਵਿਆਪਕ ਪੱਧਰ ਤੇ ਮਨਾਇਆ। ਉਹਨਾਂ ਦੀ ਯਾਦ ਨੂੰ ਸਮਰਪਿਤ ਸਤਿਜੁਗ ਅਖਬਾਰ ਨੇ ਵੀ "ਗੁਰੂ ਨਾਨਕ ਅੰਕ"



Sri Satguru Jagjit Singh Ji eLibrary NamdhariElibrary@gmail.com

ਪ੍ਰਕਾਸ਼ਤ ਕੀਤਾ ਸੀ ਜਿਸ ਲਈ ਸੰਤ ਵਰਿਆਮ ਸਿੰਘ ਜੀ ਮੁਸੱਵਰ ਨੇ ਅਨੇਕ ਤਸਵੀਰਾਂ ਤਿਆਰ ਕੀਤੀਆਂ ਸਨ ਜੋ ਸਾਰੀਆਂ ਹੀ ਇਸ ਐਲਬਮ ਵਿਚ ਪ੍ਰਕਾਸ਼ਤ ਕੀਤੀਆਂ ਜਾ ਰਹੀਆਂ ਹਨ। ਇਸ ਤੋਂ ਪਹਿਲਾਂ ੧੯੬੬ ਈਸਵੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਤਿੰਨ ਸੌ ਸਾਲਾ ਅਵਤਾਰ ਸ਼ਤਾਬਦੀ ਦੇ ਮੌਕੇ ਸਤਿਜੁਗ ਅਖਬਾਰ ਨੇ "ਗੁਰੂ ਗੋਬਿੰਦ ਸਿੰਘ ਅੰਕ" ਪ੍ਰਕਾਸ਼ਤ ਕੀਤਾ ਸੀ ਜਿਸ ਵਿਚ ਮੁਸੱਵਰ ਜੀ ਨੇ ਨੈਣਾ ਦੇਵੀ ਦੇ ਟਿੱਲੇ ਤੇ ਗੁਰੂ ਜੀ ਵਲੋਂ ਦੇਵੀ ਪੂਜਨ ਕਰਦੇ ਹੋਇਆਂ ਦੀ ਤਸਵੀਰ ਤਿਆਰ ਕਰਕੇ ਪ੍ਰਕਾਸ਼ਤ ਕਰਵਾਈ ਸੀ ਜੋ ਉਹਨਾਂ ਦੀ ਇਕ ਸ਼ਾਹਕਾਰ ਕਿਰਤ ਸੀ।

੧੯੭੨ ਈਸਵੀ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਪ੍ਰਦੇਸ਼ ਗਵਨ ਸ਼ਤਾਬਦੀ, ਨਾਮਧਾਰੀ ਜਗਤ ਨੇ ਮਨਾਈ, ਫਿਰ ੧੯੭੫ ਈਸਵੀ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਤਿੰਨ ਸੌ ਸਾਲਾ ਸ਼ਹੀਦੀ ਪੁਰਬ ਸਿੱਖ ਜਗਤ ਨੇ ਮਨਾਇਆ ਅਤੇ ੧੯੭੯ ਈਸਵੀ ਵਿਚ ਸੂਬਾ ਸਾਹਿਬ ਸਿੰਘ ਜੀ ਦੀ ਸ਼ਹੀਦੀ ਸ਼ਤਾਬਦੀ ਪੁਰਬ ਨਾਮਧਾਰੀ ਜਗਤ ਨੇ ਮਨਾਇਆ, ਉਹਨਾਂ ਸ਼ਤਾਬਦੀਆਂ ਦੇ ਸੰਬੰਧ ਵਿਚ ਸਤਿਜੁਗ ਅਖਬਾਰ ਨੇ ਖੋਜ ਭਰਪੂਰ ਲੇਖਾਂ ਨਾਲ ਮਹਿਕਦੇ ਵਿਸ਼ੇਸ਼ ਅੰਕ ਪ੍ਰਕਾਸ਼ਤ ਕੀਤੇ। ਉਹਨਾਂ ਅੰਕਾਂ ਨਾਲ ਸੰਬੰਧਤ ਮੁਸੱਵਰ ਜੀ ਨੇ ਅਨੇਕ ਚਿੱਤਰ ਤਿਆਰ ਕੀਤੇ ਜੋ ਵਿਸ਼ੇਸ਼ ਅੰਕਾਂ ਵਿਚ ਪ੍ਰਕਾਸ਼ਤ ਹੋਏ ਜਿਹਨਾਂ ਨੂੰ ਸਮੁੱਚੇ ਜਗਤ ਨੇ ਪਸੰਦ ਕੀਤਾ ਅਤੇ ਉਹਨਾਂ ਚਿੱਤਰਾਂ ਨੇ ਮੁਸੱਵਰ ਜੀ ਦਾ ਨਾਮ, ਇਤਿਹਾਸ ਦੇ ਪੰਨਿਆਂ ਵਿਚ ਸਦਾ ਲਈ ਅਮਰ ਕਰ ਦਿੱਤਾ ਹੈ।

ਸ਼ਤਾਬਦੀ ਪੁਰਬਾਂ ਨਾਲ ਸੰਬੰਧਤ ਵਿਸ਼ੇਸ਼ ਅੰਕਾਂ ਤੋਂ ਬਿਨਾਂ ਜਦੋਂ ਵੀ ਬਸੰਤ ਪੁਰਬ ਤੇ ਹਰ ਸਾਲ 'ਸਤਿਜੁਗ ਅਖਬਾਰ' ਦੇ 'ਬਸੰਤ ਅੰਕ' ਛਪਦੇ ਤਾਂ ਸੰਤ ਜੀ ਬੜੀ ਰੀਝ ਤੇ ਚਾਉ ਨਾਲ ਸਤਿਗੁਰਾਂ ਦੀਆਂ ਨਵੀਆਂ ਤਸਵੀਰਾਂ ਬਣਾਉਂਦੇ ਅਤੇ ਬਸੰਤ ਅੰਕਾਂ ਦੇ ਟਾਈਟਲ ਚਿਤਰਦੇ ਸਨ ਜਿਹਨਾਂ ਨੂੰ ਪਾਠਿਕ ਬਹੁਤ ਪਸੰਦ ਕਰਿਆ ਕਰਦੇ ਸਨ। ਉਹਨਾਂ ਨੇ ਕੁਲ ਕਿਤਨੀਆਂ ਤਸਵੀਰਾਂ ਭਾਵ ਚਿੱਤਰ ਬਣਾਏ, ਇਸ ਗਿਣਤੀ ਬਾਰੇ ਉਹਨਾਂ ਨੂੰ ਆਪ ਵੀ ਪਤਾ ਨਹੀਂ ਸੀ, ਉਹਨਾਂ ਦੇ ਅਨੇਕ ਬਣਾਏ ਚਿੱਤਰ ਅੱਜ ਦੁਰਲੱਭ ਹੋ ਗਏ ਹਨ। ਨਾਮਧਾਰੀ ਦਰਬਾਰ ਜਾਂ ਕਿਸੇ ਹੋਰ ਸੰਸਥਾ ਨੇ ਉਹਨਾਂ ਦੇ ਬਣਾਏ ਚਿੱਤਰਾਂ ਦੀ ਸੰਭਾਲ ਨਾ ਕੀਤੀ। ਉਦਾਹਰਣ ਵਜੋਂ ਸਵਾਮੀ ਤਖਤ ਸਿੰਘ ਜੀ ਦਾ ਇਕ ਚਿੱਤਰ ਮੁਸੱਵਰ ਜੀ ਨੇ ਤਿਆਰ ਕੀਤਾ ਸੀ, ਉਹ ਸਤਿਗੁਰੂ ਰਾਮ ਸਿੰਘ ਜੀ ਦੇ ਸਮਕਾਲੀ ਸਿੱਖ ਸਨ ਜਿਹਨਾਂ ਬਾਰੇ ਆਖਿਆ ਜਾਂਦਾ ਹੈ ਕਿ ਉਹ ਹਵਾ ਵਿਚ ਉੱਡ ਜਾਂਦੇ ਸਨ। ਇਕ ਵਾਰ ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ ਵੱਲ ਦਰਸ਼ਨ ਕਰਨ ਜਾਂਦੇ ਹੋਏ ਬਿਦੇਸ਼ੀ ਹਕੂਮਤ ਦੇ ਕਰਮਚਾਰੀਆਂ ਨੇ ਉਹਨਾਂ ਨੂੰ ਪਕੜ ਲਿਆ ਸੀ। ਜਦੋਂ ਅਫਸਰ ਨੇ ਸਵਾਮੀ ਜੀ ਨੂੰ ਪੁੱਛਿਆ ਕਿ ਸਾਨੂੰ ਪਤਾ ਲੱਗਾ ਹੈ ਕਿ ਤੁਸੀਂ ਹਵਾ ਵਿਚ ਉੱਡ ਜਾਂਦੇ ਹੋ, ਐਸਾ ਕਰਕੇ ਵਿਖਾਓ। ਸਵਾਮੀ ਜੀ ਨੇ ਹੱਥ ਜੋੜ ਅਰਦਾਸ ਕੀਤੀ, ਗੁਰੂ ਵਾਲੀ ਕਾਰ ਉਹਨਾਂ ਅੰਦਰ ਸਮਾਅ ਗਈ ਤਾਂ ਆਪ ਜੀ ਹਵਾ ਵਿਚ ਉੱਡ ਗਏ ਅਤੇ ਫਿਰ ਆਪ ਹੀ ਆਪਣੀ ਮੌਜ ਨਾਲ ਵਾਪਸ ਆਏ ਸਨ। ਬਿਦੇਸ਼ੀ ਅਫਸਰ ਇਹ ਦ੍ਰਿਸ਼ ਦੇਖ ਕੇ ਬਹੁਤ ਹੈਰਾਨ ਹੋਇਆ। ਉਸ ਨਿਰਾਲੇ ਗੁਰ ਸਿੱਖ ਦੀ ਤਸਵੀਰ, ਮੁਸੱਵਰ ਜੀ ਨੇ ਤਿਆਰ ਕੀਤੀ ਸੀ ਪ੍ਰੰਤੂ ਉਸ ਤਸਵੀਰ ਦੀ ਕਿਤੇ ਵੀ ਅੱਜ ਕੰਨਸੋਅ ਨਹੀਂ ਮਿਲਦੀ। ਐਸੇ ਹੀ ਕੁਝ ਹੋਰ ਕਲਾਕ੍ਰਿਤੀਆਂ ਵੀ ਸਮੇਂ ਦੀ ਪੈੜ ਵਿਚ ਗੁੰਮ ਹੋ ਗਈਆਂ ਹਨ ਜਿਹਨਾਂ ਦੀ ਸੰਭਾਲ ਕਰਨੀ ਬਹੁਤ ਜ਼ਰੂਰੀ ਹੈ।

**ਸ੍ਰੀ ਜੀਵਨ ਨਗਰ ਵਿਖੇ ਨਿਵਾਸ ਰੱਖਣਾ—**

੧੯੪੭ ਈਸਵੀ ਦੀ ਦੇਸ਼ ਵੰਡ ਤੋਂ ਬਾਅਦ ਹੋਰ ਨਾਮਧਾਰੀ ਸਿੱਖਾਂ ਵਾਂਗ ਉਹ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਨਾਲ ਲਾਹੌਰ ਤੋਂ ਏਧਰ ਆ ਗਏ ਅਤੇ ਮੰਡੀ ਜਾ ਨਿਵਾਸ ਕੀਤਾ, ਉੱਥੇ ਜਾ ਕੇ ਵੀ ਉਹਨਾਂ ਦੀ ਪਹਿਲਾਂ ਵਾਲੀ ਭਾਵ ਵੈਰਾਗੀਆਂ ਵਾਲੀ ਹਾਲਤ ਰਹਿੰਦੀ, ਉਹਨਾਂ ਨੂੰ ਰੋਜ਼ਾਨਾਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੁੰਦੇ, ਉਹਨਾਂ ਨੂੰ ਆਪਣੇ ਹੱਥੀਂ ਪ੍ਰਸ਼ਾਦਾ ਛਕਾਉਂਦੇ ਅਤੇ ਦਰਸ਼ਨਾਂ ਦਾ ਲਾਹਾ ਖੱਟਦੇ ਰਹੇ। ਇਕ ਵਾਰ ਤਾਂ ਉਹਨਾਂ ਨੂੰ ਬਾਰਾਂ ਪਾਤਸ਼ਾਹੀਆਂ ਦੇ ਦਰਸ਼ਨ ਵੀ ਹੋਏ ਅਤੇ ਸਤਿਗੁਰੂ ਰਾਮ ਸਿੰਘ ਜੀ ਨੇ ਉਹਨਾਂ ਨੂੰ ਪੂਰੇ ਬ੍ਰਹਿਮੰਡ ਦੇ ਦਰਸ਼ਨ ਵੀ ਕਰਾਏ।

ਮੰਡੀ ਵਿਚ ਮੁਸੱਵਰ ਜੀ ਕੁਝ ਮਹੀਨੇ ਹੀ ਰਹੇ, ਫਿਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਨਾਲ ਦਿੱਲੀ ਆ ਗਏ ਅਤੇ ਪਹਿਲਾਂ ਵਾਂਗ ਹੀ ਵੈਰਾਗੀ ਹੋਏ ਰਹਿੰਦੇ ਅਤੇ ਦਿਨ ਰਾਤ ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿਚ ਗੜੂੰਦ ਰਹਿੰਦੇ। ਉੱਥੇ ਹੀ ਉਹਨਾਂ ਨੇ ਜਮਨਾ ਦਰਿਆ ਦੇ ਪਾਣੀ ਵਿਚ ਚਾਲੀਹੇ ਕਟਣੇ ਸ਼ੁਰੂ ਕੀਤੇ। ਸੰਤਾਂ ਦੇ ਦੱਸਣ ਅਨੁਸਾਰ ਇਹ ਉਹ ਦਿਨ ਸਨ ਜਦੋਂ ਦੇਸ਼ ਨੂੰ ਸੁਤੰਤਰਤਾ ਪ੍ਰਾਪਤ ਕੀਤਿਆਂ ਅਜੇ ਸਾਲ ਹੀ ਹੋਇਆ ਸੀ ਅਤੇ ਮਹਾਤਮਾ ਗਾਂਧੀ ਨੂੰ ਨੱਥੂ ਰਾਮ ਗੌਡਸੇ ਨੇ ਗੋਲੀ ਮਾਰਕੇ ਸ਼ਹੀਦ ਕਰ ਦਿੱਤਾ ਸੀ। ਦੇਸ਼ ਵਿਚ ਇਕ ਵਾਰ ਅਸਥਿਰਤਾ ਦਾ ਮਾਹੌਲ ਬਣ ਗਿਆ ਸੀ। ਰਾਤ ਸਮੇਂ ਸੰਤ ਜੀ ਦਰਿਆ ਜਮਨਾ ਦੇ ਕੰਢੇ ਚਾਲੀਹੇ ਕੱਟਣ ਜਾਂਦੇ ਅਤੇ ਰੋਜ਼ਾਨਾ ਰਾਤ ਨੂੰ ਚਾਲੀ ਦਿਨ ਦਰਿਆ ਦੇ ਪਾਣੀ ਵਿਚ ਖੜ੍ਹੇ ਹੋ ਕੇ ਨਾਮ ਜਪਦੇ ਰਹੇ। ਸੰਤ ਜੀ ਨੇ ਦੱਸਿਆ ਸੀ ਕਿ ਇਕ ਵਾਰ ਦਰਿਆ ਵਿਚ ਗਲ ਤੱਕ ਪਾਣੀ ਵਿਚ ਖੜ੍ਹੇ ਹੋਏ ਸਨ ਕਿ ਦੁਆਲੇ ਮਗਰਮੱਛਾਂ ਨੇ ਘੇਰਾ ਪਾ



Sri Satguru Jagjit Singh Ji eLibrary NamdhariElibrary@gmail.com

ਲਿਆ, ਠੀਕ ਉਸੇ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੈਵੀ ਦਰਸ਼ਨ ਹੋਏ, ਉਨ੍ਹਾਂ ਕਿਹਾ, "ਇਹ ਮਗਰਮੱਛ ਤੈਨੂੰ ਕੁਝ ਨਹੀਂ ਕਹਿਣਗੇ ਪਰ ਤੂੰ ਹੁਣ ਚਾਲੀਹੇ ਕੱਟਣ ਇਥੇ ਨਾ ਆਇਆ ਕਰ।"

ਉਹਨਾਂ ਦਿਨਾਂ ਵਿਚ ਸੰਤ ਜੀ ਮਹਿਤਾ ਸ਼ਿਵਨਾਥ ਦੀ ਕੰਪਨੀ ਮਹਿਤਾ ਹਾਫਟੋਨ ਕੰਪਨੀ ਵਿਚ ਬੈਂਕ ਦੇ ਚੈੱਕ ਚਿਤਰਨ ਦਾ ਕੰਮ ਵੀ ਕਰਿਆ ਕਰਦੇ ਸਨ। ਸੰਤਾਂ ਨੇ ਬੋਰਡ ਲੈ ਕੇ ਬੈਠ ਜਾਣਾ ਅਤੇ ਕੰਮ ਕੁਝ ਨਾ ਕਰਨਾ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਵਿਯੋਗ ਵਿਚ ਨੈਣਾਂ 'ਚੋਂ ਨੀਰ ਸਾਰਾ ਦਿਨ ਵਗਦਾ ਰਹਿੰਦਾ ਪ੍ਰੰਤੂ ਜਦੋਂ ਸ਼ਾਮ ਨੂੰ ਕੰਪਨੀ ਦੇ ਮਾਲਿਕ ਮਹਿਤਾ ਸ਼ਿਵ ਨਾਥ ਨੇ ਆਉਣਾ ਤਾਂ ਬੋਰਡ ਦੇਖ ਕੇ ਕਹਿਣਾ, "ਵਾਹ! ਸੰਤ ਜੀ, ਕੰਮ ਤਾਂ ਬਹੁਤ ਅੱਛਾ ਹੋ ਗਿਆ।" ਭਾਵ ਬੈਂਕ ਦੇ ਚੈੱਕ ਬਹੁਤ ਅੱਛੇ ਚਿੱਤਰੇ ਗਏ ਹਨ। ਸੰਤ ਜੀ ਨੇ ਦੱਸਿਆ ਸੀ ਕਿ ਮੈਂ ਕੰਮ ਤਾਂ ਕੋਈ ਕਰਦਾ ਨਹੀਂ ਸੀ ਪ੍ਰੰਤੂ ਇਹ ਸਭ ਕੁਝ ਸਤਿਗੁਰੂ ਰਾਮ ਸਿੰਘ ਜੀ ਹੀ ਕਰ ਜਾਇਆ ਕਰਦੇ ਸਨ।

ਕੁਝ ਸਮਾਂ ਸੰਤ ਜੀ ਦਿੱਲੀ ਰਹਿ ਕੇ ਫਿਰ ਸਤਿਗੁਰਾਂ ਦੇ ਹੁਕਮ ਨਾਲ ਸ੍ਰੀ ਜੀਵਨ ਨਗਰ ਆ ਗਏ ਅਤੇ ਆਪਣੀ ਸਿੰਘਣੀ ਤੇਜ ਕੌਰ ਜੀ ਨਾਲ ਜੀਵਨ ਨਗਰ ਰਹਿਣ ਲੱਗੇ। ਉਹਨਾਂ ਦਾ ਲੜਕਾ ਕੋਈ ਨਹੀਂ ਸੀ, ਇਕ ਲੜਕੀ ਗੁਰਸ਼ਰਨ ਕੌਰ ਹੈ ਜੋ ਕਾਨ੍ਹਪੁਰ ਵਿਆਹੀ ਹੋਈ ਹੈ। ਸੰਤਾਂ ਦੇ ਘਰ ਲੜਕੇ ਵੀ ਹੋਏ ਪ੍ਰੰਤੂ ਬਚਪਨ ਵਿਚ ਹੀ ਅਕਾਲ ਚਲਾਣਾ ਕਰ ਜਾਂਦੇ ਰਹੇ। ਬੀਬੀ ਗੁਰਸ਼ਰਨ ਕੌਰ ਦਾ ਲੜਕਾ ਅਤੇ ਉਸਦੀ ਪਤਨੀ, (ਸੰਤਾਂ ਦਾ ਦੋਹਤਰਾ ਅਤੇ ਦੋਹਤ ਨੂੰਹ) ਸੰਤਾਂ ਦੀ ਬੁਢਾਪੇ ਵਿਚ ਜੀਵਨ ਨਗਰ ਸੇਵਾ ਕਰਦੇ ਰਹੇ।

**ਸੰਤਾਂ ਦੀ ਮਸਤਾਨੀ ਬਿਰਤੀ ਦੇ ਨਿਰਾਲੇ ਕੌਤਕ—**

ਸੰਤ ਵਰਿਆਮ ਸਿੰਘ ਜੀ ਦੀ ਮਸਤਾਨੀ ਬਿਰਤੀ ਬਚਪਨ ਤੋਂ ਹੀ ਸੀ। ਜਦੋਂ ਉਹ ਪੰਜਵੀਂ-ਛੇਵੀਂ ਜਮਾਤ ਵਿਚ ਪੜ੍ਹਦੇ ਸਨ ਤਾਂ ਆਪ ਰੋਜ਼ਾਨਾ ਵਸੋਂ ਤੋਂ ਇਕ ਮੀਲ ਦੂਰ ਨਿਕਲ ਜਾਂਦੇ ਅਤੇ ਪੰਜ ਛੇ ਕਿੱਕਰਾਂ ਦੀ ਝੰਗੀ ਹੇਠ ਬੈਠ ਕੇ ਚੁੱਪ ਚਾਪ ਕੁਝ ਸੋਚਦੇ ਰਹਿੰਦੇ ਸਨ, ਹਾਲਾਂਕਿ ਉਸ ਸਮੇਂ ਅਜੇ ਉਹਨਾਂ ਨੇ ਨਾਮ ਨਹੀਂ ਸੀ ਲਿਆ। ਉਹਨਾਂ ਦੇ ਵੱਡੇ ਭਰਾ ਸੰਤ ਸ਼ੇਰ ਸਿੰਘ ਜੀ ਹੰਸ ਨੇ ਮੁਸੱਵਰ ਜੀ ਦੀ ਬਿਰਤੀ ਦੇਖ ਕੇ ਉਹਨਾਂ ਨੂੰ ਮਸਤਾਂ ਦੇ ਸਰਦਾਰ ਸੰਤ ਮਿਲਖਾ ਸਿੰਘ ਜੀ ਕੋਲ ਲੈ ਗਏ ਅਤੇ ਭਜਨ ਦਿਵਾਇਆ ਸੀ।

ਭਜਨ ਦੀ ਦਾਤ ਨਾਲ ਪੂਰਬਲੇ ਅੰਕੁਰ ਫੁਟ ਪਏ, ਪਹਿਲੇ ਦਿਨ ਹੀ ਜਦੋਂ ਬੋਹੜ ਦੇ ਮੁੱਢ ਦੇ ਆਸਰੇ (ਮੁਸੱਵਰ) ਬਾਲਕ ਵਰਿਆਮ ਸਿੰਘ ਜੀ ਭਜਨ ਕਰਦੇ ਸੌਂ ਗਏ ਤਾਂ ਉਹਨਾਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੁਪਨ ਦਰਸ਼ਨ ਹੋਏ, ਬਸ ਇਹੋ ਉਹਨਾਂ ਦੀ ਸੰਤ ਪਦਵੀ ਦੀ ਸ਼ੁਰੂਆਤ ਸੀ ਜੋ ਮੰਜ਼ਿਲ ਦਰ ਮੰਜ਼ਿਲ ਪਾਰ ਕਰਦੇ ਗਏ ਅਤੇ ਇਕ ਮੁਸੱਵਰ ਹੋਣ ਦੇ ਨਾਲ ਰਾਮ ਵਿਯੋਗੀ ਸੰਤ ਭਾਵ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਯੋਗ ਵਿਚ ਤੜਫਣ ਵਾਲੇ ਵਿਯੋਗੀ ਮਸਤਾਨੇ ਸੰਤ ਵਜੋਂ ਵੀ ਮਸ਼ਹੂਰ ਹੋਏ।

ਆਖਿਆ ਜਾਂਦਾ ਹੈ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਰਾਗੀ ਵਾਜੇ ਦੀ ਚੌਥੀ ਪੰਜਵੀਂ ਕਾਲੀ ਸੁਰ ਤੇ ਉਂਗਲਾਂ ਰੱਖਦੇ ਤਾਂ ਇਹਨਾਂ ਦੇ ਕਾਲਜੇ ਧੂਹ ਪੈਣ ਲਗ ਜਾਂਦੀ ਸੀ ਅਤੇ ਕਿਸੇ ਨੂੰ ਵੀ ਪਤਾ ਨਾ ਲੱਗਦਾ ਕਿ ਉਹ ਦੀਵਾਨ ਵਿਚ ਕਿਧਰੋਂ ਆ ਗਏ ਹਨ ਅਤੇ ਕਿਲਕਾਰੀਆਂ ਮਾਰਦੇ ਲੋਟ ਪੋਟ ਹੋਈ ਜਾਂਦੇ। ਦੀਵਾਨਾਂ ਸਮੇਂ ਹਵਨ ਹੁੰਦੇ ਤਾਂ ਸਖਤ ਪਹਿਰੇ ਦੇ ਬਾਵਜੂਦ ਵੀ ਪਤਾ ਨਹੀਂ ਸੀ ਲਗਦਾ ਕਿ ਕਿਹੜੇ ਪਾਸੇ ਤੋਂ ਸੰਤ ਜੀ ਵਾਵਰੋਲੇ ਵਾਂਗ ਆ ਕੇ ਹਵਨ ਵਿਚ ਛਾਲ ਮਾਰ ਦਿੰਦੇ ਸਨ, ਅਗਨੀ ਪ੍ਰਚੰਡ ਹੋਈ ਹੁੰਦੀ ਪ੍ਰੰਤੂ ਕਦੇ ਵੀ ਉਹਨਾਂ ਦੇ ਸਰੀਰ ਦੇ ਰੋਮ ਤੱਕ ਨੂੰ ਵੀ ਅਗਨੀ ਨੇ ਨਹੀਂ ਸੀ ਸਾੜਿਆ। ਸ੍ਰੀ ਸਤਿਗੁਰ ਜਗਜੀਤ ਸਿੰਘ ਜੀ ਨੇ ੧੯੯੬ ਈਸਵੀ ਵਿਚ ਮੁਕੇਰੀਆਂ ਵਿਖੇ ਸੱਦ ਉਪਦੇਸ਼ ਵਿਚ ਕਿਰਪਾ ਕਰਦਿਆਂ ਦੱਸਿਆ ਸੀ ਕਿ "ਜੇ ਕਿਸੇ ਨੇ ਚੀਨੀ (ਖੰਡ) ਵਰਤਣ ਲਈ ਕਹਿਣਾ ਤਾਂ ਸੰਤਾਂ ਨੂੰ ਚੀਨੀ (ਚੀਨੀ ਘੋੜੀ ਵਾਲੇ ਸਤਿਗੁਰੂ ਰਾਮ ਸਿੰਘ ਜੀ) ਵਾਲੇ ਯਾਦ ਆ ਜਾਣੇ ਤਾਂ ਉਹਨਾਂ ਨੇ ਸਤਿਗੁਰਾਂ ਦੀ ਯਾਦ ਵਿਚ ਮਸਤਾਨੇ ਹੋ ਜਾਣਾ।"

ਜਦੋਂ ਆਪ ਜੀ ਦਿੱਲੀ, ਜਮਨਾ ਦੇ ਕੰਢੇ ਚਾਲੀਹੇ (ਸ਼ਿਲੇ) ਕੱਟਦੇ ਸਨ ਤਾਂ ਉਸ ਸਮੇਂ ਦਿੱਲੀ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਜਦੋਂ ਸੰਗਤ ਨੂੰ ਦਰਸ਼ਨ ਦਿੰਦੇ ਅਤੇ ਫਿਰ ਜੋ ਮੁਸੱਵਰ ਜੀ ਦੀ ਹਾਲਤ ਹੁੰਦੀ, ਉਸ ਮਸਤਾਨੀ ਹਾਲਤ ਬਾਰੇ ਉਹਨਾਂ ਨੇ ਮੈਨੂੰ ਦੱਸਿਆ ਸੀ ਜੋ ੧੯੮੭ ਈਸਵੀ ਦੇ ਬਸੰਤ ਅੰਕ ਵਿਚ ਵੀ ਪ੍ਰਕਾਸ਼ਤ ਹੋਇਆ ਸੀ, ਉਹਨਾਂ ਦੀ ਜ਼ਬਾਨੀ ਕਹੀ ਵਿਥਿਆ ਪੜ੍ਹੋ—

"...ਇਨ੍ਹਾਂ ਵੇਲਿਆਂ ਦੇ ਦੌਰਾਨ ਮੈਂ ਸਿੱਧਾ ਬਰਫ਼ਖਾਨੇ ਤੋਂ ਲੰਘ ਕੇ ਪਹਾੜ ਗੰਜ ਸਰਦਾਰ ਸੁੱਚਾ ਸਿੰਘ ਦੇ ਘਰ ਐਤਵਾਰ ਵਾਲੇ ਦਿਨ ਪਹੁੰਚਦਾ ਹੁੰਦਾ ਤਾਂ ਉੱਥੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਭਰਪੂਰ ਦੀਵਾਨ ਸਜਿਆ ਹੋਇਆ ਹੁੰਦਾ ਸੀ। ਉੱਥੇ ਵੈਰਾਗ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਸ਼ਬਦ ਪੜ੍ਹਦੇ ਸਨ— 'ਰੰਗ ਪੀਲੇ ਹੋ ਗਏ ਨੇ, ਰਾਮ ਵਿਯੋਗੀਆਂ ਦੇ...।' ਮੇਰੇ ਕੰਨਾਂ ਵਿਚ ਜਿਥੋਂ ਆਵਾਜ਼ ਪੈ ਜਾਣੀ, ਮੈਂ ਲੇਟਦਾ, ਡਿਗਦਾ, ਢਹਿੰਦਾ, ਦੀਵਾਨ ਵਿਚ ਪਹੁੰਚਦਾ ਤਾਂ ਸਾਰੀ ਸੰਗਤ ਨੇ ਵੈਰਾਗੀ ਹੋ ਜਾਣਾ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੀ ਵੈਰਾਗ ਦਸ਼ਾ ਵਿਚ ਹੀ ਸ਼ਬਦ ਉਚਾਰਣਾ ਤਾਂ ਕਈ ਵਾਰ ਉਹਨਾਂ ਦੀ ਦਸਤਾਰ ਦੇ ਪੇਚ ਵੀ ਡਿੱਗ ਪੈਣੇ। ਜੇ ਵਿਆਹ ਹੁੰਦੇ ਹੋਣੇ ਤੇ ਹਵਨ ਹੋਣੇ



Sri Satguru Jagjit Singh Ji eLibrary NamdhariElibrary@gmail.com

ਤਾਂ ਕਿੰਨਾ ਕਿੰਨਾ ਚਿਰ ਮੈਂ ਹਵਨ ਤੇ ਪਿਆ ਰਹਿਣਾ ਪਰ ਆਂਚ ਨਾ ਲੱਗਣੀ। ਉੱਥੋਂ ਉੱਠ ਕੇ ਸੰਤ ਤਾਰਾ ਸਿੰਘ ਘੜੀ ਸਾਜ ਵਾਲਿਆਂ ਦੇ ਜੁਆਈ ਆਗਿਆ ਸਿੰਘ ਦੇ ਘਰ ਕੱਪੜੇ ਧੋਣੇ ਤੇ ਹੋਟਲ ਤੋਂ ਰੋਟੀ ਖਾ ਲੈਣੀ।"

ਇਕ ਹੋਰ ਜਗ੍ਹਾ ਸੰਤ ਵਰਿਆਮ ਸਿੰਘ ਜੀ ਇਕ ਆਪਣੇ ਲੇਖ ਵਿੱਚ ਜੋ ੨੩ ਭਾਦਰੋਂ ੨੦੧੯ ਦੇ ਸਤਿਜੁਗ ਦੇ "ਸਤਿਗੁਰੂ ਪ੍ਰਤਾਪ ਸਿੰਘ ਅੰਕ" ਵਿੱਚ ਛਪਿਆ ਸੀ, ਆਪ ਜੀ ਲਿਖਦੇ ਹਨ :-

'...ਅਗਲੇ ਭਲਕ ਅੰਮ੍ਰਿਤ ਵੇਲੇ ਸੱਚੇ ਪਾਤਸ਼ਾਹ ਜੀ (ਸਤਿਗੁਰੂ ਪ੍ਰਤਾਪ ਸਿੰਘ ਜੀ) ਮੰਡੀ ਸੁਕੇਤ ਪਹਾੜਾਂ ਨੂੰ ਚਲੇ ਗਏ ਤੇ ਠੀਕ ਅਠਾਂ ਦਸਾਂ ਦਿਨਾਂ ਪਿਛੋਂ ਹੁਕਮ ਆ ਗਿਆ, ਵਰਿਆਮ ਸਿੰਘ ਨੂੰ ਆਖੋ ਕਿ ਰੰਗ ਵਗੈਰਾ ਲੈ ਕੇ ਏਥੇ ਪੁਜੇ।'

ਬੇਅੰਤ ਪਾਤਸ਼ਾਹ ਜੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਮੈਨੂੰ ਸਦ ਭੇਜਿਆ ਤੇ ਹੁਕਮ ਕੀਤਾ ਕਿ ਸੱਚੇ ਪਾਤਸ਼ਾਹ ਜੀ ਤੁਹਾਨੂੰ ਯਾਦ ਕਰ ਰਹੇ ਹਨ ਤਿਆਰ ਹੋਵੋ, ਸਾਡੇ ਨਾਲ ਮੋਟਰ ਤੇ ਸਰਸੇ ਤਕ ਬੈਠ ਜਾਵੋ। ਮੈਂ ਫਟਾ ਫਟ ਤਿਆਰ ਹੋ ਹਜ਼ੂਰ ਨਾਲ ਸਰਸੇ ਗਿਆ ਤੇ ਫੇਰ ਅਗੋਂ ਪਠਾਨਕੋਟ ਦੇ ਰਸਤੇ ਮੰਡੀ ਪੁਜਾ।

ਤਾਂ ਹੀ ਖਬਰ ਜੋ ਤਬਲੇ ਤੇ ਵਾਜਿਆਂ ਦੀ ਗੁੰਜਾਰ ਮੇਰੇ ਕੰਨਾਂ ਨੂੰ ਧੂਹਣ ਲਗ ਪਈ ਅਤੇ ਪਤਾ ਨਹੀਂ ਕਿਸ ਗ਼ੈਬੀ ਪਾਵਰ ਨੇ ਵਾ ਵਰੋਲਾ ਬਣ ਕੇ ਮੈਨੂੰ ਚੁਕਿਆ ਤੇ ਦੀਵਾਨ ਵਿੱਚ ਜਾ ਸੁਟਿਆ।

'ਪਿਰ ਦੇਖਣ ਕੀ ਆਸ ਕਾਗਾ ਓਇ....ਇਹ ਦੋਏ ਨੈਨਾ ਮਤ ਛੋਹੀਓ.....ਹਾਏ ਪਿਰ ਦੇਖਣ ਕੀ....।' ਦੀਵਾਨ ਵਿੱਚ ਸਨਾਟਾ ਛਾ ਗਿਆ। ਕੀ ਇਸਤ੍ਰੀ, ਕੀ ਪੁਰਸ਼, ਕੀ ਬੱਚਾ, ਕੀ ਬੁੱਢਾ ਸਭ ਦੇ ਨੈਣ ਛਮ ਛਮ ਬਰਸਨ ਲਗੇ ਤੇ ਲੱਗਾ ਮਸਤੀ ਦਾ ਦੌਰ ਚਲਣ। ਪੱਗਾਂ ਲਹਿ ਕੇ ਅਹੁ ਜਾ ਪਈਆਂ ਲਗੇ ਮਸਤੀ ਦੀਆਂ ਪੀਂਘਾਂ ਝੂਟਣ। ਬਣਾ ਲਈ ਮੇਰੇ ਪਿੰਡੇ ਦੀ ਅਹਿਰਨ, ਲਗੀ ਸ਼ਬਦ ਤੇ ਸ਼ਬਦ ਦੀ ਚੋਟ ਪੈਣ।

ਸੱਚੇ ਪਾਤਸ਼ਾਹ ਜੀ ਤੇ ਰਾਗੀਆਂ ਸੰਤ ਦਰਸ਼ਨ ਸਿੰਘ ਜੀ ਤੇ ਸੰਤ ਖਜਾਨ ਸਿੰਘ ਜੀ ਨੇ ਰੱਜ ਰੱਜ ਕੇ ਮੇਰਾ ਕੀਮਾ ਕੀਤਾ, ਸੰਗਤ ਦੀ ਵੈਰਾਗੀ, ਸਤਿਗੁਰੂ ਜੀ ਵੀ ਵੈਰਾਗੀ ਤੇ ਮੋੜੇ ਕੌਣ। ਦੋ ਤਿੰਨ ਘੰਟੇ ਚੰਗੀਆਂ ਬ੍ਰਿਹੋਂ ਵਿਛੁੰਨੀਆਂ ਮੱਛੀਆਂ ਤੜਫੀਆਂ, ਤੇ ਬੱਦਲਾਂ ਦੀਆਂ ਅੱਖਾਂ ਨੇ ਵੀ ਇਹ ਨਜ਼ਾਰਾ ਵੇਖ ਕੇ ਛਹਿਬਰ ਲਾ ਦਿਤੀ। ਇਕ ਘੰਟਾ ਨਾਮ ਸਿਮਰਨ ਪਿਛੋਂ ਅਰਦਾਸਾ ਹੋਇਆ ਤੇ ਮੈਨੂੰ ਕਿਸੇ ਪ੍ਰੇਮੀ ਨੇ ਚੁਕ ਕੇ ਇਕਲਵੰਜੇ ਕੋਠੜੀ ਵਿੱਚ ਜਾ ਸੁਆਇਆ।"

ਸੰਤਾਂ ਦੀ ਮਸਤਾਨੀ ਬਿਰਤੀ ਅਤੇ ਉਹਨਾਂ ਦੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਲਈ ਬਿਹਬਲਤਾ ਦੀਆਂ ਅੱਖੀਂ ਡਿਠੀਆਂ ਸਾਖੀਆਂ ਅਜ ਵੀ ਅਨੇਕ ਗੁਰ ਸਿਖਾਂ ਨੂੰ ਯਾਦ ਹਨ, ਉਸ ਪਤਲੇ ਦੁਬਲੇ ਜਿਹੇ ਇਕਹਰੇ ਜਿਸਮ ਵਾਲੇ ਰਾਮ ਵਿਯੋਗੀ ਨੂੰ ਯਾਦ ਕਰਕੇ ਅਜ ਵੀ ਨਾਮਧਾਰੀ ਗੁਰ ਸਿਖਾਂ ਦਾ ਸਿਰ ਸ਼ਰਧਾ ਨਾਲ ਝੁਕ ਜਾਂਦਾ ਹੈ। ੧੦ ਅਪ੍ਰੈਲ ੧੯੯੮ ਨੂੰ ਮੈਂ ਭੈਣੀ ਸਾਹਿਬ, ਮੜ੍ਹੀਆਂ ਵਿਖੇ ਸਥਾਪਿਤ "ਨਾਮਧਾਰੀ ਕੁਦਰਤੀ ਇਲਾਜ ਕੇਂਦਰ" ਦੇ ਡਾਕਟਰ ਸੰਤ ਇਕਬਾਲ ਸਿੰਘ ਜੀ ਕੋਲ ਉਨਾਂ ਦੇ ਦਫਤਰ ਬੈਠਾ ਹੋਇਆ ਸਾਂ ਤਾਂ ਗੱਲਾਂ ਕਰਦੇ ਹੋਇਆਂ ਗੱਲਾਂ ਵਿੱਚ ਸੰਤ ਜੀ ਦਾ ਜ਼ਿਕਰ ਆ ਗਿਆ ਤਾਂ ਡਾਕਟਰ ਜੀ ਨੇ ਇਕ ਆਪ ਬੀਤੀ ਘਟਨਾ ਸੁਣਾਈ ਜੋ ਇਸ ਪ੍ਰਕਾਰ ਹੈ :-

"ਕੁਝ ਸਾਲ ਪਹਿਲਾਂ ਦੀ ਗੱਲ ਹੈ ਜਦੋਂ ਅਸੀਂ ਸ੍ਰੀ ਜੀਵਨ ਨਗਰ ਰਹਿੰਦੇ ਸਾਂ, ਸਾਡਾ ਘਰ ਅਤੇ ਮੁਸਵਰ ਜੀ ਦੇ ਘਰ ਦੇ ਪਿਛਲੇ ਪਾਸੇ ਇਕ ਦੂਜੇ ਦੇ ਨਾਲ ਲਗਦੇ ਸਨ। ਉਨ੍ਹਾਂ ਦਿਨਾਂ ਵਿਚ ਅਜੇ ਟੈਲੀਵਿਜ਼ਨ ਘਰਾਂ ਵਿੱਚ ਨਹੀਂ ਸਨ ਆਏ ਅਤੇ ਅਸੀਂ (ਡਾਕਟਰ ਇਕਬਾਲ ਸਿੰਘ ਅਤੇ ਘਰ ਦੇ ਹੋਰ ਮੈਂਬਰ) ਰੇਡੀਉ ਤੇ ਪੰਜਾਬੀ ਗੀਤ ਸੁਣ ਰਹੇ ਸਾਂ। ਪੰਜਾਬੀ ਫਿਲਮ "ਭੰਗੜਾ" ਦਾ ਇਹ ਗੀਤ ਆ ਰਿਹਾ ਸੀ :-

ਬੱਤੀ ਬਾਲ ਕੇ ਬਨੇਰੇ ਉਤੇ ਰਖਨੀ ਆਂ
ਗਲੀ ਭੁਲ ਨਾ ਜਾਵੇ ਚੰਨ ਮੇਰਾ,
ਹਾਏ ਨੀ ਬੱਤੀ ਬਾਲ ਕੇ ਬਨੇਰੇ ਉਤੇ ਰਖਨੀ ਆਂ.........

ਪਤਾ ਨਹੀਂ ਇਹ ਰੇਡੀਉ ਦੀ ਅਵਾਜ਼ ਕਿਵੇਂ ਮੁਸਵਰ ਜੀ ਦੇ ਕੰਨੀਂ ਪੈ ਗਈ, ਉਹ ਆਪਣੇ ਘਰ ਹੀ ਮਸਤਾਨੇ ਹੋ ਗਏ ਅਤੇ ਖੁਲ੍ਹੇ ਕੇਸੀਂ ਗਲੀ ਵਿੱਚ ਦੌੜਦੇ ਹੋਏ ਸਾਡੇ ਘਰ ਦੇ ਵਿਹੜੇ ਵਿਚ ਆ ਗਏ ਅਤੇ ਜਿੰਨਾ ਚਿਰ ਰੇਡੀਉ ਤੇ ਗੀਤ ਚਲਦਾ ਰਿਹਾ, ਉਹ ਮਸਤਾਨੇ ਹੋਏ ਰਹੇ ਅਤੇ ਉੱਚੀ ਕਿਲਕਾਰੀਆਂ ਮਾਰਕੇ ਹਾਲ ਪਾਉਂਦੇ ਰਹੇ।"

ਉਸੇ ਦਿਨ ਮੈਨੂੰ ਕੁਦਰਤੀ ਇਲਾਜ ਕੇਂਦਰ ਵਿੱਚ ਇਲਾਜ ਕਰਾਉਣ ਆਏ ਸੰਤ ਬ੍ਰਹਮ ਸਿੰਘ (ਜੋ ਨਲਕਿਆਂ ਦਾ ਕੰਮ ਕਰਦੇ ਹਨ) ਸੰਤ ਨਗਰ ਵਾਲਿਆਂ ਨੇ ਇਕ ਆਪ ਬੀਤੀ ਘਟਨਾ ਸੁਣਾਈ ਸੀ ਜੋ ਇਸ ਤਰ੍ਹਾਂ ਹੈ :-

"ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਮਾਂ ਸੀ, ਜਿਥੇ ਅਜ ਕਲ ਜਗਜੀਤ ਨਗਰ ਵਸਿਆ ਹੋਇਆ ਹੈ, ਉਸ ਸਮੇਂ ਉਥੇ ਜੰਗਲ ਸੀ। ਮੈਂ ਸਾਈਕਲ ਤੇ ਜਾ ਰਿਹਾ ਸਾਂ ਅਤੇ ਸੰਤ ਵਰਿਆਮ ਸਿੰਘ ਮੁਸਵਰ ਜੀ ਮੇਰੇ ਸਾਈਕਲ਼ ਤੇ ਪਿਛੇ ਬੈਠੇ ਹੋਏ ਸਨ। ਰਸਤੇ ਦੇ ਨੇੜੇ ਹੀ ਤੰਬੂ ਅਤੇ ਕਨਾਤਾਂ ਲਗੀਆਂ ਹੋਈਆਂ ਸਨ ਤੇ ਦੀਵਾਨ ਲਗਾ ਹੋਇਆ ਸੀ, ਦੀਵਾਨ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਸੰਗਤ ਨੂੰ ਦਰਸ਼ਨ ਦੇ ਰਹੇ ਸਨ।



Sri Satguru Jagjit Singh Ji eLibrary NamdhariElibrary@gmail.com

ਪਤਾ ਨਹੀਂ ਮੁਸਵਰ ਜੀ ਦੇ ਕੰਨੀ ਆਵਾਜ਼ ਕਦੋਂ ਪੈ ਗਈ ਅਤੇ ਕਦੋਂ ਉਹ ਸਾਈਕਲ ਤੋਂ ਪਿਛੋਂ ਉਤਰਕੇ ਕਨਾਤਾਂ ਵਲ ਭੱਜ ਗਏ। ਪਤਾ ਉਦੋਂ ਹੀ ਲਗਾ ਜਦੋਂ ਉਹਨਾਂ ਨੇ ਮਸਤਾਨੇ ਹੋ ਕੇ ਕਿਲਕਾਰ ਮਾਰੀ ਅਤੇ ਛਾਲ ਮਾਰਕੇ ਕਨਾਤ ਟੱਪ ਕੇ ਤੰਬੂ ਵਿੱਚ ਜਾਣਾ ਚਾਹਿਆ ਪਰੰਤੂ ਉਹ ਐਸਾ ਨਹੀਂ ਕਰ ਸਕੇ। ਉਹਨਾਂ ਦੀ ਧੌਣ ਕਨਾਤ ਵਿੱਚ ਫਸੀ ਤਾਂ ਆਪ ਡਿਗ ਪਏ ਪ੍ਰੰਤੂ ਉਹ ਫਿਰ ਉਠੇ ਅਤੇ ਮਸਤੀ ਦੇ ਆਲਮ ਵਿੱਚ ਪਹਿਲਾਂ ਵਾਂਗ ਹੀ ਕੀਤਾ, ਇਸ ਵਾਰ ਵੀ ਡਿਗ ਪਏ। ਸੰਤ ਬ੍ਰਹਮ ਸਿੰਘ ਜੀ ਦਸਦੇ ਸਨ ਕਿ ਉਸ ਸਮੇਂ ਤਕ ਉਹ ਸਾਈਕਲ ਤੋਂ ਉਤਰ ਗਿਆ ਸੀ ਅਤੇ ਖੜ੍ਹਾ ਹੋ ਕੇ ਸੰਤਾਂ ਦੀ ਮਸਤਾਨੀ ਬਿਰਤੀ ਦੇ ਝਲਕਾਰੇ ਵੇਖ ਰਿਹਾ ਸੀ। ਤੀਜੀ ਵਾਰ ਫਿਰ ਮਸਤੀ ਦੇ ਜੋਸ਼ ਵਿੱਚ ਦੂਰੋਂ ਆ ਕੇ ਸੰਤਾਂ ਨੇ ਛਲਾਂਗ ਲਗਾਈ ਤਾਂ ਕਨਾਤ ਅਤੇ ਤੰਬੂ ਵਿਚ ਜੋ ਖਾਲੀ ਥਾਂ ਸੀ, ਉਸਨੂੰ ਟਪ ਕੇ ਦੀਵਾਨ ਵਿੱਚ ਜਾ ਡਿੱਗੇ। ਉਹਨਾਂ ਦੇ ਕੇਸ ਖੁਲ੍ਹ ਗਏ ਸਨ, ਪਗੜੀ ਪਤਾ ਨਹੀਂ ਕਿਧਰ ਡਿਗ ਪਈ ਸੀ। ਜਿਵੇਂ ਦੋ ਵਾਰ ਉਹਨਾਂ ਦੀ ਧੌਣ ਕਨਾਤ ਵਿੱਚ ਫਸ ਜਾਣ ਨਾਲ ਡਿੱਗ ਪੈਂਦੇ ਰਹੇ, ਹੋਰ ਕੋਈ ਹੁੰਦਾ ਤਾਂ ਕਈ ਦਿਨ ਮੰਜੇ ਤੋਂ ਨਾ ਉਠਦਾ ਪ੍ਰੰਤੂ ਮੁਸੱਵਰ ਜੀ ਤੇ ਇਸਦਾ ਕੋਈ ਅਸਰ ਨਹੀਂ ਹੋਇਆ ਅਤੇ ਉਹ ਦੂਜੇ ਦਿਨ ਇਉਂ ਵਿਚਰ ਰਹੇ ਸਨ ਜਿਵੇਂ ਕਦੇ ਕੁਝ ਹੋਇਆ ਹੀ ਨਾ ਹੋਵੇ।

ਇਸ ਪ੍ਰਕਾਰ ਹੋਰ ਵੀ ਅਨੇਕ ਅੱਖੀਂ ਡਿਠੀਆਂ, ਰਾਮ ਵਿਯੋਗੀ ਸੰਤ ਜੀ ਦੀਆਂ ਮਸਤੀ ਭਰਪੂਰ ਘਟਨਾਵਾਂ ਹਨ ਜੋ ਅਨੇਕ ਗੁਰਮੁਖ ਪਿਆਰਿਆਂ ਨੂੰ ਯਾਦ ਹਨ। ਤਸਵੀਰਾਂ ਚਿਤਰਨ ਤੋਂ ਬਿਨਾਂ ਸੰਤ ਜੀ ਨੂੰ ਜਦੋਂ ਵੀ ਸਤਿਗੁਰੂ ਜੀ ਵਲੋਂ ਹੁਕਮ ਹੁੰਦਾ ਉਹ ਨਿਤਨੇਮ ਦੇ ਗੁਟਕਿਆਂ ਦੀ ਛਪਾਈ ਵਿੱਚ ਹਥ ਵਟਾਇਆ ਕਰਦੇ ਸਨ, ਉਚੇਚੇ ਤੌਰ ਤੇ ਉਹ ਪਰੂਫ ਰੀਡਿੰਗ ਕਰਦੇ ਅਤੇ ਗੁਟਕੇ ਦੀ ਸੁਹੱਪਣ ਤੇ ਸੁੰਦਰਤਾਂ ਵਲ ਖਾਸ ਧਿਆਨ ਦਿਆ ਕਰਦੇ ਸਨ।

**ਸੰਤ ਵਰਿਆਮ ਸਿੰਘ ਜੀ ਦਾ ਅਕਾਲ ਚਲਾਣਾ :-**

ਸੰਤ ਵਰਿਆਮ ਸਿੰਘ ਜੀ ਦੀ ਸਖਸ਼ੀਅਤ ਲਾਮਿਸਾਲ ਸੀ, ਉਹਨਾਂ ਜਿਹੇ ਪੁਰਸ਼ ਕਦੇ ਕਦੇ ਹੀ ਪੈਦਾ ਹੁੰਦੇ ਹਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਭਾਣੇ ਦੇ ਮਾਲਕ ਹਨ, ਉਹ ਕਿਸੇ ਤੇ ਵੀ ਕਿਰਪਾ ਕਰਕੇ ਭਾਵੇਂ ਮੁਸੱਵਰ ਜੀ ਤੋਂ ਵੀ ਵਧ ਤਸਵੀਰਾਂ ਦੀ ਸੇਵਾ ਕਰਵਾ ਲੈਣ ਪਰੰਤੂ ਮੁਸੱਵਰ ਜੀ ਦੀ ਤਾਂ ਨਾਮਧਾਰੀ ਸਾਹਿਤ ਤੇ ਇਤਿਹਾਸ ਵਿੱਚ ਆਪਣੀ ਨਿਵੇਕਲੀ ਹੀ ਜਗ੍ਹਾ ਸੀ। ਸ਼ਾਇਦ ਇਸ ਕਰਕੇ ਸ੍ਰੀ ਸਤਿਗੁਰੂ ਜੀ ਉਹਨਾਂ ਨੂੰ ੧੯੮੬ ਈਸਵੀ ਵਿੱਚ "ਪੰਥ ਰਤਨ" ਦੀ ਉਪਾਧੀ ਨਾਲ ਸਨਮਾਨਿਆ ਸੀ। ਸ੍ਰੀ ਸਤਿਗੁਰੂ ਜੀ ਨੇ ਅਨੇਕ ਬੱਚਿਆਂ ਨੂੰ ਸਮੇਂ ਸਮੇਂ ਮੁਸੱਵਰ ਜੀ ਤੋਂ ਚਿਤਰਕਾਰੀ ਦੀ ਸਿਖਲਾਈ ਦਿਵਾਉਂਦੇ ਰਹੇ ਪ੍ਰੰਤੂ ਉਹਨਾਂ ਦੀ ਪਦਵੀ ਨੂੰ ਅਜੇ ਤਕ ਕੋਈ ਨਹੀਂ ਪੁਜਾ।

ਉਹਨਾਂ ਦੇ ਦੀਵਾਨ ਦੀ ਅਖੀਰਲੇ ਸਾਲ ਵਿੱਚ ਜਦੋਂ ਮੈਂ ੨੮ ਜਨਵਰੀ ੧੯੮੭ ਈਸਵੀ ਨੂੰ ਉਹਨਾਂ ਦੇ ਘਰ ਉਹਨਾਂ ਨੂੰ ਮਿਲਿਆ ਸਾਂ ਤਾਂ ਉਹ ਸ੍ਰੀ ਜੀਵਨ ਨਗਰ ਆਪਣੀ ਸਿੰਘਣੀ ਤੇਜ ਕੌਰ ਜੀ ਨਾਲ ਰਹਿ ਰਹੇ ਸਨ ਅਤੇ ਉਹਨਾਂ ਦਾ ਦੋਹਤਰਾ ਅਮੋਲਕ ਸਿੰਘ, ਸੇਵਾ ਲਈ ਉਹਨਾਂ ਕੋਲ ਰਹਿ ਰਿਹਾ ਸੀ। ਆਪ ਜੀ ਪੂਰਨ ਬ੍ਰਹਮ ਗਿਆਨੀ ਸਨ ਅਤੇ ਉਹਨਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਵਿਯੋਗ ਵਿੱਚ ਆਪਣੇ ਸਰੀਰਕ ਸੁਖ ਦੁਖ ਭੁਲਾ ਦਿਤੇ ਹੋਏ ਸਨ। ਉਹਨਾਂ ਦੀ ਧਰਮ ਪਤਨੀ ਬੀਬੀ ਤੇਜ ਕੌਰ ਜੀ ਕਾਫੀ ਸਮੇਂ ਤੋਂ ਬੀਮਾਰ ਸਨ ਜੋ ੨੫ ਜੇਠ ੨੦੪੪, (੮ ਜੂਨ ੧੯੮੭ ਈਸਵੀ) ਨੂੰ ੧੧ ਵਜੇ ਸਵੇਰੇ ਪ੍ਰਲੋਕ ਗਮਨ ਕਰ ਗਏ ਤਾਂ ਆਪ ਜੀ ਰੋਏ ਕੁਰਲਾਏ ਨਾਹ, ਸਗੋਂ ਸੰਤ ਬ੍ਰਹਮ ਸਿੰਘ ਜੀ ਸੰਤ ਨਗਰ ਵਾਲਿਆਂ ਦੇ ਦਸਣ ਅਨੁਸਾਰ ਜਦੋਂ ਬੀਬੀ ਜੀ ਦੇ ਮ੍ਰਿਤਕ ਸਰੀਰ ਦਾ ਬਿਬਾਣ ਤਿਆਰ ਕੀਤਾ ਗਿਆ ਤਾਂ ਆਪ ਜੀ ਬਿਬਾਣ ਦੇ ਸਿਰਹਾਣੇ ਹੋ ਕੇ ਆਖਣ ਲਗੇ, "ਚੰਗਾ ਹੁਣ ਤੂੰ ਚਲੀ ਹੈਂ, ਚਲ। ਮੇਰੇ ਲਈ ਅਗੇ ਜਾ ਕੇ ਕੋਈ ਚੰਗਾਂ ਜਗ੍ਹਾ ਬਣਾ ਲਵੀਂ। ਮੈਂ ਵੀ ਛੇਤੀ ਤੇਰੇ ਕੋਲ ਆ ਜਾਣਾ ਹੈ।" ਇਹ ਵਾਕ ਕਹਿੰਦੇ ਹੋਏ ਮੁਸੱਵਰ ਜੀ ਬਹੁਤ ਖੁਸ਼ ਸਨ।

ਉਹੋ ਗੱਲ ਹੋਈ ਅਗਲੇ ਦਿਨ ੨੬ ਜੇਠ ੨੦੪੪ (੯ ਜੂਨ ੧੯੮੭ ਈਸਵੀ) ਨੂੰ ਮੁਸੱਵਰ ਜੀ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਨਿਘੀ ਗੋਦ ਵਿਚ ਜਾ ਬਿਰਾਜੇ, ਭਾਵ ਅਕਾਲ ਚਲਾਣੇ ਕਰ ਗਏ। ਦੋਹਾਂ ਪਤੀ ਪਤਨੀ ਦੇ ਅਕਾਲ ਚਲਾਣੇ ਵਿੱਚ ਕੇਵਲ ੩੨-੩੩ ਘੰਟੇ ਦਾ ਫਰਕ ਹੀ ਪਿਆ। ਮੁਸੱਵਰ ਜੀ ਦੀ ਉਸ ਸਮੇਂ ਲਗਭਗ ੮੨ ਸਾਲ ਦੀ ਅਵਸਥਾ ਸੀ। ਦੋਹਾਂ ਪਤੀ ਪਤਨੀ ਦੇ ਨਮਿਤ ੨ ਹਾੜ ੨੦੪੪ ਨੂੰ ਸ੍ਰੀ ਜੀਵਨ ਨਗਰ ਵਿਖੇ ਸ੍ਰੀ ਆਦਿ ਗਰੰਥ ਸਾਹਿਬ ਦੇ ਭੋਗ ਪਾਏ ਅਤੇ ਉਹਨਾਂ ਦੀ ਯਾਦ ਵਿੱਚ ਸੰਤਾਂ ਦੀ ਸਪੁਤਰੀ ਬੀਬੀ ਗੁਰਸ਼ਰਨ ਕੌਰ ਅਤੇ ਸੰਤਾਂ ਦੇ ਦੋਹਤਰੇ ਅਮੋਲਕ ਸਿੰਘ ਜੀ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਮੇਲਾ ਕੀਤਾ।

ਇਸ ਪ੍ਰਕਾਰ ਨਾਮਧਾਰੀ ਇਤਿਹਾਸ ਦੀ ਚਿਤਰਕਲਾ ਦਾ ਇਕ ਅਧਿਆਇ ਖਤਮ ਹੋ ਗਿਆ, ਨਾਮਧਾਰੀ ਪੰਥ ਉਸ ਰਾਮ ਵਿਯੋਗੀ ਸੰਤਾਂ ਦੇ ਦਰਸ਼ਨਾਂ ਤੋਂ ਵਿਰਵਾ ਹੋ ਗਿਆ ਜੋ ਆਪ ਇਤਿਹਾਸਕ ਚਿਤਰ ਉਲੀਕਦੇ ਹੋਏ ਨੈਣਾਂ ਵਿਚੋਂ ਨੀਰ ਵਹਾਉਂਦੇ ਸੀ ਅਤੇ ਚਿਤਰ ਦੇਖਣ ਵਾਲਿਆਂ ਨੂੰ ਵੀ ਰੋਆ ਛਡਦੇ ਸੀ। ਉਹ ਸਾਡੇ ਲਈ ਇਕ ਸੁਪਨਾ ਹੀ ਹੋ ਗਏ ਹਨ, ਪ੍ਰੰਤੂ ਉਹਨਾਂ ਦੀ ਯਾਦ ਹਮੇਸ਼ਾ ਤਾਜ਼ੀ ਰਹੇਗੀ।

*(ਸਚਿੱਤਰ ਗ੍ਰੰਥ 'ਰਾਮ ਵਿਯੋਗੀ : ਸੰਤ ਵਰਿਆਮ ਸਿੰਘ ਮੁਸੱਵਰ' ਵਿਚੋਂ)*



Sri Satguru Jagjit Singh Ji eLibrary NamdhariElibrary@gmail.com

# ਤਿੰਨ ਕਵਿਤਾਵਾਂ

—ਅਜਾਇਬ ਕਮਲ

(੧)

ਹੱਸਦੇ ਹੱਸਦੇ ਲਗ ਗਿਆ ਸਾਡਾ
ਕਵਿਤਾ ਨਾਲ ਯਰਾਨਾ
ਧੁਖਦੇ ਬੁਝਦੇ ਸੁਣ ਲਿਆ ਆਪਾਂ
ਜੀਵਨ ਦਾ ਅਫਸਾਨਾ
ਰਿਸਦੇ ਜ਼ਖਮ ਪਏ ਵਿੱਚ ਪੱਲੇ
ਫੱਕਰਾਂ ਦੇ ਨਜ਼ਰਾਨਾ
ਮੱਥੇ ਵਿੱਚ ਠੋਕੀਆਂ ਮੇਖਾਂ
ਮਿਲਿਆ ਜਦੋਂ ਜ਼ਮਾਨਾ
ਜਿਸ ਰਾਹ ਤੁਰੇ
ਉਸੇ ਰਾਹ ਮਿਲਿਆ
ਹਾਦਸਿਆਂ ਦਾ ਢਾਣਾ
ਕੱਟ ਲਈ ਸਾਰੀ ਆਯੂ ਪਾ ਕੇ
ਗਲ ਵਿੱਚ ਅਗਨੀ ਬਾਣਾ।

(੨)

ਪਏ ਹਾਦਸੇ ਸਾਡੇ ਪੱਲੇ
ਤੇ ਅਥਰੂ ਬੇਨਾਵੇਂ
ਸਾਰੇ ਹੀ ਰੁੱਖ ਬਲਦੇ ਦਿਸਦੇ
ਬਹੀਏ ਕਿਸ ਦੀ ਛਾਵੇਂ
ਸਾਰੇ ਮੌਸਮ ਟੇਢੇ ਹੋਏ
ਸਾਰੇ ਰਾਹ ਉਲਝਾਵੇਂ
ਕੋਈ ਨਾ ਹੰਢਣਹਾਰਾ ਹੋਇਆ
ਪਰਦੇ ਤੇ ਪਰਛਾਵੇਂ।

(੩)

ਪਤਾ ਨਹੀਂ ਇਹ ਜ਼ਹਿਰ
ਹਾਲੇ ਹੋਰ ਕਿੰਨਾ ਚਿਰ ਚੱਖਣਾ ਪਵੇਗਾ ?
ਕਿੰਨਾ ਚਿਰ ਹੋਰ/ਕੱਚੇ ਭਾਂਡੇ ਵਾਂਗ
ਆਵੇ 'ਚ ਪੱਕਣਾ ਪਵੇਗਾ ?
ਕਿੰਨਾ ਚਿਰ ਹੋਰ
ਹਾਦਸਿਆਂ ਦੇ ਜ਼ਖਮਾਂ ਦਾ ਭਾਰ
ਨੰਗੀ ਪਿੱਠ ਤੇ ਚੁਕਣਾ ਪਵੇਗਾ ?

ਗੀਤ

# ਆਜ਼ਾਦੀ ਮਗਰੋਂ ਪੰਜਾਬ

—ਇੰਦਰਜੀਤ ਹਸਨਪੁਰੀ

ਬੜੀ ਤਰੱਕੀ ਕਰ ਗਿਆ ਦੇਖੋ, ਆਜ਼ਾਦੀ ਮਗਰੋਂ ਪੰਜਾਬ
ਪੈਰ ਪੈਰ ਤੇ ਖੁੱਲ ਗਏ ਠੇਕੇ, ਭਰ ਭਰ ਛੱਨੇ ਪੀਓ ਸ਼ਰਾਬ
ਬੜੀ ਤਰੱਕੀ........

ਲਿਖਣ ਲਗਿਆਂ ਰੋਂਦੀ ਕਾਨੀ, ਨਸ਼ਿਆਂ ਵਿੱਚ ਰੁੱਲ ਗਈ ਜਵਾਨੀ
ਬੋਤਲ ਚੁਕ ਲਈ ਬਣੇ ਸਿਆਣੇ, ਸੁੱਟੀ ਕਾਪੀ ਅਤੇ ਕਿਤਾਬ
ਬੜੀ ਤਰੱਕੀ.......

ਛੋਲਿਆਂ ਨੂੰ ਜਿਉਂ ਖਾਂਦਾ ਢੋਰਾ, ਇਉਂ ਲਗਿਆਂ ਪੰਜਾਬ ਨੂੰ ਖੋਰਾ
ਇਕ ਅੱਧੇ ਦੀ ਕੀ ਗੱਲ ਕਰੀਏ, ਖਾਨਾਈਂ ਹੋਇਆ ਦਿਸੇ ਖਰਾਬ
ਬੜੀ ਤਰੱਕੀ........

ਕਰ ਕਰ ਕੇ ਕਈ ਨੇਕ ਕਮਾਈ, ਦੋਨੀ ਹੱਥੀਂ ਜਾਣ ਲੁਟਾਈ
ਦੋ ਘੁੱਟ ਪੀ ਕੇ ਨੰਗ-ਮਲੰਗ ਵੀ, ਰਿਆਸਤ ਦਾ ਬਣ ਬਹੇ ਨਵਾਬ
ਬੜੀ ਤਰੱਕੀ........

ਖਵਰੈ ਕੀ ਕੁਝ ਵਿਚ ਮਿਲਾਉਂਦੇ, ਭਰ ਭਰ ਬੋਤਲ ਸੀਲਾਂ ਲਾਉਂਦੇ
ਨਸ਼ਿਆਂ ਨੇ ਪੱਟ ਦਿਤੇ ਜਿਹੜੇ, ਆਉਣੇ ਕਿੱਥੇ ਮੁੜ ਕੇ ਤਾਅਬ
ਬੜੀ ਤਰੱਕੀ.......

ਪੀ ਕੇ ਰੋਜ਼ ਬਥੇਰੇ ਮਰਦੇ, ਪੀਣੋਂ ਫੇਰ ਵੀ ਨਹੀਓਂ ਡਰਦੇ
ਐਸੀ ਮਾਰ ਵਗੀ ਨਸ਼ਿਆਂ ਦੀ, ਪੀਲ਼ੇ ਹੋ ਗਏ ਲਾਲ ਗੁਲਾਬ
ਬੜੀ ਤਰੱਕੀ........

ਮਾਂ ਪਿਓ ਤੋਂ ਪੁਤ ਹੋ ਗਏ ਬਾਗੀ, ਲੁਕਦੇ ਫਿਰਦੇ ਹੋ ਕੇ ਦਾਗੀ
ਮਿੱਟੀ ਦੇ ਵਿੱਚ ਰੋਲ਼ ਰਹੇ ਨੇ, ਮਾਂ-ਪਿਓ ਦੇ ਸੋਨੇ ਜਿਹੇ ਖ਼ਾਬ
ਬੜੀ ਤਰੱਕੀ........

ਜੀਵੇ ਚਾਹੇ ਮਰੇ ਜ਼ਮਾਨਾ, ਪਰ ਸਰਕਾਰੀ ਭਰੇ ਖ਼ਜ਼ਾਨਾ
ਏਥੇ ਸਾਨੂੰ ਕੋਈ ਨਾ ਪੁਛਦਾ, ਦਾਰੂ ਵੇਚੋ ਚਾਹੇ ਤਜ਼ਾਬ
ਬੜੀ ਤਰੱਕੀ........

ਐਸੇ ਗੀਤ ਲਿਖੋ ਤੇ ਗਾਓ, ਨਸ਼ਿਆਂ ਤੋਂ ਪੰਜਾਬ ਬਚਾਓ
ਕਰਨ ਨਸ਼ੇ ਤੋਂ ਲੋਕੀ ਤੋਬਾ, 'ਹਸਨਪੁਰੀ' ਲਿਖ ਜਹੀ ਕਿਤਾਬ
ਬੜੀ ਤਰੱਕੀ........



Sri Satguru Jagjit Singh Ji eLibrary NamdhariElibrary@gmail.com

## .ਗ਼ਜ਼ਲ

*—ਕਰਤਾਰ ਸਿੰਘ ਕਾਲੜਾ*

ਆਪਣੇ ਮਨ ਵਿਚ ਤਾਂ ਕੋਈ ਵਸਦਾ ਕਲੰਦਰ ਲੱਗੇ।
ਜ਼ਾਹਿਰਾ ਵਰਤ ਰਿਹੈ ਜੋ ਸੋਈ ਅੰਦਰ ਲੱਗੇ।

ਜੂਝਦਾ ਹੈ ਜੋ ਸਦਾ ਚੰਗੇ ਭਵਿੱਖ ਦੀ ਖ਼ਾਤਿਰ,
ਉਹ ਕੜਾ ਗਭਰੂ ਹੀ ਤਾਂ ਸਮਰਾਟ ਸਿਕੰਦਰ ਲੱਗੇ।

ਉਹ ਮੇਰੀ ਪੂਜਾ ਦਾ ਥਾਂ ਲਗਦਾ ਹੈ ਚਲਦਾ ਫਿਰਦਾ,
ਨੇਕ ਦਿਲ ਵਾਲਾ ਬਸ਼ਰ ਮੈਨੂੰ ਤਾਂ ਮੰਦਰ ਲੱਗੇ।

ਰੱਬ ਕਰੇ ਨਾ ਹੀ ਬਣੇ ਬਿਰਤੀ ਕਲਰਕਾਂ ਵਾਲੀ,
ਏਸ ਬਿਰਤੀ ਤੋਂ ਹੀ ਸੋਚਾਂ ਦਾ ਦਲਿੱਦਰ ਲੱਗੇ।

ਆਪਣੀ ਕਰਤੂਤ ਦਾ ਫਲ ਮਿਲਦਾ ਤਾਂ ਹੈ ਰਖ ਚੇਤੇ,
ਆਪਣੀ ਕਰਤੂਤ ਧਰਤ ਲੱਗੇ ਜਾਂ ਅੰਬਰ ਲੱਗੇ।

ਕੀ ਕਰਾਂ ਰੂਹ ਦਾ ਜੋ ਰਹਿੰਦੀ ਭਟਕਦੀ ਹਰਦਮ,
ਜਗ ਜਿਹਨੂੰ ਆਪਣਾ ਕਹੇ ਆਪਣਾ ਉਹ ਨਾ ਘਰ ਲੱਗੇ।

ਮਾਲ ਤਾਂ ਦੂਜੇ ਦਾ ਲਗਦਾ ਹੈ ਸਮੰਦਰ ਸਭ ਨੂੰ,
ਅਕਲ ਪਰ ਅਪਣੀ ਹੀ ਬੰਦੇ ਨੂੰ ਸਮੰਦਰ ਲੱਗੇ।

## ਵਿਗਸੇ ਕਸੇਲ

*ਪ੍ਰੋ. ਕਿਰਪਾਲ ਸਿੰਘ ਕਸੇਲ ਦਾ ੧੯ ਮਾਰਚ, ੨੦੦੩ ਨੂੰ ੭੫ਵਾਂ ਜਨਮ ਦਿਨ ਹੈ। ਇਸ ਦਿਨ ਉਹਨਾਂ ਨੂੰ ਪੰਜਾਬੀ ਪਿਆਰਿਆਂ ਵਲੋਂ ਵੱਡ ਅਕਾਰੀ 'ਅਭਿਨੰਦਨ ਗ੍ਰੰਥ' ਭੇਟਾ ਕੀਤਾ ਜਾ ਰਿਹਾ ਹੈ। ਇਹ ਨਜ਼ਮ ਵੀ ਉਹਨਾਂ ਦੇ ਸਨਮਾਨ ਵਜੋਂ ਵਰਿਆਮ ਰਾਹੀਂ ਹਾਜ਼ਿਰ ਹੈ।*

*—ਹਿਤੂ ਕਰਤਾਰ ਸਿੰਘ ਕਾਲੜਾ*

ਸੂਝ ਪਾਰਸ 'ਤੇ ਜਦੋਂ ਘਸਦੀ ਹੈ ਤਾਂ ਉਪਜੇ ਕਸੇਲ।
ਅਕਲ ਕੁਝ ਤਾਵੀਜ਼ ਵਿਚ ਮੜ੍ਹਦੀ ਹੈ ਤਾਂ ਉਪਜੇ ਕਸੇਲ।

ਜਦ ਖ਼ਲੂਸ ਅੱਪੜੇ ਸਿਖਰ 'ਤੇ ਅਮਲ ਦਾ ਸੂਰਜ ਚੜ੍ਹੇ,
ਚੇਤਨਾ ਵੀ ਸਾਣ 'ਤੇ ਚੜ੍ਹਦੀ ਹੈ ਤਾਂ ਉਪਜੇ ਕਸੇਲ।

ਸ਼ਬਦ ਦਾ ਜਦ ਖ਼ੂਬਸੂਰਤ ਪੈਰਹਨ ਪਹਿਨੇ ਖ਼ਿਆਲ,
ਜੀਭ ਕਲਮਾਂ ਸੱਚ ਦਾ ਪੜ੍ਹਦੀ ਹੈ ਤਾਂ ਉਪਜੇ ਕਸੇਲ।

ਜਦ ਭੀ ਅੰਦਰ ਗਿਆਨ ਦੇ ਸੂਰਜ ਦੀ ਜਗਦੀ ਹੈ ਮਸ਼ਾਲ,
ਝੂਠ ਦੀ ਪੁਤਲੀ ਜਦੋਂ ਸੜਦੀ ਹੈ ਤਾਂ ਉਪਜੇ ਕਸੇਲ।

ਸਿੱਧ ਹੁੰਦਾ ਹੈ ਉਹ ਮਿਲਟਨ ਸਾਹਿਤਕ ਆਕਾਸ਼ ਦਾ,
ਉਸ ਦੀ ਮਨ-ਸੋਝੀ ਅਗੰਮ ਗੰਮਦੀ ਹੈ ਤਾਂ ਉਪਜੇ ਕਸੇਲ।

ਬੇਸ਼-ਕੀਮਤ ਅਮਲ ਦੇ ਮੋਤੀ ਨੇ ਉਸਦੀ ਰੂਹ ਵਿਚ,
ਸੋਚ ਉਹ ਮੋਤੀ ਜਦੋਂ ਫੜਦੀ ਹੈ ਤਾਂ ਉਪਜੇ ਕਸੇਲ।

'ਕਾਲੜਾ' ਖੁਸ਼ਕਿਸਮਤੀ ਹੈ ਰੂਹ ਐਸੀ ਹੀ ਸਦਾ,
ਜੋ 'ਕਸੇਲੀ-ਸੋਚ' ਤੇ ਰੜ੍ਹਦੀ ਹੈ ਤਾਂ ਵਿਗਸੇ ਕਸੇਲ।

## ਜਿਸਨੇ ਇਹ ਦਿੱਤਾ ਜੀਵਣਾ

*—ਦਲਬੀਰ ਸਿੰਘ 'ਤਰਸ'*

ਜੋ ਬਿਤਾਇਆ ਭੁਲ ਜਾ ਸਾਜਨ ਵਿਸਾਰ ਕੇ।
ਜੋ ਬਿਤਾਉਣਾ ਯਾਦ ਰੱਖ ਸਾਜਨ ਨਿਖ਼ਾਰ ਕੇ।

ਕਲ੍ਹ ਤਾਂ ਇਕ ਕਲ੍ਹ ਸੀ ਜੋ ਕਿਲਕਲਾ ਕੇ ਤੁਰ ਗਿਆ,
ਅੱਜ ਕਲ੍ਹ ਕਰਤਾਰ ਦੇ ਜੋ ਜੀਣੇ ਪਿਆਰ ਕੇ।

ਜੋ ਆਈਆਂ, ਲੰਘਾਈਆਂ, ਦੀ ਗੁਡਾਈ ਸੋਧਣੀ,
ਭੂਤ ਵਿਚੋਂ ਹੀ ਖਿੜਦੀ ਸਦਾ ਡੋਡੀ ਬਹਾਰ ਕੇ।

ਕਲ੍ਹ ਜੋ ਗਾਇਆ ਗੀਤ ਪੰਛੀ ਅੱਜ ਪੁਰਾਣਾ ਹੋ ਗਿਆ,
ਕਲ੍ਹ ਸੁਬ੍ਹਾ ਜੋ ਗਾਏਗਾ ਉਹ ਸੁਣਨਾ ਸੰਵਾਰ ਕੇ।

ਕਲ੍ਹ ਬਿਤਾਇਆ ਨੀਂਦਰੀ ਜਾਂ ਗਲੀਂ ਗੁਜ਼ਾਰਿਆ,
"ਜੀਵੇਂ" ਜਗਾਣੇ ਜੋਗਿਆ" ਅਸੀਂ ਕਹੀਏ ਪੁਕਾਰ ਕੇ।

ਜਿਸ ਤੋਂ ਪਾਈਆਂ ਅੱਖੀਆਂ ਉਸਦਾ ਉਭਾਰੀ ਹੋ ਤੇ ਸਹੀ,
ਛੁਪ ਨਾ ਇਹ ਜਾਵਣ ਮਨਜ਼ਲਾਂ ਤੈਨੂੰ ਵੰਗਾਰ ਕੇ।

ਜਿਸ ਨੇ ਇਹ ਪਾ [illegible] ਚਾਨਣੇ ਮੌਤ ਨਾਲ ਭੀ ਖੇਡ ਗਏ,
ਸੱਚ ਦੇ ਸਹਾਰੇ ਜੀਣ ਵਾਲੇ ਗਏ ਕਾਲਖ਼ ਨਤਾਰ ਕੇ।

ਲੱਖਾਂ ਨੇ ਆਈਆਂ ਔਕੜਾਂ ਸੈਆਂ ਨੂੰ ਆਉਣ ਦੇ,
ਆਪੇ ਮੁਕਾਵੇ ਮਿਲੇਗਾ ਜੋ ਆਪਾ ਨਿਸਾਰ ਕੇ।

ਉਹ ਨਾ ਕਰਦੇ ਮਿਣਤੀਆਂ ਜੋ ਸਜਨਾਂ ਦੇ ਹੱਥੀਂ ਖੇਡਦੇ,
ਰੱਖ ਕੇ ਤਲੀ ਤੇ ਸੀਸ ਜੀਂਦੇ ਮੌਤਾਂ ਨੂੰ ਮਾਰ ਕੇ।

ਓਟੇ ਇਲਾਹੀ ਏਕ ਮੁਰਸ਼ਦ ਜੀਵਨ ਇਹ ਜੀਣਾ ਸੀਖ ਲੈ,
ਹਲਕੇ ਸਦਾ ਬਣ ਫੁੱਲ ਖਿਲਦੇ ਜਿੰਦਾਂ ਨੂੰ ਵਾਰ ਕੇ।

ਆਪੇ ਖ਼ੁਦੀ ਤੋਂ ਦੂਰ ਰਹਿ ਕੇ, ਪ੍ਰੇਮ ਲਈ, ਜੋ ਬਣਦੇ ਖ਼ੁਦਾ,
ਐਸੇ ਖ਼ੁਦਾ ਨਹੀਂ ਡੁਬਦੇ, ਜੋ ਤਰਦੇ ਨੇ ਤਾਰ ਕੇ।

ਮੇਰ ਮੇਰੀ ਦੇ ਵੇਗ ਨੂੰ ਇਸ ਪੁਲ ਥੱਲੋਂ ਦੀ ਵਹਿਣ ਦੇ,
ਜਿਸ ਉੱਤੋਂ ਦੀ ਲੰਘਣਾ ਸਭ ਸੰਸੇ ਉਤਾਰ ਕੇ।

ਕੀ ਚੰਗਾਈਆਂ ਕੀ ਬੁਰਾਈਆਂ ਇਹ ਤੇਰੀ ਤਸੀਰ ਕਿਉਂ,
ਲੇਖੇ ਇਹ ਹੋਈ ਜਾਣਗੇ ਸਭ ਕਰਜ਼ੇ ਉਤਾਰ ਕੇ।

ਜਿਸ ਨੇ ਇਹ ਦਿੱਤਾ ਜੀਵਣਾ ਸਿੱਖ ਉਸੇ ਲਈ ਥੀਵਣਾ,
ਸਾਲਾਂ ਦੇ ਸਾਲ ਕਹਿਣਗੇ ਇਹ ਨਿਸਚੇ ਵਿਚਾਰ ਕੇ।

*('ਡਾਇਰੀ' ਵਿਚੋਂ)*



Sri Satguru Jagjit Singh Ji eLibrary NamdhariElibrary@gmail.com

## ਬੁੱਧ ਨੇ ਕਿਹਾ

—*ਮਹਿਮਾ ਸਿੰਘ ਤੂਰ*

ਬੁੱਧ ਨੇ ਕਿਹਾ
ਆਪਣੇ ਆਪ ਨੂੰ ਪ੍ਰੇਮ ਕਰੋ
ਇਸ ਪ੍ਰੇਮ ਦੇ ਸਾਕਸ਼ੀ ਬਣੋ....

ਬੁੱਧ ਨੇ ਕਿਹਾ-
ਆਪਣੇ ਦੀਪਕ ਆਪ ਬਣੋ
ਇਸ ਗੱਲ ਦੇ ਸਾਕਸ਼ੀ ਬਣੋ...

ਬੁੱਧ ਨੇ ਕਿਹਾ-
ਅੱਤ ਹਰ ਤਰ੍ਹਾਂ ਮਾੜੀ ਹੈ
ਸਮਤੋਲ ਦੇ ਸਾਕਸ਼ੀ ਬਣੋ...

ਬੁੱਧ ਨੇ ਕਿਹਾ-
ਜੀਵਨ ਬਰਸਾਤੀ ਬੱਦਲਾਂ ਵਰਗਾ
ਇਸ ਜੀਵਨ ਦੇ ਸਾਕਸ਼ੀ ਬਣੋ

ਬੁੱਧ ਨੇ ਕਿਹਾ-
ਇਨ੍ਹਾਂ ਚਾਰੇ ਗੱਲਾਂ ਦੇ ਸਾਕਸ਼ੀ ਬਣੋ
ਇਹੋ ਧਿਆਨ ਹੈ....

## ਤਬਸਰਾ

—*ਨਵਰਾਹੀ ਘੁਗਿਆਣਵੀ*

ਕੁਝ ਫੁਕਰੇ,ਕੁਝ ਮੀਸਣੇ, ਕੁਝ ਬੇਪਰਤੀਤੇ।
ਦਿੰਦੇ ਫਿਰਦੇ ਹੇਲ੍ਹੀਆਂ, ਥਾਂ ਥਾਂ ਬਦਨੀਤੇ।

ਖ਼ੁਦਗਰਜ਼ਾਂ ਦਾ ਕਾਫ਼ਲਾ, ਵਧ ਰਿਹਾ ਅਗੇਰੇ।
ਕਾਲਾ ਸੂਰਜ ਕਿਸ ਤਰ੍ਹਾਂ ਪ੍ਰਕਾਸ਼ ਖਲੇਰੇ ?

ਜਿਸ ਨੂੰ ਪੁੱਛੋ ਦੁਖੀ ਹੈ, ਕੀ ਕੀਤਾ ਜਾਵੇ ?
ਸੀਨਾ ਚਾਕ ਗ਼ਰੀਬ ਦਾ ਕਿੰਞ ਸੀਤਾ ਜਾਵੇ।

ਪਹਿਣ ਮਖ਼ੌਟਾ ਧਰਮ ਦਾ, ਪਾਖੰਡੀ ਫਿਰਦੇ।
ਗੁੰਡਾਗਰਦੀ ਹੋ ਰਹੀ, ਮੁੱਲ ਪੈਣ ਨਾ ਸਿਰ ਦੇ।

ਉਲਝਣ ਵਿੱਚ ਇਨਸਾਨੀਅਤ, ਮੁਸ਼ਕਿਲ ਵਿੱਚ ਜਿੰਦੜੀ।
ਮੁੜ ਮੁੜ ਚੇਤੇ ਆਂਵਦੀ, ਵਿਛੜੀ ਹੋਈ ਅੰਬੜੀ।

ਸ਼ਰੇ-ਆਮ ਵਿਹੁ ਵੇਚਦੇ, ਮੈਅ-ਖ਼ਾਨੇ ਵਾਲੇ।
ਗੀਸੋਗੀਸ ਖ਼ਰੀਦਦੇ, ਮੂਰਖ ਮਤਵਾਲੇ।

ਵਾਤਾਵਰਣ ਵਿਗਾੜਿਆ, ਬੇਦਰਦ ਕਮੀਨਾਂ।
ਕਰ ਦਿੱਤੀਆਂ ਬਰਬਾਦ ਜੂ, ਜ਼ਰਖ਼ੇਜ਼ ਜ਼ਮੀਨਾਂ।

'ਨਵਰਾਹੀ' ਫੁਲਵਾੜੀਆਂ, ਮੁਰਝਾਈਆਂ ਹੋਈਆਂ।
ਮੁੱਖਾਂ ਤੇ ਪਾਲਿੱਤਣਾਂ ਨੇ ਛਾਈਆਂ ਹੋਈਆਂ।

*ਨਹਿਰ ਨਜ਼ਾਰਾ, ਨਿਊ ਹਰਿੰਦਰ ਨਗਰ*
*ਫ਼ਰੀਦਕੋਟ-੧੫੧੨੦੩*

## ਕਲਾਸ਼ਨੀਕੋਵ ਦੇ ਨਾਂ

—*ਸ਼ਿਵਨ*

*ਇਕ ਮਿੰਟ ਵਿਚ ਸੈਂਕੜੇ ਗੋਲੀਆਂ ਦਾਗਣ ਵਾਲੀ ਅਸਾ ਏ.ਕੇ. ਸੰਤਾਲੀ ਰਾਈਫ਼ਲ ਦੀ ਕਾਢ ਕੱਢਣ ਵਾਲੇ, ਮਿਖਾਈਲ, ਐ ਕਲਾਸ਼ਨੀਕੋਵ ਵੱਲੋਂ ਦੁੱਖ ਦਾ ਪ੍ਰਗਟਾਵਾ ਕਰਨ ਦੀ ਖ਼ਬਰ ਪੜ ਇਹ ਪ੍ਰਗਟਾਵਾ ਜਾਂ, ਪਛਤਾਵਾ ਉਸ ਨੇ ਬਰਲਿਨ ਵਿੱਚ ਲ ਹਥਿਆਰਾਂ ਦੀ ਇਕ ਨੁਮਾਇਸ਼ ਦਾ ਉਦਘਾਟਨ ਕਰਨ ਸਮੇਂ ਕੀ ਸੀ।*

ਤੇਰਾ ਇਹ ਦੁੱਖ ਜਾਂ ਪਛਤਾਵਾ
ਕਿਸੇ ਕੰਢੇ ਨਹੀਂ ਲਾਂਦਾ
ਨਾ ਤੈਨੂੰ ਲੋਕ-ਪੱਖੀ ਹੋਣ ਦਾ
ਅਧਿਕਾਰ ਦੇਂਦਾ ਹੈ।
ਨਾ ਤੈਨੂੰ ਆਦਮੀਅਤ ਦੇ
ਅਜੇ ਤਕ ਅਰਥ ਆਏ ਨੇ।

ਅਜੇ ਤੇਰੇ ਚੋਂ ਤੇਰੇ ਉਸ ਫ਼ਖ਼ਰ ਦੀ
"ਬੋ" ਨਹੀਂ ਨਿਕਲੀ
ਜੋ ਆਇਆ ਸੀ ਤੇਰੇ ਵਿੱਚ
ਇਕ ਅਨੋਖੀ ਸਿਰਜਣਾ ਕਰਕੇ
ਨਹੀਂ ਤਾਂ ਕਿਸ ਤਰ੍ਹਾਂ ਕਰਦਾ
ਤੂੰ ਉਦਘਾਟਨ ਨੁਮਾਇਸ਼ ਦਾ ?

ਅਜੇ ਤੈਨੂੰ, ਤੇਰੀ ਉਸ ਕਾਢ ਤੋਂ
ਨਫ਼ਰਤ ਨਹੀਂ ਹੋਈ
ਨਾ ਦਿਸਦੀ ਹੈ ਭਿਆਣਕ ਮੌਤ
ਤੈਨੂੰ ਸ਼ਸਤਰਾਂ ਵਿਚੋਂ
ਨਹੀਂ ਤਾਂ ਕਿਸ ਤਰ੍ਹਾਂ ਸਵੀਕਾਰ
ਕਰ ਲੈਂਦਾ ਤੂੰ ਇਹ ਸੱਦਾ
ਜਿਦੇ ਵਿੱਚ ਮਾਣ-ਵਡਿਆਈ ਦਾ
ਭਾਰੀ ਹੱਥ ਹੁੰਦਾ ਹੈ।

ਇਹ ਤੂੰ ਵੀ ਜਾਣਦਾ ਹੈਂ
ਕਿ ਕਿਉਂ ਸੱਦਿਆ ਗਿਐ ਤੈਨੂੰ
ਤੇ ਕਿਉਂ ਤੂੰ ਨਾਂਹ ਨਹੀਂ ਕੀਤੀ
ਪਰ ਇਹ ਨਹੀਂ ਜਾਣਦਾ ਸ਼ਾਇਦ
ਕਿ ਤੇਰੇ ਝੂਠ ਬੋਲਣ ਦਾ
ਸਾਧਾਰਨ ਆਦਮੀ ਉੱਤੇ
ਕਿਹਾ ਪ੍ਰਭਾਵ ਪੈਂਦਾ ਹੈ।

ਤੇਰਾ ਇਹ ਦੁੱਖਾਂ ਜਾਂ ਪਛਤਾਵਾ
ਕਿਸੇ ਕੰਢੇ ਨਹੀਂ ਲਾਂਦਾ
ਨਾ ਤੈਨੂੰ ਲੋਕ-ਪੱਖੀ ਹੋਣ ਦਾ
ਅਧਿਕਾਰ ਦੇਂਦਾ ਹੈ

*—੧੨੫੭-C-LIG*
*ਫ਼ੇਜ਼-10, ਮੁਹਾਲੀ 160061*



Sri Satguru Jagjit Singh Ji eLibrary NamdhariElibrary@gmail.com

# ਰਣਜੀਤ ਸਿੰਘ ਕਾਲ ਦਾ ਪੰਜਾਬੀ ਸਾਹਿਤ

—ਡਾ. ਨਰੇਸ਼

ਇਸ ਤੱਥ ਦੀ ਪ੍ਰੋੜਤਾ ਲਈ ਕਈ ਪ੍ਰਮਾਣ ਉਪਲੱਬਧ ਹਨ ਕਿ ਨਿਰਾ ਅਨਪੜ੍ਹ ਹੋਣ ਦੇ ਬਾਵਜੂਦ ਮਹਾਰਾਜਾ ਰਣਜੀਤ ਸਿੰਘ ਸੰਗੀਤ ਦਾ ਪ੍ਰੇਮੀ ਅਤੇ ਕਵਿਤਾ ਦਾ ਰਸੀਆ ਸੀ। ਉਸਦੀ ਅਨਪੜ੍ਹਤਾ ਕਦੀ ਵੀ ਉਸਦੇ ਕਵਿਤਾ ਸੁਣਨ ਦੇ ਸ਼ੌਕ ਤੇ ਪਸੰਦ ਆਈ ਕਵਿਤਾ ਦੇ ਕਰਤਾ ਨੂੰ ਇਨਾਮ ਦੇਣ ਦੀ ਰਾਹ ਵਿਚ ਰੋੜਾ ਨਹੀਂ ਬਣੀ। ਸੱਯਦ ਮੁਹੰਮਦ ਲਤੀਫ਼ ਤਸਦੀਕ ਕਰਦਾ ਹੈ ਕਿ ਉਹ ਅਨਪੜ੍ਹ ਸੀ। ਉਹ ਨਾ ਕੋਈ ਭਾਸ਼ਾ ਪੜ੍ਹ ਸਕਦਾ ਸੀ, ਨਾ ਲਿਖ ਸਕਦਾ ਸੀ, ਪਰ ਤਾਂ ਵੀ ਉਸਦੇ ਮਨ ਵਿਚ ਵਿਦਵਤਾ ਅਤੇ ਵਿਦਵਾਨਾਂ ਪ੍ਰਤੀ ਡੂੰਘਾ ਸਤਿਕਾਰ ਸੀ।[੧] ਉਸਦੇ ਜੀਵਨੀਕਾਰਾਂ ਨੇ ਇਕ ਘਟਨਾ ਦਰਜ ਕੀਤੀ ਹੈ ਕਿ ਇਕ ਵਾਰੀ ਉਸਨੇ ਇਕ ਮੁਸਲਮਾਨ ਕਾਤਿਬ ਵਲੋਂ ਤਿਆਰ ਕੀਤੀ ਕੁਰਾਨ ਦੀ ਪ੍ਰਤੀ ਦਸ ਹਜ਼ਾਰ ਰੁਪਏ ਵਿਚ ਖਰੀਦੀ ਸੀ। ਇਸ ਪ੍ਰਤੀ ਨੂੰ ਤਿਆਰ ਕਰਨ ਵਿਚ ਕਾਤਿਬ ਨੇ ਦਸ ਵਰ੍ਹੇ ਮਿਹਨਤ ਕੀਤੀ ਸੀ। ਭਾਰਤ ਦੇ ਮੁਸਲਮਾਨ ਰਾਜਿਆਂ ਵਲੋਂ ਵਾਜਬ ਮੁੱਲ ਪ੍ਰਾਪਤ ਨਾ ਹੋਣ 'ਤੇ ਨਿਰਾਸ਼ ਕਾਤਿਬ ਅਖੀਰ ਆਪਣੀ ਕਿਸਮਤ ਅਜ਼ਮਾਉਣ ਲਈ ਇਹ ਸੋਚ ਕੇ ਲਾਹੌਰ ਚਲਾ ਗਿਆ ਕਿ ਸ਼ਾਇਦ ਰਣਜੀਤ ਸਿੰਘ ਉਸਦੀ ਮਿਹਨਤ ਦਾ ਮੁੱਲ ਪਾਵੇ।[੨]

ਰਣਜੀਤ ਸਿੰਘ ਦੀ ਇਕ ਹੋਰ ਜੀਵਨੀ ਵਿਚ ਦਰਜ ਹੈ ਕਿ ਮਹਾਰਾਜੇ ਨੇ ਉਸ ਕਵੀ ਨੂੰ ਚੋਖੀ ਮਾਇਆ ਇਨਾਮ ਵਜੋਂ ਦਿੱਤੀ ਸੀ, ਜਿਸਨੇ ਆਪਣੀ ਕਵਿਤਾ ਵਿੱਚ ਮਹਾਰਾਜੇ ਦੀ ਇਕੋ ਇਕ ਅੱਖ ਦੀ ਤੁਲਨਾ ਇਨਸਾਫ਼ ਦੀ ਸਰਬ ਵਿਆਪਕ ਅੱਖ ਨਾਲ ਕੀਤੀ ਸੀ।[੩] ਇਸੇ ਜੀਵਨੀ ਵਿਚੋਂ ਇਹ ਗਿਆਤ ਹੁੰਦਾ ਹੈ ਕਿ ਜਿਵੇਂ ਉਸਨੇ ਹਿੰਦੂਆਂ ਦੇ ਪੁਰਾਣਾਂ, ਰਾਮਾਇਣ, ਭਗਵਤ ਗੀਤਾ ਆਦਿ ਦੇ ਅਨੁਵਾਦ ਨੂੰ ਉਤਸ਼ਾਹਿਤ ਕੀਤਾ ਸੀ, ਉਸੇ ਤਰ੍ਹਾਂ ਉਸਨੇ ਇਸਲਾਮੀ ਪੁਸਤਕਾਂ ਦੇ ਅਨੁਵਾਦ ਨੂੰ ਵੀ ਹੱਲਾਸ਼ੇਰੀ ਦਿੱਤੀ ਸੀ। ਉਸਨੇ ਮੁਸਲਮਾਨ ਪੰਜਾਬੀ ਕਵੀ ਹਾਸ਼ਿਮ ਨੂੰ ਜਾਗੀਰ ਬਖਸ਼ੀ ਸੀ ਤੇ ਸ਼ਾਹ ਮੁਹੰਮਦ ਜਿਹੇ ਕਵੀ ਦਾ ਸਨਮਾਨ ਕੀਤਾ ਸੀ। ਪ੍ਰਸਿੱਧ ਪੰਜਾਬੀ ਕਵੀ ਫ਼ਾਜ਼ਿਲ ਸ਼ਾਹ ਨੇ ਮਹਾਰਾਜੇ ਦੀ ਪ੍ਰੇਰਣਾ ਸਦਕਾ ਹੀ ਸੋਹਣੀ-ਮਹੀਵਾਲ ਲਿਖਕੇ ਉਸਦਾ ਮੰਚਨ ਵੀ ਕੀਤਾ ਸੀ। ਲਾਹੌਰ ਦੇ ਸ਼ਾਹ ਹੁਸੈਨ ਨੇ ਇਕੱਲੇ ਕਿੱਸਾ ਸੋਹਣੀ ਮਹੀਵਾਲ ਦੇ ਪੰਜਾਹ ਦੇ ਲਗਭਗ ਕਿੱਸਿਆਂ ਦਾ ਜ਼ਿਕਰ ਕੀਤਾ ਹੈ, ਜੋ ਰਣਜੀਤ ਸਿੰਘ ਕਾਲ ਦੌਰਾਨ ਰਚੇ ਗਏ ਸਨ।[੪]

ਕੇ. ਕੇ. ਖੁੱਲਰ ਦੀ ਧਾਰਨਾ ਹੈ ਕਿ ਇਸ ਕਾਲ ਦੌਰਾਨ ਸੋਹਣੀ-ਮਹੀਂਵਾਲ, ਹੀਰ-ਰਾਂਝਾ, ਮਿਰਜ਼ਾ-ਸਾਹਿਬਾਂ, ਸੱਸੀ-ਪੁੰਨੂ ਆਦਿ ਸਾਰੀਆਂ ਪ੍ਰੇਮ ਕਹਾਣੀਆਂ ਮਹਾਰਾਜੇ ਦੇ ਹੁਕਮ 'ਤੇ ਹੀ ਮੁੜ-ਮੁੜ ਕਵਿਤਾ ਵਿਚ ਪੇਸ਼ ਕੀਤੀਆਂ ਗਈਆਂ ਸਨ।[੫]

ਪੰਜਾਬੀ ਕਵਿਤਾ ਪ੍ਰਤੀ ਰਣਜੀਤ ਸਿੰਘ ਦਾ ਪਿਆਰ ਕੇਵਲ ਮਨ-ਪਰਚਾਵਾ ਨਹੀਂ ਸੀ, ਸਗੋਂ ਉਹ ਸੱਚੇ ਦਿਲ ਤੋਂ ਮਾਂ-ਬੋਲੀ ਦੇ ਵਿਕਾਸ ਵੱਲ ਰੁਚਿਤ ਸੀ। ਸੰਨ ੧੮੩੦ ਵਿਚ ਉਸਨੇ ਇਹ ਇੱਛਾ ਪ੍ਰਗਟ ਕੀਤੀ ਕਿ ਕਿਸੇ ਅੰਗਰੇਜ਼ ਮਿਸ਼ਨਰੀ ਨੂੰ ਵਿਹਲ ਸਮੇਂ ਉਸਦੀ ਸੇਵਾ ਵਿਚ ਪੇਸ਼ ਕੀਤਾ ਜਾਵੇ ਤਾਂ ਜੋ ਉਹ ਉਸ ਤੋਂ ਈਸਾਈ ਧਰਮ ਦੇ ਸਿਧਾਂਤਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕੇ। ਉਹ ਇਸ ਵੱਲ ਏਨਾ ਰੁਚਿਤ ਸੀ ਕਿ ਉਸਨੇ ਮਿਸ਼ਨਰੀ ਨੂੰ ਬੇਨਤੀ ਕੀਤੀ ਕਿ ਉਹ ਮਹਾਰਾਜੇ ਨੂੰ ਆਪਣੀਆਂ ਧਾਰਮਿਕ ਪੁਸਤਕਾਂ ਉਪਲਬਧ ਕਰਾਵੇ। ਕੁਝ ਸਮੇਂ ਉਪਰੰਤ ਉਸਨੇ ਜੌਨ ਸੀ. ਲੌਰੀ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਉਸਨੇ ਲੌਰੀ ਨੂੰ ਸਿੱਖ ਰਾਜ ਅੰਦਰ ਸਿੱਖਿਆ ਦੀ ਯੋਜਨਾ ਦੀ ਰੂਪ-ਰੇਖਾ ਪੇਸ਼ ਕੀਤੀ ਅਤੇ ਬੇਨਤੀ ਕੀਤੀ ਕਿ ਇਸ ਯੋਜਨਾ ਨੂੰ ਉਹ ਆਪਣੀ ਨਿਗਰਾਨੀ ਹੇਠ ਲਾਗੂ ਕਰੇ।[੬]

ਹਾਲਾਂਕਿ ਅਮਰੀਕੀ ਮਿਸ਼ਨਰੀ ਜੌਨ ਸੀ. ਲੌਰੀ 'ਪੱਛਮੀ ਵਿਦੇਸ਼ੀ ਮਿਸ਼ਨਰੀ ਸੁਸਾਇਟੀ' ਵਲੋਂ ਈਸਾਈ ਮਿਸ਼ਨ ਦੀ ਸਥਾਪਨਾ ਦੇ ਉਦੇਸ਼ ਨਾਲ ੫ ਨਵੰਬਰ, ੧੮੩੪ ਨੂੰ ਲਾਹੌਰ ਆਇਆ ਸੀ, ਪਰ ਉਸਦੇ ਇਥੇ ਆਉਣ ਦਾ ਇਕ ਵਧੀਆ ਸਿੱਟਾ ਇਹ ਨਿਕਲਿਆ ਕਿ ਲਾਹੌਰ ਵਿਖੇ ਗੁਰਮੁਖੀ ਦਾ ਛਾਪਾਖਾਨਾ ਸ਼ੁਰੂ ਹੋ ਗਿਆ। ਇਹੋ ਲੱਕੜ ਦਾ ਉਹ ਛਾਪਾਖਾਨਾ ਸੀ, ਜਿਥੇ ਪੰਜਾਬੀ ਦਾ ਪਹਿਲਾ ਸ਼ਬਦ ਕੋਸ਼ ਤੇ ਪੰਜਾਬੀ ਦੀ ਪਹਿਲੀ ਵਿਆਕਰਣ ਛਪੀ।[੭]

ਰਣਜੀਤ ਸਿੰਘ ਰਾਜ ਦੇ ਅੰਤਮ ਵਰ੍ਹਿਆਂ 'ਚ ਵਧੀਆਂ ਫੌਜੀ ਕਾਰਵਾਈਆਂ ਨੇ ਵੀ ਪੰਜਾਬੀ ਬੋਲੀ ਨੂੰ ਭਾਸ਼ਾ ਦੀ ਪਦਵੀ ਤੱਕ ਪੁਚਾਉਣ ਵਿਚ ਚੋਖਾ ਯੋਗਦਾਨ ਪਾਇਆ। ਮਿਸ਼ਨਰੀ ਗਤੀਵਿਧੀਆਂ ਨੇ ਕੇਵਲ ਡਬਲਯੂ ਕੇਰੀ ਤੋਂ ਪੰਜਾਬੀ ਵਿਆਕਰਣ ਹੀ ਤਿਆਰ ਨਹੀਂ ਕਰਾਈ ਸਗੋਂ ਕੈਪਟਨ ਸਿਡਨ ਤੋਂ 'ਬਚਿੱਤਰ ਨਾਟਕ' ਦਾ ਅੰਗਰੇਜ਼ੀ ਅਨੁਵਾਦ ਵੀ ਤਿਆਰ ਕਰਾ ਦਿਤਾ।

ਪੰਜਾਬੀ ਭਾਸ਼ਾ ਦੀ ਉੱਨਤੀ ਵਿਚ ਰਣਜੀਤ ਸਿੰਘ ਕਾਲ



Sri Satguru Jagjit Singh Ji eLibrary NamdhariElibrary@gmail.com

ਦੀ ਇਕ ਦੇਣ ਇਹ ਹੈ ਕਿ ਇਸ ਦੌਰਾਨ ਪੰਜਾਬੀ ਨੂੰ ਅਰਬੀ-ਫ਼ਾਰਸੀ ਦਾ ਬਹੁਤ ਵੱਡਾ ਸ਼ਬਦ-ਭੰਡਾਰ ਪ੍ਰਾਪਤ ਹੋਇਆ। ਇਹ ਬਗ਼ਾਨੇ ਸ਼ਬਦ ਛੇਤੀ ਹੀ ਪੰਜਾਬੀ ਵਿਚ ਰਚਮਿਚ ਗਏ ਤੇ ਪੰਜਾਬੀ ਚਿਰੋਕਣੇ ਤੁਰੇ ਆ ਰਹੇ ਸੰਸਕ੍ਰਿਤ-ਬ੍ਰਜੀ ਦੇ ਡੂੰਘੇ ਪ੍ਰਭਾਵ ਤੋਂ ਮੁਕਤ ਹੋਣ ਲਗੀ। ਇਸਦੇ ਸਿੱਟੇ ਵਜੋਂ ਪੰਜਾਬੀ ਦੀ ਆਪਣੀ ਵੱਖਰੀ ਭਾਸ਼ਾਈ ਪਛਾਣ ਕਾਇਮ ਕਰਨ ਦਾ ਰਾਹ ਮੋਕਲਾ ਹੋ ਗਿਆ।

ਇਸ ਕਾਲ ਦੀ ਇਕ ਹੋਰ ਦੇਣ ਇਹ ਹੈ ਕਿ ਇਸ ਕਾਲ ਦੌਰਾਨ ਪੰਜਾਬੀ ਦੀ ਬੋਲੀ ਤੋਂ ਭਾਸ਼ਾ ਵੱਲ ਦੀ ਯਾਤਰਾ ਨੇ ਰਫ਼ਤਾਰ ਫੜੀ। ਆਮ ਆਦਮੀ ਵਲੋਂ ਬੋਲੀ ਜਾ ਰਹੀ ਪੰਜਾਬੀ ਦੇ ਸ਼ਬਦ-ਭੰਡਾਰ ਨੇ ਕਵਿਤਾ-ਭਵਨ ਵਿਚ ਪ੍ਰਵੇਸ਼ ਕੀਤਾ ਤੇ ਬਣਦੀ ਥਾਂ ਹਾਸਿਲ ਕਰ ਲਈ। ਇਸੇ ਕਾਲ ਦੌਰਾਨ ਲਾਹੌਰ-ਅੰਮ੍ਰਿਤਸਰ ਦੀ ਪੰਜਾਬੀ ਕੇਂਦਰੀ ਭਾਸ਼ਾ ਦੇ ਤੌਰ ਤੇ ਉੱਭਰੀ। ਬੋਲਚਾਲ ਦੀ ਭਾਸ਼ਾ ਵਿਚ 'ਸਿੰਘਾਂ ਦੇ ਬੋਲੇ' ਆਖੀ ਜਾਣ ਵਾਲੀ ਫੌਜੀ ਪੰਜਾਬੀ ਦੇ ਅਨੇਕਾਂ ਸ਼ਬਦਾਂ ਦਾ ਰਲਾਅ ਵੀ ਇਸੇ ਕਾਲ ਦੌਰਾਨ ਹੋਇਆ।

ਇਸੇ ਕਾਲ ਅੰਦਰ ੧੮੧੧ ਵਿੱਚ ਬਾਈਬਲ ਦਾ ਪੰਜਾਬੀ ਅਨੁਵਾਦ ਪ੍ਰਕਾਸ਼ਿਤ ਹੋਇਆ ਤੇ ਮਿਸ਼ਨਰੀਆਂ ਨੇ ਲੁਧਿਆਣਾ ਵਿਖੇ ੧੮੩੭ ਵਿੱਚ ਪੰਜਾਬੀ ਦਾ ਪ੍ਰਿੰਟਿੰਗ ਪ੍ਰੈਸ ਲਾਇਆ। ਮਿਸ਼ਨਰੀਆਂ ਨੇ ਆਪਣਾ ਧਾਰਮਿਕ ਸਾਹਿਤ ਲਿਖਣ ਤੇ ਛਾਪਣ ਤੋਂ ਇਲਾਵਾ ਪੰਜਾਬੀ ਦਾ ਵਿਆਕਰਣ ਅਤੇ ਸ਼ਬਦ-ਕੋਸ਼ ਵੀ ਤਿਆਰ ਕਰਕੇ ਛਾਪਿਆ।

ਰਣਜੀਤ ਸਿੰਘ ਦਾ ਰਾਜ ਸਥਾਪਤ ਹੋਣ 'ਤੇ ਲੰਮੇ ਸਮੇਂ ਤੋਂ ਅਸ਼ਾਂਤੀ ਅਤੇ ਅਸੁਰੱਖਿਆ ਦਾ ਸੰਤਾਪ ਭੋਗ ਰਹੇ ਪੰਜਾਬੀਆਂ ਨੇ ਸੁੱਖ ਦਾ ਸਾਹ ਲਿਆ। ਪੰਜਾਬ ਦਾ ਮਾਹੌਲ ਸੁਧਰਿਆ ਤੇ ਪੰਜਾਬੀਆਂ ਦਾ ਰੁਸਿਆ ਹੋਇਆ ਖੁਲ੍ਹਾ ਖਾਲਸਾਪਨ ਮੁੜ ਆਇਆ। ਇਸੇ ਦਾ ਸਿੱਟਾ ਸੀ ਕਿ ਹਾਸ਼ਮ, ਅਹਿਮਦਯਾਰ ਤੇ ਕਾਦਿਰਯਾਰ ਜਿਹੇ ਕਵੀਆਂ ਨੇ ਰੱਜ ਕੇ ਪਿਆਰ ਕਹਾਣੀਆਂ ਨੂੰ ਕਵਿਤਾ ਵਿਚ ਰੂਪਾਂਤਰਿਤ ਕੀਤਾ।

ਸਾਹਿਤ ਦੇ ਪਿੜ ਵਿਚ, ਇਸ ਕਾਲ ਦੌਰਾਨ ਪੰਜਾਬੀਅਤ ਦਾ ਖੁਲ੍ਹਮ-ਖੁਲ੍ਹਾ ਮੁਜ਼ਾਹਿਰਾ ਹੋਇਆ। ਇਸਦੇ ਨਾਲ ਇਕ ਨਵੀਂ ਸੋਚ ਨੇ ਜਨਮ ਲਿਆ, ਜਿਸਨੇ ਪੰਜਾਬੀ ਕਵੀਆਂ ਨੂੰ ਧਰਮ, ਜ਼ਾਤ ਅਤੇ ਸੰਪ੍ਰਦਾਇ ਦੀ ਵਲਗਣ ਵਿਚੋਂ ਬਾਹਰ ਕੱਢ ਕੇ ਇਕ ਉਚੇਰੇ ਪੱਧਰ 'ਤੇ ਲਿਜਾ ਖਲ੍ਹਾਰਿਆ। ਸਿੱਟੇ ਵਜੋਂ ਜਿਥੇ ਇਕ ਪਾਸੇ ਇਸ ਦੌਰ ਦੇ ਮੁਸਲਮਾਨ ਕਵੀਆਂ ਨੇ ਕ੍ਰਿਸ਼ਨ ਭਗਤੀ ਵੱਲ ਰੁਚਿਤ ਹੋ ਕੇ ਵੈਸ਼ਨਵਾਂ ਵਾਂਗ ਕ੍ਰਿਸ਼ਨ ਸਾਹਿਤ ਦੀ ਰਚਨਾ ਕੀਤੀ, ਉਥੇ ਦੂਜੇ ਪਾਸੇ ਹਿੰਦੂ-ਸਿੱਖ ਕਵੀਆਂ ਨੇ ਇਸਲਾਮੀ ਸ਼ਬਦਾਵਲੀ ਅਤੇ ਮੁਸਲਿਮ ਸੱਭਿਆਚਾਰ ਨੂੰ ਆਪਣੀ ਰਚਨਾ-ਸ਼ੈਲੀ ਵਿਚ ਸ਼ਾਮਿਲ ਕਰ ਲਿਆ।

ਡਾ. ਮੋਹਨ ਸਿੰਘ ਦੀਵਾਨਾ ਇਸ ਕਾਲ ਵਿਚ ਕ੍ਰਿਆਸ਼ੀਲ ਰਾਜਨੀਤਿਕ, ਸਮਾਜਿਕ, ਧਾਰਮਿਕ ਅਤੇ ਸਾਹਿਤਿਕ ਸ਼ਕਤੀਆਂ ਦਾ ਨਿਚੋੜ ਕਢਦੇ ਹੋਏ ਲਿਖਦੇ ਹਨ ਕਿ ਸਿੱਖਾਂ ਦੀਆਂ ਆਪਸੀ ਲੜਾਈਆਂ ਤੇ ਉਨ੍ਹਾਂ ਵਲੋਂ ਅੰਗਰੇਜ਼ਾਂ ਵਿਰੁੱਧ ਲੜੀਆਂ ਜੰਗਾਂ ਨੇ ਪੰਜਾਬੀ ਕਵਿਤਾ ਨੂੰ ਸ਼ਕਤੀਸ਼ਾਲੀ ਵਿਸ਼ਾ-ਵਸਤੂ ਪ੍ਰਦਾਨ ਕੀਤੀ।[੮]

ਡਾ. ਦੀਵਾਨਾ ਇਸ ਕਾਲ ਦੌਰਾਨ ਵਧੀਆਂ ਨਿਰਮਲੇ ਸਾਧਾਂ ਦੀਆਂ ਸਾਹਿਤਿਕ ਗਤੀਵਿਧੀਆਂ ਨੂੰ ਵੀ ਰਣਜੀਤ ਸਿੰਘ ਵਲੋਂ ਲਿਆਂਦੀ ਸੁਖ-ਸ਼ਾਂਤੀ ਦਾ ਹੀ ਸਿੱਟਾ ਮੰਨਦਾ ਹੈ ਕਿ ਪੰਜਾਬ ਵਿਚ ਕਾਇਮ ਹੋਏ ਅਮਨ-ਅਮਾਨ ਨੇ ਨਿਰਮਲੇ ਸਾਧਾਂ ਨੂੰ ਮੌਕਾ ਦਿੱਤਾ ਕਿ ਉਹ ਆਰਾਮ ਨਾਲ ਸਾਹਿਤ-ਰਚਨਾ ਕਰਨ, ਅਨੁਵਾਦ ਲਿਪੀਅੰਤਰ ਕਰਨ ਤੇ ਸਾਹਿਤਿਕ ਰਚਨਾਵਾਂ ਦੀ ਸਾਂਭ-ਸੰਭਾਲ ਕਰਨ।[੯]

ਹਾਂ, ਇਸ ਕਾਲ ਦੌਰਾਨ ਵਾਰਤਕ ਰਚਨਾ ਨੇ ਕੋਈ ਵਿਸ਼ੇਸ਼ ਉੱਨਤੀ ਨਹੀਂ ਕੀਤੀ। ਜੋ ਕੁਝ ਨਿਗੂਣੀ ਜਿਹੀ ਵਾਰਤਕ ਰਚਨਾ ਹੋਈ ਵੀ ਹੈ, ਉਸ 'ਤੇ ਵੀ ਉਰਦੂ-ਫ਼ਾਰਸੀ ਦਾ ਗ਼ਲਬਾ ਵਿਖਾਈ ਦਿੰਦਾ ਹੈ। ਉਰਦੂ-ਫ਼ਾਰਸੀ ਦੇ ਡੂੰਘੇ ਪ੍ਰਭਾਵ ਨੇ ਇਸ ਕਾਲ ਦੀ ਕਵਿਤਾ ਤੇ ਵੀ ਆਪਣੀ ਛਾਪ ਛੱਡੀ ਹੈ ਪਰ ਵਾਰਤਕ ਤਾਂ ਪੰਜਾਬੀ ਮੁਹਾਂਦਰਾ ਹੀ ਪੈਦਾ ਨਹੀਂ ਕਰ ਸਕੀ।

ਇਸ ਕਾਲ ਦੌਰਾਨ ਰਚੇ ਗਏ ਸਾਹਿਤ ਦਾ ਜਾਇਜ਼ਾ ਲੈਣ ਲਈ ਅਸੀਂ ਇਸਨੂੰ ਚਾਰ ਖੰਡਾਂ ਵਿਚ ਵੰਡ ਸਕਦੇ ਹਾਂ—

ਪਹਿਲਾ ਖੰਡ ਪ੍ਰੇਮ-ਗਾਥਾ ਦਾ ਹੈ, ਜਿਸ ਵਿਚ ਹਾਸ਼ਿਮ, ਅਹਿਮਦ ਯਾਰ ਤੇ ਕਾਦਿਰਯਾਰ ਨਾਂ ਦੇ ਤਿੰਨ ਕਵੀ ਪ੍ਰਮੁੱਖ ਰੂਪ ਵਿਚ ਉਭਰਦੇ ਹਨ। ਹਾਸ਼ਿਮ (੧੭੫੩-੧੮੨੩), ਜਿਸਨੂੰ ਬਿਨਾਂ ਕਿਸੇ ਪੁਖਤਾ ਪ੍ਰਮਾਣ ਤੋਂ ਹੀ ਰਣਜੀਤ ਸਿੰਘ ਦਾ ਦਰਬਾਰੀ ਕਵੀ ਆਖਿਆ ਜਾਂਦਾ ਹੈ, ਸੱਸੀ-ਪੁੰਨੂ, ਸ਼ੀਰੀਂ-ਫਰਹਾਦ, ਸੋਹਣੀ-ਮਹੀਵਾਲ, ਹੀਰ ਜਿਹੀਆਂ ਪ੍ਰੇਮ ਕਥਾਵਾਂ ਦੇ ਰਚਨਾਕਾਰ ਦੇ ਤੌਰ 'ਤੇ ਪੇਸ਼ ਹੁੰਦਾ ਹੈ। ਇਸ ਤੋਂ ਛੁੱਟ ਉਹ ਦੋਹੜਿਆਂ ਅਤੇ ਡਿਓਢਾਂ ਦਾ ਰਚਨਾਕਾਰ ਵੀ ਹੈ। ਉਸ ਦੀ ਇਸ਼ਕੀਆ ਕਵਿਤਾ ਵਿਚੋਂ ਅਧਿਆਤਮਿਕਤਾ ਦੀ ਸੁਰ ਆਸਾਨੀ ਨਾਲ ਲੱਭੀ ਜਾ ਸਕਦੀ ਹੈ। 'ਦਵੱਈਆ' ਛੰਦ ਦੀ ਵਰਤੋਂ ਵਿਚ ਵੀ ਹਾਸ਼ਿਮ ਆਪਣੀ ਨਿਪੁੰਨਤਾ ਦਾ ਮੁਜ਼ਾਹਰਾ ਕਰਦਾ ਹੈ। ਇਸ ਖੰਡ ਦਾ ਦੂਜਾ ਪ੍ਰਮੁੱਖ ਕਵੀ ਅਹਿਮਦਯਾਰ (੧੭੬੮-੧੮੪੫) ਹੈ, ਜਿਸਨੇ ਹੀਰ-ਰਾਂਝਾ, ਸੋਹਣੀ-ਮਹੀਵਾਲ, ਲੈਲਾ-ਮਜਨੂੰ, ਰਾਜ ਬੀਬੀ, ਕਾਮਰੂਪ,



Sri Satguru Jagjit Singh Ji eLibrary NamdhariElibrary@gmail.com

ਹਾਤਿਮਤਾਈ, ਯੂਸਫ਼-ਜ਼ੁਲੈਖਾ ਅਤੇ ਸੱਸੀ-ਪੁੰਨੂ ਸਮੇਤ ੩੫ ਕਿੱਸਿਆਂ ਦੀ ਰਚਨਾ ਕੀਤੀ ਹੈ। ਅਹਿਮਦਯਾਰ ਦਾ ਪ੍ਰੇਰਣਾ ਸ੍ਰੋਤ ਇਨਾਮ ਜਾਂ ਸੇਵਾ ਫਲ ਦੀ ਪ੍ਰਾਪਤੀ ਪ੍ਰਤੀਤ ਹੁੰਦਾ ਹੈ। ਆਪਣੇ ਕਿੱਸੇ 'ਹਾਤਿਮਨਾਮਾ' ਵਿਚ ਉਹ ਆਪ ਸਵੀਕਾਰ ਕਰਦਾ ਹੈ ਕਿ ਇਸਦੀ ਰਚਨਾ ਉਸਨੇ ਮਹਾਰਾਜਾ ਰਣਜੀਤ ਤੋਂ ਇਨਾਮ ਪ੍ਰਾਪਤੀ ਦੀ ਰੀਝ ਨਾਲ ਕੀਤੀ ਹੈ—

ਅਸਾਂ ਇਨਾਮ ਮੰਗਣ ਦੀ ਖ਼ਾਤਿਰ ਤੋਹਫ਼ਾ ਇਕ ਬਣਾਇਆ।
ਮਜਲਿਸ ਮਾਸ਼ੂਕਾਂ ਦੀ ਬਣਿਆ ਰਾਜਿਆਂ ਬਾਦਸ਼ਾਹਾਂ ਦਾ।

ਅਹਿਮਦਯਾਰ ਵਾਂਗ ਹੀ ਕਾਦਿਰਯਾਰ (ਜਨਮ ੧੮੦੫) ਵੀ ਪ੍ਰਤੀਫਲ ਨੂੰ ਹੀ ਸਾਹਿਤ ਰਚਨਾ ਦਾ ਆਧਾਰ ਬਣਾਉਂਦਾ ਦਿਸਦਾ ਹੈ। ਆਪਣੇ ਕਿੱਸੇ "ਪੂਰਨ ਭਗਤ" ਵਿਚ ਉਹ ਬੇਝਿਜਕ ਸਵੀਕਾਰ ਕਰਦਾ ਹੈ ਕਿ—

ਪੂਰਨ ਭਗਤ ਦੀ ਗੱਲ ਸੁਣਾਇਕੇ ਜੀ
ਇਕ ਖੂਹ ਇਨਾਮ ਲਿਖਾਇਆ ਮੈਂ।

ਕਾਦਿਰਯਾਰ ਵਲੋਂ ਰਚਿਤ ਚਾਰ ਕਿੱਸਿਆਂ (ਪੂਰਨ ਭਗਤ, ਹਰੀ ਸਿੰਘ ਨਲਵਾ, ਰਾਜਾ ਰਸਾਲੂ ਤੇ ਸੋਹਣੀ ਮਹੀਵਾਲ) ਵਿਚੋਂ ਸਾਹਿਤਿਕ ਦ੍ਰਿਸ਼ਟੀ ਤੋਂ ਪੂਰਨ ਭਗਤ ਬਿਹਤਰ ਰਚਨਾ ਜਾਪਦੀ ਹੈ। ਇਸ ਦਾ ਕਾਰਨ ਕਿੱਸੇ ਦੀ ਕਥਾ-ਵਸਤੂ ਪ੍ਰਤੀ ਪੰਜਾਬੀ ਪਾਠਕਾਂ ਦਾ ਮੋਹ ਅਤੇ ਕਵੀ ਵਲੋਂ ਕਥਾ ਦਾ ਬਿਹਤਰ ਨਿਰਵਾਹ ਹੈ। ਕਿੱਸਾ-ਲੇਖਨ ਦੇ ਪਿੜ ਵਿਚ ਉਤਰਣ ਤੋਂ ਪਹਿਲਾਂ ਕਾਦਿਰ ਯਾਰ ਨੇ ਇਸਲਾਮੀ ਜੀਵਨ ਜਾਚ ਦੀ ਉਤਕ੍ਰਿਸ਼ਟਤਾ ਸਿੱਧ ਕਰਨ ਦੇ ਉਦੇਸ਼ ਨਾਲ 'ਮਿਅਰਾਜਨਾਮਾ' ਲਿਖਿਆ ਸੀ। ਜਾਪਦਾ ਹੈ ਕਿ ਇਸ ਪ੍ਰਕਾਰ ਦੀ ਰਚਨਾ 'ਤੇ ਮੁਸਲਮਾਨ ਰਜਵਾੜਿਆਂ ਕੋਲੋਂ ਆਰਥਿਕ ਹੱਲਾਸ਼ੇਰੀ ਨਾ ਮਿਲਣ ਕਰਕੇ ਹੀ ਉਸਨੇ ਪ੍ਰੇਮ ਕਹਾਣੀਆਂ ਲਿਖਣ ਵੱਲ ਦਾ ਸਫ਼ਰ ਸ਼ੁਰੂ ਕੀਤਾ ਹੋਵੇਗਾ। ਇਸੇ ਖੰਡ ਨਾਲ ਸੰਬੰਧਤ ਇਕ ਕਵੀ ਇਮਾਮ ਬਖਸ਼ (ਜਨਮ ੧੭੭੮) ਹੈ, ਜਿਸਦਾ ਸਾਹਿਤ-ਜਗਤ ਵਿਚ ਉਦੈ ਰਣਜੀਤ ਸਿੰਘ ਕਾਲ ਦੇ ਅੰਤਲੇ ਵਰ੍ਹਿਆਂ ਵਿੱਚ ਹੁੰਦਾ ਹੈ। ਇਹ ਵੀ ਕਿੱਸਾਕਾਰ ਹੈ। ਉਸਦੇ ਕਿੱਸਿਆਂ ਲੈਲਾ-ਮਜਨੂੰ, ਚੰਦਰ ਬਦਨ, ਸ਼ਾਹ ਬਹਿਰਾਮ, ਬਦੀ-ਉਜ-ਜਮਾਲ, ਇਬਰਾਹੀਮ ਅਦਹਮ ਬਲਖ਼ੀ ਅਤੇ ਮਲਿਕਜ਼ਾਦਾ ਸ਼ਾਹ ਪਰੀ ਵਿਚੋਂ ਕਿੱਸਾ ਸ਼ਾਹ ਬਹਿਰਾਮ ਸਾਹਿਤ ਰਚਨਾ ਦੀ ਉਤਕ੍ਰਿਸ਼ਟ ਉਦਾਹਰਣ ਵਜੋਂ ਚੁਣਿਆ ਜਾ ਸਕਦਾ ਹੈ।

ਦੂਜਾ ਖੰਡ ਵਾਰ ਅਤੇ ਦੇਸ਼ ਭਗਤੀ ਦੀ ਕਵਿਤਾ ਤੇ ਆਧਾਰਿਤ ਹੈ, ਜਿਸ ਵਿਚ ਭਾਈ ਕਾਨ੍ਹ ਸਿੰਘ ਬੰਗਾ, ਸ਼ਾਹ ਮੁਹੰਮਦ, ਮਟਕ ਅਤੇ ਨਿਹਾਲ ਸਿੰਘ ਨਾਂ ਦੇ ਕਵੀ ਰਾਸ਼ਟਰੀ ਭਾਵਨਾ ਦੇ ਪ੍ਰਗਟਾਅ ਅਤੇ ਵਾਰ ਰਚਨਾ ਵਿਚ ਪ੍ਰਮੁੱਖ ਕਵੀਆਂ ਦੇ ਤੌਰ 'ਤੇ ਉਭਰਦੇ ਹਨ। ਇਸ ਦ੍ਰਿਸ਼ਟੀ ਤੋਂ ਵੇਖਿਆ ਜਾਵੇ ਤਾਂ ਸ਼ਾਹ ਮੁਹੰਮਦ ਦਾ ਕੱਦ ਉਸਦੇ ਸਮਕਾਲੀ ਕਵੀਆਂ ਦੀ ਤੁਲਨਾ ਵਿਚ ਬਹੁਤ ਉੱਚਾ ਹੈ। ਉਸਦੀ ਪ੍ਰਸਿੱਧ ਰਚਨਾ 'ਅੰਗਰੇਜ਼ਾਂ ਅਤੇ ਸਿੱਖਾਂ ਦੀ ਲੜਾਈ' ਵਿਚ ਰਣਜੀਤ ਸਿੰਘ ਦੀ ਮੌਤ ਮਗਰੋਂ ਦੇ ਪੰਜਾਬ ਦਾ ਦੁਖਾਂਤ ਬਹੁਤ ਕਰੁਣਾਮਈ ਢੰਗ ਨਾਲ ਚਿਤ੍ਰਿਤ ਕੀਤਾ ਗਿਆ ਹੈ। ਪਾਠਕ ਲਈ ਇਹ ਜ਼ਰੂਰੀ ਨਹੀਂ ਹੈ ਕਿ ਉਹ ਉਸਦੇ ਸਾਰਾ ਦੋਸ਼ ਮਹਾਰਾਣੀ ਜਿੰਦਾਂ ਦੇ ਸਿਰ ਮੜ੍ਹਣ ਦੇ ਫੈਸਲੇ ਨਾਲ ਸਹਿਮਤ ਹੋਵੇ, ਪਰ ਉਹ ਨਿਸ਼ਚੇ ਹੀ ਇਸ ਤ੍ਰਾਸਦੀ ਦੇ ਨਿਆਂਪੂਰਨ ਵਰਣਨ ਅਤੇ ਕਵੀ ਦੇ ਦੇਸ਼-ਪਿਆਰ ਦੇ ਜਜ਼ਬੇ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ। ਕਾਦਿਰ ਯਾਰ ਦੀ ਵਾਰ ਹਰੀ ਸਿੰਘ ਨਲਵਾ ਵਿਚ ਵੀ ਕਵੀ ਦੇ ਦੇਸ਼-ਪਿਆਰ ਦੀ ਸੁਰ ਪ੍ਰਤੱਖ ਸੁਣਾਈ ਦਿੰਦੀ ਹੈ, ਪਰ ਇਹ ਰਚਨਾ ਸ਼ਾਹ ਮੁਹੰਮਦ ਦੀ ਉਕਤ ਰਚਨਾ ਦੇ ਮੁਕਾਬਲੇ ਵਿਚ ਕਿਧਰੇ ਨਹੀਂ ਠਹਿਰਦੀ। ਇਸਦਾ ਕਾਰਨ ਇਹ ਹੈ ਕਿ ਕਾਦਿਰਯਾਰ ਨੇ ਆਪਣੀ ਰਚਨਾ ਵਿਚ ਇਤਿਹਾਸ-ਚਿਤ੍ਰਣ ਪ੍ਰਤੀ ਅਣਗਹਿਲੀ ਵਰਤੀ ਹੈ ਤੇ ਆਪਣੀ ਰਚਨਾ ਨੂੰ ਪ੍ਰਸ਼ਸਤੀ-ਗਾਨ ਬਣਾ ਲਿਆ ਹੈ। ਮਟਕ ਦੀ ਕਵਿਤਾ ਵਿਚ ਰਾਸ਼ਟਰੀ ਭਾਵਨਾ ਉਘੜਵੀਂ ਹੈ। ਜਾਫ਼ਰ ਬੇਗ ਦੀ ਕਵਿਤਾ ਵਿਚ ਭਾਵੇਂ ਉਤਕ੍ਰਿਸ਼ਟ ਸਾਹਿਤਿਕ ਪੱਧਰ ਅਲੋਪ ਹੈ, ਪਰ ਉਸਦਾ ਜ਼ਿਕਰ ਇਸ ਲਈ ਜ਼ਰੂਰੀ ਹੈ ਕਿ ਉਸਨੇ 'ਬੈਤਾਂ ਰਣਜੀਤ ਸਿੰਘ ਦੀਆਂ' ਦੀ ਰਚਨਾ ਨਾਲ ਇਸ ਪਿੜ ਵਿਚ ਆਪਣੀ ਹਾਜ਼ਰੀ ਲੁਆਈ ਹੈ।

ਤੀਜਾ ਖੰਡ ਧਾਰਮਿਕ ਕਵਿਤਾ ਦਾ ਖੰਡ ਹੈ। ਇਸ ਵਿਚ ਭਗਤੀ ਦੀਆਂ ਤਿੰਨ ਸੁਰਾਂ ਪ੍ਰਮੁੱਖ ਹਨ—ਵੇਦਾਂਤੀ, ਗੁਰਸਿੱਖੀ ਅਤੇ ਸੂਫ਼ੀ। ਨਿਰਮਲੇ ਸਾਧਾਂ ਦੀ ਰਚਨਾ ਵੇਦਾਂਤੀ ਹੈ। ਡਾ. ਦਿਵਾਨਾ ਨਿਸ਼ਚਲ ਦਾਸ ਦੇ 'ਵਿਚਾਰ ਸਾਗਰ' ਅਤੇ ਹਰਿ ਦਿਆਲ ਦੇ 'ਸਰੁਕਤਾਵਲੀ' ਨੂੰ ਪੰਜਾਬੀ ਵੇਦਾਂਤੀ ਕਾਵਿ ਦੇ ਉੱਤਮ ਨਮੂਨੇ ਆਖਦਾ ਹੈ।[੧੦] ਭਾਈ ਸੰਤੋਖ ਸਿੰਘ ਦੇ 'ਗੁਰ ਪ੍ਰਤਾਪ ਸੂਰਜ' ਅਤੇ 'ਨਾਨਕ ਪ੍ਰਕਾਸ਼' ਕਵੀ ਦੀ ਸਿੱਖ-ਇਤਿਹਾਸ ਬਾਰੇ ਡੂੰਘੀ ਜਾਣਕਾਰੀ ਅਤੇ ਸਿੱਖ ਦਰਸ਼ਨ 'ਤੇ ਉਸਦੀ ਮਜ਼ਬੂਤ ਪਕੜ ਦੇ ਲਖਾਇਕ ਹਨ। ਇਸੇ ਕਾਲ ਦੌਰਾਨ ਰਚਿਤ ਗ਼ੁਲਾਮ ਜੀਲਾਨੀ ਅਤੇ ਨੂਰ ਮੁਹੰਮਦ ਜਿਹੇ ਕਵੀਆਂ ਦੀ ਸੂਫ਼ੀ ਕਵਿਤਾ ਵੀ ਇਸੇ ਖੰਡ ਵਿਚ ਆਉਂਦੀ ਹੈ।

ਚੌਥਾ ਅਤੇ ਅੰਤਮ ਖੰਡ ਵਾਰਤਕ-ਰਚਨਾ ਦਾ ਹੈ, ਜਿਸ ਵਿਚ ਅਨੁਵਾਦ, ਲਿਪੀ-ਅੰਤਰ ਅਤੇ ਦੂਜੀਆਂ ਗੱਦ-ਰਚਨਾਵਾਂ ਸ਼ਾਮਿਲ ਹਨ। ਅਨੁਵਾਦ ਦੇ ਸੰਦਰਭ ਵਿਚ ਬਾਈਬਲ, ਆਈਨੇ-ਅਕਬਰੀ, ਅਕਬਰਨਾਮਾ, ਆਤਮ ਪੁਰਾਣ ਆਦਿ ਦੇ ਪੰਜਾਬੀ



Sri Satguru Jagjit Singh Ji eLibrary NamdhariElibrary@gmail.com

ਅਨੁਵਾਦ ਪ੍ਰਮੁੱਖ ਹਨ। ਭਾਈ ਸੰਤੋਖ ਸਿੰਘ ਵਲੋਂ ਕੀਤੀ ਗਈ ਜਪੁਜੀ ਸਾਹਿਬ ਦੀ ਵਿਆਖਿਆ ਇਸ ਕਾਲ-ਖੰਡ ਵਿਚ ਮਹੱਤਵਪੂਰਨ ਵਾਰਤਕ ਰਚਨਾ ਹੈ। ਕਿਸ਼ੋਰ ਦਾਸ ਦੀ 'ਗੀਤਾ ਮਹਾਤਮ' ਵੀ ਇਸ ਖੇਤਰ ਵਿਚ ਜ਼ਿਕਰਯੋਗ ਰਚਨਾ ਹੈ।

ਕੁਲ ਮਿਲਾ ਕੇ ਅਸੀਂ ਵੇਖਦੇ ਹਾਂ ਕਿ ਭਾਵੇਂ ਰਣਜੀਤ ਸਿੰਘ ਕਾਲ ਦੌਰਾਨ ਇਕ ਵੀ ਅਜਿਹਾ ਕਵੀ ਜਾਂ ਵਾਰਤਕਕਾਰ ਨਹੀਂ ਹੋਇਆ ਜੋ ਆਪਣੇ ਤੋਂ ਪਹਿਲਾਂ ਦੇ ਮਹਾਨ ਸਾਹਿਤਕਾਰਾਂ ਦੇ ਕੱਦ ਨੂੰ ਛੂਹ ਸਕੇ, ਪਰ ਤਾਂ ਵੀ ਰਣਜੀਤ ਸਿੰਘ ਦੇ ਰਾਜ ਨੇ ਸਾਹਿਤਕਾਰਾਂ ਨੂੰ ਉਹ ਸੁਖਾਵਾਂ ਮਾਹੌਲ ਤੇ ਆਰਥਿਕ ਹੱਲਾਸ਼ੇਰੀ ਦੇ ਕੇ ਸਿਰਜਨਾਤਮਕ ਪ੍ਰਤਿਭਾ ਦੇ ਵਿਕਾਸ ਦੇ ਬਹੁ-ਦਿਸ਼ਾਵੀ ਸੰਦਰਭ ਜ਼ਰੂਰ ਖੋਲ੍ਹੇ। ਸੰਖੇਪ ਵਿਚ ਇਸ ਕਾਲ ਦੀਆਂ ਸਾਹਿਤਕ ਪ੍ਰਾਪਤੀਆਂ ਇਹ ਹਨ ਕਿ—(੧) ਪੰਜਾਬੀ ਬੋਲੀ ਨੇ ਭਾਸ਼ਾ ਦਾ ਰੂਪ ਪ੍ਰਾਪਤ ਕਰਨ ਵੱਲ ਪੁਲਾਂਘਾ ਭਰੀਆਂ, (੨) ਅਨੁਵਾਦਾਂ ਰਾਹੀਂ ਪੰਜਾਬੀ ਸਾਹਿਤ ਦੇ ਭੰਡਾਰ ਨੂੰ ਹੋਰ ਸ਼ਿੰਗਾਰਿਆ ਗਿਆ, (੩) ਰਾਸ਼ਟਰੀਅਤਾ ਦੇ ਪ੍ਰਤੀਕ ਵਜੋਂ ਪੰਜਾਬੀਅਤ ਦਾ ਉਦੈ ਹੋਇਆ, ਤੇ (੪) ਢੇਰਾਂ ਦੇ ਢੇਰ ਪ੍ਰੇਮ-ਕਥਾਤਮਕ ਕਿੱਸਿਆਂ ਦੀ ਰਚਨਾ ਹੋਈ।

**ਹਵਾਲੇ ਅਤੇ ਟਿੱਪਣੀਆਂ**

(੧) ਲਤੀਫ਼ : ਐਸ.ਐਮ : ਮਹਾਰਾਜਾ ਰਣਜੀਤ ਸਿੰਘ- ਪੰਜਾਬਜ਼, ਮੈਨ ਆਫ ਹਿਸਟਰੀ : ਪੰ. ੧੬੬
(੨) ਗੁਲਾਟੀ, ਐਸ.ਪੀ. : ਉਹੋ - ਭੂਮਿਕਾ ਪੰਨਾ. ੮
(੩) ਖੁਲਰ, ਕੇ.ਕੇ. : ਮਹਾਰਾਜਾ ਰਣਜੀਤ ਸਿੰਘ : ਪੰ. ੧੬੦
(੪) ਉਹੋ : ਉਹੋ : ਪੰ. ੧੮੪-੮੫
(੫) ਉਹੋ : ਉਹੋ : ਪੰ. ੧੭੫
(੬) ਲਤੀਫ਼, ਐਸ.ਐਮ. : ਮਹਾਰਾਜਾ ਰਣਜੀਤ ਸਿੰਘ- ਪੰਜਾਬਜ਼ ਮੈਨ ਆਫ਼ ਹਿਸਟਰੀ : ਪੰ. ੧੨੯
(੭) ਖੁੱਲਰ, ਕੇ.ਕੇ. : ਮਹਾਰਾਜਾ ਰਣਜੀਤ ਸਿੰਘ : ਪੰ. ੧੯੮
(੮) ਦੀਵਾਨਾ, ਮੋਹਨ ਸਿੰਘ : ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰ : ਪੰ. ੬੮-੭੦
(੯) ਉਹੋ : ਉਹੋ : ਪੰ. ੬੮-੭੦
(੧੦) ਉਹੋ : ਉਹੋ : ਪੰ. ੭੪

*—ਮੁਖੀ, ਭਾਈ ਵੀਰ ਸਿੰਘ ਚੇਅਰ*
*ਪੰਜਾਬ ਯੂਨੀਵਰਸਿਟੀ*
*ਚੰਡੀਗੜ੍ਹ ੧੬੦੦੧੪*

## ਸ. ਅਵਤਾਰ ਸਿੰਘ ਧਾਮੀ

ਭਲਿਆਂ ਚੋਂ ਭਲਾ ਇਕ ਹੋਰ ਪੁਰਸ਼ ਵਿਦਾ ਹੋ ਗਿਆ ਹੈ। ਸ. ਅਵਤਾਰ ਸਿੰਘ ਧਾਮੀ ਉੱਚੀ ਸੁੱਚੀ ਆਤਮਾ ਵਾਲਾ ਬੁਲੰਦ ਕੱਦ ਦੇਵਤਾ ਪੁਰਸ਼ ਸੀ। ਸਰਦਾਰ ਅਵਤਾਰ ਸਿੰਘ ਧਾਮੀ ਨਾਲ ਜਿਹੜੀ ਸੰਸਥਾ ਲੱਗੀ ਉਹ ਕਾਮਯਾਬੀ ਦੀ ਮੰਜ਼ਲਾਂ ਸਰ ਕਰਦੀ ਰਹੀ। ਸਫਲ ਕਾਰੋਬਾਰੀ, ਸਫਲ ਕਬੀਲਦਾਰ, ਮਿੱਠ ਬੋਲੜਾ ਅਤੇ ਹਿਰਦੇ ਵਿਚ ਦਰਦ ਰੱਖਣ ਵਾਲਾ ਹਰ ਕੰਮ ਚੰਗਾ ਚੰਗਾ ਹੀ ਲੋਚਣ ਵਾਲਾ ਇਹ ਮਹਾਂਪੁਰਖ ਪਿਛਲੇ ਕੁਝ ਸਾਲਾਂ ਤੋਂ ਸਾਡੇ ਮਨਾਂ ਤੇ ਡੂੰਘੀ ਮੋਹਰ ਛਾਪ ਲਾ ਗਿਆ ਹੈ। ਚਾਹੇ ਪੰਜਾਬ ਦੀ ਸੰਤ ਨਾਮਦੇਵ ਫੈਡਰੇਸ਼ਨ ਹੋਵੇ ਚਾਹੇ ਮਹਾਂ ਕਵੀ ਸੰਤੋਖ ਸਿੰਘ ਯਾਦਗਾਰ ਸਭਾ ਹੋਵੇ ਜਾਂ ਹੋਰ ਸੰਸਥਾਵਾਂ ਉਹ ਸਰਦਾਰ ਧਾਮੀ ਦੀ ਸਰਦਾਰੀ ਵਿਚ ਵਧੀਆਂ ਫੁਲੀਆਂ। ਇਹਨਾਂ ਸੰਸਥਾਵਾਂ ਦਾ ਪ੍ਰਧਾਨ ਸਰਪ੍ਰਸਤ ਅਤੇ ਨੇਕ ਆਗੂ ਪਤਾ ਨਹੀਂ ਕਿੰਨੀਆਂ ਹੋਰ ਸੰਸਥਾਵਾਂ ਦਾ ਮੋਹਰੀ ਸੀ। ਕਾਰੋਬਾਰ ਦੇ ਸਿਲਸਿਲੇ ਵਿਚ ਸਰਦਾਰ ਧਾਮੀ ਆਸਾਮ ਤੱਕ ਗਿਆ ਅਤੇ ਉੱਥੇ ਵੀ ਪੰਜਾਬੀਆਂ ਸਿੱਖਾਂ ਦੀ ਸਿਆਣਪ ਅਤੇ ਉਦਾਰਤਾ ਦੇ ਝੰਡੇ ਗੱਡੇ। ਪੰਜਾਬੀ ਸਿੱਖਾਂ ਦੀ ਪੱਗ ਦੀ ਉਜਲਤਾਈ ਕਾਇਮ ਰੱਖਣ ਵਾਲਾ ਇਹ ਮਹਾਂ ਪੁਰਖ ਸਵੇਰੇ ਤਿੰਨ ਵਜੇ ਉੱਠ ਕੇ ਇਸ਼ਨਾਨ ਕਰ ਨਾਮ ਬਾਣੀ ਵਿਚ ਲੀਨ ਹੁੰਦਾ। ਸਰਬ ਸੰਪ੍ਰਦਾਵਾਂ ਭੇਖਾਂ ਨੂੰ ਪਿਆਰ ਕਰਨ ਵਾਲਾ ਇਹ ਦੇਸ਼ ਭਗਤ ਸੰਪੂਰਨ ਸ਼ਾਕਾਹਾਰੀ ਪੁਰਖ ਹਰ ਦਿਲ ਵਿਚ ਥਾਂ ਬਣਾ ਗਿਆ। ਧਾਮੀ ਸਾਹਿਬ ਸਾਥੋਂ ੨੨ ਜਨਵਰੀ ਨੂੰ ਵਿਦਾ ਹੋਏ ਅਤੇ ੩੧ ਨੂੰ ਉਹਨਾਂ ਨਮਿਤ ਅਰਦਾਸ ਸਮਾਗਮ ਹੋਇਆ। ਭੇਖ ਤਾਂ ਲੱਭਦੇ ਹਨ ਪਰ ਇਨਸਾਨ ਅੱਜ ਕਲ੍ਹ ਕਿੱਥੋਂ ਲਭਦੇ ਹਨ। ਸ. ਅਵਤਾਰ ਸਿੰਘ ਧਾਮੀ ਦੀ ਸ਼ਖ਼ਸੀਅਤ ਉਹਨਾਂ ਦੇ ਸ਼ੁਭ ਗੁਣ ਹਮੇਸ਼ਾ ਇਨਸਾਨੀਅਤ ਦਾ ਮਾਰਗ ਦਰਸ਼ਨ ਕਰਦੇ ਰਹਿਣਗੇ।

## ਸੰਗੀਤ ਕਲਾ ਮੰਚ ਜਲੰਧਰ ਦਾ ੪੩ਵਾਂ ਸੰਗੀਤ ਸੰਮੇਲਨ

ਜਲੰਧਰ—ਸੰਗੀਤ ਕਲਾ ਮੰਚ (ਰਜਿ.) ਜਲੰਧਰ ਵਲੋਂ ੪੩ਵਾਂ ਸ਼ਾਸਤ੍ਰੀ ਸੰਗੀਤ ਸੰਮੇਲਨ ੩੦ ਮਾਰਚ ਦਿਨ ਐਤਵਾਰ ਬਾਅਦ ਦੁਪਹਿਰ ੩ ਵਜੇ ਆਰੰਭ ਹੋਵੇਗਾ। ਮੰਚ ਦੇ ਮੁੱਖ ਸਕੱਤਰ ਡਾ. ਜੋਗਿੰਦਰ ਬਾਵਰਾ ਨੇ ਦੱਸਿਆ ਕਿ ਇਸ ਵਿਚ ਦਿੱਲੀ ਦੇ ਸਿਤਾਰ ਵਾਦਕ ਸ੍ਰੀ ਅਲੀ ਅਹਿਮਦ ਖਾਂ, ਮੁੰਬਈ ਦੇ ਸ੍ਰੀ ਹੇਮਾਂਗ ਮਹਿਤਾ (ਗਾਇਕ), ਭੈਣੀ ਸਾਹਿਬ ਤੋਂ ਸ੍ਰੀ ਮੋਹਨ ਸਿੰਘ-ਸੁਖਦੇਵ ਸਿੰਘ (ਗਾਇਕ), ਸ੍ਰੀ ਰਾਜੇਸ਼ ਮਾਲਵਿਆ (ਤਬਲਾ ਵਾਦਕ) ਤੇ ਹੋਰ ਕਲਾਕਾਰ ਭਾਗ ਲੈ ਰਹੇ ਹਨ।



Sri Satguru Jagjit Singh Ji eLibrary NamdhariElibrary@gmail.com

# ਗੁਲਵੰਤ ਫ਼ਾਰਿਗ਼—ਅੱਧੀ ਸਦੀ ਦੀ ਸਾਧਨਾ ਅਤੇ ਸਿਦਕ-ਦਿਲੀ

## ਆਖ਼ਿਰ ਤਾਂ ਮਿਹਨਤ ਦਾ ਮੁੱਲ ਪੈਂਦਾ ਹੈ

ਸੱਸੀ ਦੇ ਖ਼ਾਲਿਕ ਸ਼ਾਇਰ ਦਾ ਹਾਸ਼ਮ ਨੇ ਲਿਖਿਆ ਹੈ—

"ਹਾਸ਼ਮ ਵੇਖ ਯਕੀਨ ਸੱਸੀ ਦਾ
ਸਿਦਕੋ ਮੂਲ ਨਾ ਹਾਰੇ।"

ਯਕੀਨ ਵਾਲੇ ਲੋਕ ਸਿਦਕੋਂ ਕਦੇ ਨਹੀਂ ਹਾਰਦੇ। ਗੁਲਵੰਤ 'ਫ਼ਾਰਿਗ਼' ਉਹਨਾਂ ਯਕੀਨ ਵਾਲੇ ਬੰਦਿਆਂ ਵਿੱਚੋਂ ਹੈ ਜਿਹਨਾਂ ਨੂੰ ਆਪਣੀ ਸਿਦਕ-ਦਿਲੀ ਤੇ ਮਾਣ ਹੈ। ਕਦੇ ਅੰਮ੍ਰਿਤਾ ਨੇ ਲਿਖਿਆ ਸੀ—

"ਮਾਣ ਸੁੱਚੇ ਇਸ਼ਕ ਦਾ ਹੈ, ਹੁਨਰ ਦਾ ਦਾਅਵਾ ਨਹੀਂ
ਕਲਮ ਦੇ ਇਸ ਭੇਤ ਨੂੰ, ਕੋਈ ਇਲਮ ਵਾਲਾ ਪਾਏਗਾ।"

ਅਤੇ ਗੁਲਵੰਤ, ਅੰਮ੍ਰਿਤਾ ਦੀਆਂ ਉਪਰੋਕਤ ਕਾਵਿ-ਪੰਕਤੀਆਂ ਨਾਲ ਪੂਰੀ ਤਰ੍ਹਾਂ ਸਹਿਮਤ ਹੈ। ਅੰਮ੍ਰਿਤਾ ਨੇ ਗੁਲਵੰਤ ਦੇ ਦੂਸਰੇ ਕਾਵਿ-ਸੰਗ੍ਰਹਿ "ਨੀਲਾਕਸ਼ੀ" (੧੯੬੫) ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਲਿਖਿਆ ਹੈ—"ਸਿਦਕੀ ਲੋਕ ਬੜੇ ਜ਼ਿੱਦੀ ਹੁੰਦੇ ਹਨ। ਪਰ ਉਹ ਸਿਦਕ, ਜਿਹੜਾ ਸੂਝ ਵਿਚੋਂ ਪੈਦਾ ਹੋਇਆ ਹੋਵੇ ਮਨੁੱਖ ਦੀਆਂ ਖ਼ੂਬਸੂਰਤ ਜ਼ਿੱਦਾਂ ਵਿੱਚ ਸ਼ੁਮਾਰ ਹੁੰਦਾ ਹੈ। ਗੁਲਵੰਤ ਦੀ ਕਲਮ ਜਦੋਂ ਪੰਛੀ ਵਾਂਗ ਉਡਾਰੀ ਭਰਦੀ ਹੈ, ਉਹ ਕੂਲੇ ਚਾਨਣ ਨੂੰ ਹੱਥ ਪਾਂਦੀ ਹੈ।.....

ਗੁਲਵੰਤ ਨੂੰ ਇਕ ਜ਼ਿੱਦ ਹੈ—ਕਿ ਉਸ ਨੇ ਆਪਣੀ ਤਲਾਸ਼ ਨਹੀਂ ਭੁੱਲਣੀ, ਉਸਨੇ ਆਪਣੀ ਸੇਧ ਨਹੀਂ ਗੁਆਣੀ ਤੇ ਭਟਕਣਾ ਨੂੰ ਅੰਤਿਮ ਸੱਚ ਨਹੀਂ ਮੰਨਣਾ। ਉਸ ਦੀ ਇਹ ਜ਼ਿੱਦ, ਸਿਦਕ ਵਿਚੋਂ ਪੈਦਾ ਹੋਈ ਹੈ, ਉਸ ਦਾ ਇਹ ਸਿਦਕ, ਸੂਝ ਵਿਚੋਂ ਪੈਦਾ ਹੋਇਆ ਹੈ, ਇਸ ਲਈ ਉਸ ਦੀ ਇਹ ਜ਼ਿੱਦ, ਮੁਬਾਰਕ ਦੀ ਹੱਕਦਾਰ ਹੈ।"

ਲਿਖਣਾ ਗੁਲਵੰਤ ਲਈ ਇਬਾਦਤ ਹੈ ਅਤੇ ਲਿਖਤ ਰੂਹ ਦੀ ਇਬਾਰਤ। ਚੁੱਪ-ਚਾਪ, ਖਾਮੋਸ਼ ਕੰਮ ਕਰਨ ਵਾਲਾ, ਪਰ ਫਲ ਦੀ ਆਸ ਨਾ ਰੱਖਣ ਵਾਲਾ ਗੁਲਵੰਤ ਗ਼ਾਲਿਬ ਨਾਲ ਗਾਉਂਦਾ ਹੈ—

"ਬਾਜ਼ੀਚਾ-ਇ-ਇਤਫਾਲ ਹੈ, ਦੁਨੀਆ ਮਿਰੇ ਆਗੇ,
ਹੋਤਾ ਹੈ ਸ਼ਬ-ਓ-ਰੋਜ਼ ਤਮਾਸ਼ਾ ਮਿਰੇ ਆਗੇ।"

ਗੁਲਵੰਤ ਅੱਧੀ ਸਦੀ ਤੋਂ ਵੱਧ ਅਰਸੇ ਤੋਂ, ਪੰਜਾਬੀ ਸਾਹਿਤ-ਸਿਰਜਣਾ ਵਿੱਚ ਪੂਰੀ ਸਿਦਕ-ਦਿਲੀ ਨਾਲ ਜੁਟਿਆ ਹੋਇਆ ਹੈ। ਲਿਖਤ ਦਾ ਸ਼ੌਕ ਉਸ ਨੂੰ ਇਕ ਤਰ੍ਹਾਂ ਵਿਰਸੇ ਵਿਚ ਹੀ ਮਿਲਿਆ ਹੈ। ਉਸ ਦੇ ਪਿਤਾ, ਮਾਸਟਰ ਸੰਤ ਸਿੰਘ ਨੂੰ ਉਰਦੂ ਅਦਬ ਦਾ ਸ਼ੌਕ ਸੀ। ਘਰ ਦਾ ਮਾਹੌਲ ਸ਼ੁਰੂ ਤੋਂ ਹੀ ਅਦਬੀ ਸੀ। ਘਰ ਵਿਚ ਉਰਦੂ ਦੇ ਉੱਚ ਕੋਟੀ ਦੇ ਰਸਾਲਿਆਂ ਅਤੇ ਵਧੀਆ ਪੁਸਤਕਾਂ ਦਾ ਇਕ ਵੱਡਾ ਖ਼ਜ਼ਾਨਾ ਸੀ। ਗੁਲਵੰਤ ਨੇ ਲਿਖਣ ਦਾ ਆਗ਼ਾਜ਼ ਉਰਦੂ ਤੋਂ ਹੀ ਕੀਤਾ। 'ਫ਼ਾਰਿਗ਼' ਤਖ਼ੱਲਸ ਉਹਨਾਂ ਦਿਨਾਂ ਦੀ ਹੀ ਯਾਦ ਹੈ। ਗੁਲਵੰਤ ਦਾ ਵੱਡਾ ਭਰਾ, ਗੁਰਬਖਸ਼ ਬਾਹਲਵੀ ਪੰਜਾਬੀ ਅਤੇ ਉਰਦੂ ਦਾ ਜਾਣਿਆ-ਪਛਾਣਿਆ ਅਫ਼ਸਾਨਾ ਨਿਗਾਰ ਹੈ। ਉਸ ਦਾ ਛੋਟਾ ਭਰਾ, ਮਲਕੀਅਤ ਬਾਹਲਵੀ ਜੋ ਸਰਕਾਰੀ ਕਾਲਜ, ਹੁਸ਼ਿਆਰਪੁਰ ਵਿਚ ਫਾਈਨ ਆਰਟਿਸਟ ਦਾ ਮੁਖੀ ਸੀ, ਇਕ ਚੰਗਾ ਆਰਟਿਸਟ ਸੀ। ਗੁਲਵੰਤ ਦੀ ਬੀਵੀ, ਊਸ਼ਮਾ (ਸੁਰਜੀਤ ਕੌਰ) ਪੰਜਾਬੀ ਕਾਵਿ-ਜਗਤ ਦੀ ਜਾਣੀ-ਪਛਾਣੀ ਸ਼ਾਇਰਾ ਹੈ।

ਗੁਲਵੰਤ ਦੀ ਪਲੇਠੀ ਦੀ ਰਚਨਾ ਮੈਗਜ਼ੀਨ 'ਆਰੀਆ ਵਰਤ'—ਡੀ.ਏ.ਵੀ. ਕਾਲਜ, ਹੁਸ਼ਿਆਰਪੁਰ) ਵਿਚ ੧੯੪੯ ਵਿਚ ਛਪੀ। ਉਹ ਅਜੇ ਕਾਲਜ ਦਾ ਵਿਦਿਆਰਥੀ ਹੀ ਸੀ ਕਿ ਉਸ ਦੀਆਂ ਰਚਨਾਵਾਂ ਵਿੱਚ ਉੱਚ ਪਾਇ ਦੇ ਪੱਤਰਾਂ-ਰਸਾਲਿਆਂ (ਪੰਜ ਦਰਿਆ, ਲੋਕ ਸਾਹਿਤ, ਪੰਜਾਬੀ ਸਾਹਿਤ, ਕਹਾਣੀ, ਅਮਰ ਕਹਾਣੀਆਂ, ਕਵਿਤਾ, ਲੋਕ ਕਵਿਤਾ, ਕੰਵਲ ਆਦਿ) ਵਿਚ ਪ੍ਰਕਾਸ਼ਿਤ ਹੋਣ ਲੱਗ ਪਈਆਂ ਸਨ। ਕਾਲਜ ਦੇ ਤੀਜੇ ਵਰ੍ਹੇ ਤੀਕ ਪੁੱਜਦਿਆਂ ਉਸ ਦੀਆਂ ਕੁਝ ਰਚਨਾਵਾਂ ਤਿੰਨ-ਚਾਰ ਸੰਗ੍ਰਹਿਆਂ ਵਿਚ ਸ਼ਾਮਿਲ ਹੋਣ ਦਾ ਮਾਣ ਪ੍ਰਾਪਤ ਕਰ ਚੁੱਕੀਆਂ ਸਨ।

ਗੁਲਵੰਤ ਦਾ ਜਨਮ ੧੫ ਫਰਵਰੀ, ੧੯੩੨ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਇਕ ਛੋਟੇ ਜਿਹੇ ਪਿੰਡ ਬਾਹਲਾ ਵਿਖੇ ਹੋਇਆ। ਪੰਜਾਬੀ ਅਤੇ ਅੰਗਰੇਜ਼ੀ ਵਿੱਚ ਉੱਚਤਮ ਸਿੱਖਿਆ ਪ੍ਰਾਪਤ ਗੁਲਵੰਤ ਨੇ ਜ਼ਿੰਦਗੀ ਦੀ ਸ਼ੁਰੂਆਤ ੧੯੫੪ ਵਿਚ ਇਕ ਸਕੂਲ ਅਧਿਆਪਕ ਵਜੋਂ ਕੀਤੀ। ਫਿਰ ਉਹ ੧੯੬੦ ਵਿਚ ਸਰਕਾਰੀ ਰਣਬੀਰ ਕਾਲਜ, ਸੰਗਰੂਰ ਵਿਚ ਲੈਕਚਰਾਰ ਲੱਗ ਗਿਆ। ੧੯੬੧ ਤੋਂ ੧੯੯੦ ਤੱਕ ਉਹ ਪੰਜਾਬ ਸਰਕਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਮਰਕਜ਼ੀ ਸਰਕਾਰ ਦੇ ਵੱਖ-ਵੱਖ ਮੰਤਰਾਲਿਆਂ ਵਿੱਚ ਸੰਪਾਦਕ ਰਿਹਾ। ੧੯੯੦ ਵਿਚ ਉਹ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ 'ਚੋਂ ਮੁੱਖ ਸੰਪਾਦਕ ਦੇ ਅਹੁਦੇ ਤੋਂ ਰਿਟਾਇਰ ਹੋਇਆ। ਅੱਜ-



Sri Satguru Jagjit Singh Ji eLibrary NamdhariElibrary@gmail.com

ਕਲ੍ਹ ਉਹ ਬੀਮਾਰ ਸਿਹਤ ਦੇ ਬਾਵਜੂਦ ਕੁਝ ਵਕਤੀ ਮੌਲਿਕ ਲੇਖਕ ਅਤੇ ਅਨੁਵਾਦਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ। ਗੁਲਵੰਤ ਨੇ ਕੇਂਦਰੀ ਸਾਹਿਤ ਅਕਾਦਮੀ, ਨੈਸ਼ਨਲ ਬੁੱਕ ਟਰੱਸਟ ਇੰਡੀਆ, ਪ੍ਰਕਾਸ਼ਨ ਪ੍ਰਭਾਗ ਡੀ.ਏ.ਵੀ.ਪੀ, ਪੰਜਾਬੀ ਅਕਾਦਮੀ, ਦਿੱਲੀ ਪ੍ਰਸ਼ਾਸਨ, ਪੰਜਾਬ ਸਰਕਾਰ, ਭਾਸ਼ਾ ਵਿਭਾਗ ਪੰਜਾਬ, ਲੋਕ ਸੰਪਰਕ ਵਿਭਾਗ ਪੰਜਾਬ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਜ਼ਰਾਇਤੀ ਯੂਨੀਵਰਸਿਟੀ ਲੁਧਿਆਣਾ, ਕਈ ਰਾਸ਼ਟਰੀ, ਅੰਤਰ ਰਾਸ਼ਟਰੀ ਸੰਸਥਾਵਾਂ, ਸਰਕਾਰੀ ਅਤੇ ਗੈਰ-ਸਰਕਾਰੀ ਅਦਾਰਿਆਂ, ਪ੍ਰਕਾਸ਼ਨ ਸੰਸਥਾਵਾਂ ਲਈ ਸੌ ਤੋਂ ਉੱਪਰ ਪੁਸਤਕਾਂ ਦਾ ਅਨੁਵਾਦ ਕੀਤਾ ਹੈ। ਇਹਨਾਂ ਵਿੱਚ ਸਾਹਿਤ ਅਕਾਦਮੀ ਨਵੀਂ ਦਿੱਲੀ ਲਈ ਲਗਭਗ ਇਕ ਦਰਜਨ, ਨੈਸ਼ਨਲ ਬੁੱਕ ਟਰੱਸਟ ਲਈ ਦੋ ਦਰਜਨ, ਪੰਜਾਬ ਸਰਕਾਰ ਲਈ ਅੱਧੀ ਦਰਜਨ, ਪੰਜਾਬ ਜ਼ਰਾਇਤੀ ਯੂਨੀਵਰਸਿਟੀ ਲਈ ਦੋ ਦਰਜਨ ਦੇ ਕਰੀਬ ਪੁਸਤਕਾਂ ਪੁਸਤਿਕਾਵਾਂ ਅਤੇ ਨਵਯੁੱਗ ਪਬਲਿਸ਼ਰਜ਼ ਲਈ ਚਾਰ ਪੁਸਤਕਾਂ ਸ਼ਾਮਿਲ ਹਨ।

ਗੁਲਵੰਤ ਦਾ ਕਹਿਣਾ ਹੈ ਕਿ "ਆਖਿਰ ਤਾਂ ਮਿਹਨਤ ਦਾ ਮੁੱਲ ਪੈਂਦਾ ਹੈ, ਚਾਹੇ ਦੇਰ ਨਾਲ ਹੀ ਸਹੀ।" ਪੰਜਾਬੀ ਅਕਾਦਮੀ ਦਿੱਲੀ ਵਲੋਂ ਉਸਨੂੰ ੧੯੯੭-੯੮ ਦੇ ਸਾਹਿਤ ਸੇਵਾ ਸਨਮਾਨ ਨਾਲ ਅਲੰਕ੍ਰਿਤ ਕੀਤਾ ਗਿਆ। ਇਸ ਤੋਂ ਪਹਿਲਾਂ ਉਹ ਸਾਹਿਤ ਫੁਲਵਾੜੀ ਸੁਨਾਮ, ਪੰਜਾਬੀ ਲੇਖਕ ਸਭਾ ਚੰਡੀਗੜ੍ਹ, ਪੰਜਾਬੀ ਲੇਖਕ ਸਭਾ ਗੜ੍ਹਦੀਵਾਲਾ (ਹੁਸ਼ਿਆਰਪੁਰ) ਅਤੇ ਕਈ ਹੋਰ ਸਾਹਿਤ ਸਭਾਵਾਂ, ਸੰਸਥਾਵਾਂ ਵਲੋਂ ਸਨਮਾਨਿਤ ਹੋ ਚੁੱਕਾ ਹੈ। ਪੰਜਾਬੀ ਸਾਹਿਤ ਸਮੀਖਿਆ ਬੋਰਡ (ਰਜਿਸਟਰਡ) ਜਲੰਧਰ ਨੇ ਉਸ ਦੇ ਪਹਿਲੇ ਕਾਵਿ-ਸੰਗ੍ਰਹਿ 'ਇਕ ਬੂੰਦ ਸੁਨਹਿਰੀ' (੧੯੬੨) ਨੂੰ ਸਰਬੋਤਮ ਕਾਵਿ-ਸੰਗ੍ਰਹਿ ਵਜੋਂ ਅਤੇ ਉਸ ਵਲੋਂ ਅਨੁਵਾਦਿਤ ਸੰਸਾਰ ਪ੍ਰਸਿੱਧ ਲੇਖਕ ਜੌਨ ਰੀਡ ਦੀ ਪੁਸਤਕ "ਨਵੀਂ ਦੁਨੀਆਂ ਦਾ ਜਨਮ" (੧੯੮੦) (I saw the New World born) ਨੂੰ ਸਰਬੋਤਮ ਅਨੁਵਾਦ ਵਜੋਂ ਸਨਮਾਨਿਤ ਕੀਤਾ।

ਗੁਲਵੰਤ ਦੁਆਰਾ ਅਨੁਵਾਦਿਤ ਪੁਸਤਕਾਂ ਵਿੱਚੋਂ "ਆਖਰੀ ਭੁੱਲ-ਭੁਲੱਈਆ" (ਅਰੁਣ ਜੋਸ਼ੀ ਦਾ ਅੰਗਰੇਜ਼ੀ ਨਾਵਲ), "ਲੱਦਾਖ਼ ਦਾ ਪਰਛਾਵਾਂ" (ਭਵਾਨੀ ਭੱਟਾਚਾਰੀਆ ਦਾ ਅੰਗਰੇਜ਼ੀ ਨਾਵਲ), ਚਿੱਤਰ ਲੇਖਾ (ਭਗਵਤੀ ਚਰਨ ਵਰਮਾ ਦਾ ਹਿੰਦੀ ਨਾਵਲ), "ਇਕ ਚੂਹੇ ਦੀ ਮੌਤ" (ਬਦੀ-ਉ-ਜ਼ਮਾਨ ਦਾ ਹਿੰਦੀ ਨਾਵਲ), "ਸਾਗਰ ਨੇੜੇ ਇਕ ਪਿੰਡ" (ਸੰਸਾਰ ਪ੍ਰਸਿੱਧ ਲੇਖਿਕਾ ਅਨੀਤਾ ਡੇਸਾਈ ਦਾ ਅੰਗਰੇਜ਼ੀ ਨਾਵਲ), "ਗੰਗੱਵਾ ਗੰਗਾਮਾਈ" (ਕੰਨੜ ਨਾਵਲ), "ਭੂਚਾਲ ਤੇ ਭਾਂਬੜ" ਰਸਕਿਨ ਬਾਂਡ ਦੀ ਅੰਗਰੇਜ਼ੀ ਰਚਨਾ, "ਜ਼ੋਰਾਮਥਾਂਗੀ" (ਅੰਗਰੇਜ਼ੀ ਨਾਵਲ), "ਨਵੀਂ ਦੁਨੀਆਂ ਦਾ ਜਨਮ" (ਸੰਸਾਰ ਪ੍ਰਸਿੱਧ ਲੇਖਕ ਜੌਨ ਰੀਡ ਦੀ ਰਚਨਾ) "ਬਲਵੰਤ ਸਿੰਘ ਦੀਆਂ ਚੋਣਵੀਆਂ ਕਹਾਣੀਆਂ" (ਉਰਦੂ ਤੋਂ), "ਉਰਦੂ ਅਫ਼ਸਾਨੇ" (ਸੰਪਾਦਕਾ ਰਜ਼ੀਆ ਸੱਜਾਦ ਜ਼ਹੀਰ-ਹਿੰਦੀ ਵਿਚ ਅਨੁਵਾਦ), "ਰਾਤ ਕੇ ਰਾਹੀ" (ਕਰਮਜੀਤ ਕੁੱਸਾ ਦੇ ਪੰਜਾਬੀ ਨਾਵਲ ਦਾ ਹਿੰਦੀ ਅਨੁਵਾਦ—ਨੈਸ਼ਨਲ ਬੁੱਕ ਟਰੱਸਟ ਲਈ), "ਦੰਪਤੀ ਗੀਤਾ" (ਐਨ.ਬੀ.ਟੀ. ਦੇ ਸਾਬਕਾ ਚੇਅਰਮੈਨ, ਡਾ. ਸੁਮਿਤੇਂਦਰ ਨਾਡਿਗ ਦੇ ਖੰਡ-ਕਾਵਿ ਦਾ ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ—ਸਾਹਿਤ ਅਕਾਦਮੀ ਲਈ), "ਪ੍ਰੇਮ ਚੰਦ ਦੀਆਂ ਚੋਣਵੀਆਂ ਕਹਾਣੀਆਂ" ਭਾਗ ੧ ਅਤੇ ੨—ਸਾਹਿਤ ਅਕਾਦਮੀ ਲਈ, "ਸਿੱਖਿਆ ਦੇ ਸਿਧਾਂਤ ਅਤੇ ਪ੍ਰਯੋਗ" ਭਾਗ ੧ ਅਤੇ ੨, "ਦਿਆਲ ਸਿੰਘ ਮਜੀਠੀਆ" (ਜੀਵਨੀ-ਅੰਗਰੇਜ਼ੀ ਤੋਂ, ਪ੍ਰਕਾਸ਼ਨ ਵਿਭਾਗ, ਭਾਰਤ ਸਰਕਾਰ ਲਈ), "ਸ਼ਿੰਗਾਰ ਰੁੱਖ" (ਡਾ. ਮਹਿੰਦਰ ਸਿੰਘ ਰੰਧਾਵਾ—ਅੰਗਰੇਜ਼ੀ ਤੋਂ, ਐਨ.ਬੀ.ਟੀ. ਲਈ) ਵਿਸ਼ੇਸ਼ ਤੌਰ 'ਤੇ ਜ਼ਿਕਰ ਦੇ ਕਾਬਿਲ ਹਨ।

"ਅਰਧਨਾਰੀਸ਼ਵਰ" (ਹਿੰਦੀ ਦੇ ਨਾਮਵਰ ਨਾਵਲਕਾਰ ਵਿਸ਼ਨੂੰ ਪ੍ਰਭਾਕਰ ਦਾ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਨਾਵਲ) ਦੇ ਪੰਜਾਬੀ ਅਨੁਵਾਦ ਲਈ ਸਾਹਿਤ ਅਕਾਦਮੀ ਨੇ ਗੁਲਵੰਤ ਫ਼ਾਰਿਗ ਨੂੰ ਆਪਣੇ ਇਸ ਵਰ੍ਹੇ ਦੇ ਇਨਾਮ ਨਾਲ ਅਲੰਕ੍ਰਿਤ ਕਰਨ ਦਾ ਐਲਾਨ ਕੀਤਾ ਹੈ। ਉਸਨੂੰ ਇਹ ਇਨਾਮ ਨਿਕਟ-ਭਵਿੱਖ ਵਿਚ ਇਕ ਵਿਸ਼ੇਸ਼ ਸਮਾਗਮ ਵਿਚ ਪ੍ਰਦਾਨ ਕੀਤਾ ਜਾਵੇਗਾ।

ਗੁਲਵੰਤ ਨੇ ਭਾਰਤੀ ਪ੍ਰਕਾਸ਼ਨ ਸੰਸਥਾਨ, ਨਵੀਂ ਦਿੱਲੀ ਲਈ 'ਸਾਡੇ ਅਟਲ ਜੀ' (ਜੀਵਨੀ) ਦਾ ਹਿੰਦੀ ਤੋਂ ਪੰਜਾਬੀ ਅਨੁਵਾਦ ਕੀਤਾ ਹੈ।

ਡੀ.ਏ.ਵੀ.ਪੀ. ਲਈ ਉਹਨੇ ਤਿੰਨ ਦਰਜਨ ਦੇ ਕਰੀਬ ਪੁਸਤਕਾਂ-ਪੁਸਤਿਕਾਵਾਂ ਦਾ ਪੰਜਾਬੀ ਅਨੁਵਾਦ ਕੀਤਾ ਹੈ। ਇਹਨਾਂ ਤੋਂ ਇਲਾਵਾ ਕਈ ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਲਈ ਕਈ ਪੁਸਤਕਾਂ-ਪੁਸਤਿਕਾਵਾਂ ਅਤੇ ਲੇਖਾਂ ਆਦਿ ਦਾ ਬੇਨਾਮ ਅਨੁਵਾਦ ਕੀਤਾ ਹੈ। ਸਰਕਾਰੀ ਮਹਿਕਮਿਆਂ ਵਿਚ ਸੰਪਾਦਕ ਹੋਣ ਦੀ ਹੈਸੀਅਤ ਵਿੱਚ, ਉਸ ਮੰਤਰੀਆਂ ਉਪ ਮੰਤਰੀਆਂ, ਰਾਜ ਮੰਤਰੀਆਂ, ਸਕੱਤਰਾਂ ਅਤੇ ਹੋਰ ਉੱਚ-ਅਧਿਕਾਰੀਆਂ ਲਈ ਅਨੇਕਾਂ ਲੇਖ ਅੰਗਰੇਜ਼ੀ, ਹਿੰਦੀ ਅਤੇ ਉਰਦੂ ਵਿਚ ਲਿਖੇ ਅਤੇ ਛਪਵਾਏ ਹਨ। ਭਾਵੇਂ ਉਹ ਪੰਜਾਬੀ ਸਾਹਿਤ, ਭਾਸ਼ਾ ਅਤੇ ਸੱਭਿਆਚਾਰ ਪ੍ਰਤੀ ਤਨੋ-ਮਨੋ ਸਮਰਪਿਤ ਸਾਹਿਤਕਾਰ ਹੈ, ਪਰ ਕਦੀ ਕਦੀ ਉਹ ਸੁਆਦ ਬਦਲੀ ਲਈ ਅੰਗਰੇਜ਼ੀ, ਉਰਦੂ ਅਤੇ ਹਿੰਦੀ ਵਿੱਚ ਵੀ ਲਿਖਦਾ ਹੈ। ਐਡਵਾਂਸ



Sri Satguru Jagjit Singh Ji eLibrary NamdhariElibrary@gmail.com

'ਇੰਡੀਅਨ ਲਿਟਰੇਚਰ' 'ਸੈਨਿਕ ਸਮਾਚਾਰ' ਜਾਗ੍ਰਤੀ (ਹਿੰਦੀ), ਦਿੱਲੀ ਪਾਸਬਾਨ ਪਰਵਾਜ਼-ਇ-ਅਦਬ, 'ਪੰਜਾਬ ਸੌਰਭ' 'ਆਂਧਰਾ ਪ੍ਰਦੇਸ਼' (ਉਰਦੂ, ਹਿੰਦੀ) ਇਤਿਆਦਿ ਇਸ ਦਾ ਪ੍ਰਮਾਣ ਹਨ।

ਗੁਲਵੰਤ ਬੁਨਿਆਦੀ ਤੌਰ ਤੇ ਇਕ ਸ਼ਾਇਰ ਹੈ। 'ਪੱਤਝੜ' (ਗੁਰਬਖਸ਼ ਬਾਹਲਵੀ ਨਾਲ), 'ਇਕ ਬੂੰਦ ਸੁਨਹਿਰੀ' 'ਚੁੱਪ ਦੇ ਬੋਲ ਸੁਆਹ ਦੀ ਢੇਰੀ', 'ਮਿੱਟੀ ਦਾ ਪਰਛਾਵਾਂ' ਉਸਦੇ ਪ੍ਰਸਿੱਧ ਕਾਵਿ-ਸੰਗ੍ਰਹਿ ਹਨ। 'ਇਕਲਵਾਂਝੜੇ' (ਸੋਗ ਕਵਿਤਾਵਾਂ ਦਾ ਇਕ ਸੰਗ੍ਰਹਿ) ਛਪਣ-ਗੋਚਰਾ ਹੈ)। ਗੁਲਵੰਤ ਦੀ ਚੋਣਵੀ ਕਵਿਤਾ ਭਾਸ਼ਾ ਵਿਭਾਗ, ਪੰਜਾਬ ਵਲੋਂ ਛਪਾਈ ਅਧੀਨ ਹੈ। ਉਹ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਵਲੋਂ ਜਮਹੂਰੀਅਤ ਦਿਵਸ 'ਤੇ ਆਯੋਜਿਤ ਸਰਬ ਭਾਸ਼ਾ ਕਵੀ ਸੰਮੇਲਨ ਵਿਚ, ਪੰਜਾਬੀ ਕਵਿਤਾ ਦੀ ਨੁਮਾਇੰਦਗੀ ਕਰ ਚੁੱਕਾ ਹੈ। ਇਸ ਕਵੀ ਸੰਮੇਲਨ ਲਈ ਉਹ ਕਿੰਨੇ ਹੀ ਵਰ੍ਹੇ ਅਨੁਵਾਦਕ ਕਵੀ ਵਜੋਂ ਵੀ ਕੰਮ ਕਰਦਾ ਰਿਹਾ ਹੈ। ਉਹ ਬੋਲੀ ਵਿਆਕਰਣ, ਸ਼ਬਦ-ਜੋੜਾਂ ਅਤੇ ਤਲੱਫਜ਼ (ਉਚਾਰਨ) ਬਾਰੇ ਬਹੁਤ ਸਚੇਤ ਅਤੇ ਸੋਘਾ ਹੈ। ਅੱਜ-ਕਲ੍ਹ ਪੰਜਾਬੀ ਅਕਾਦਮੀ, ਦਿੱਲੀ ਦੇ ਤਿਮਾਹੀ ਪਰਚੇ 'ਪੰਜਾਬੀ ਸਿੱਖਿਆ ਸੰਦੇਸ਼' ਵਿੱਚ ਇਸ ਸਿਲਸਿਲੇ ਵਿੱਚ ਲੜੀਵਾਰ ਪ੍ਰਕਾਸ਼ਿਤ ਹੋ ਰਹੇ ਉਸ ਦੇ ਲੇਖ ਵੀ ਬਹੁਤ ਮਕਬੂਲ ਹੋ ਰਹੇ ਹਨ।

ਸਕੂਲਾਂ, ਕਾਲਜਾਂ ਆਦਿ ਦੀਆਂ ਪਾਠ-ਪੁਸਤਕਾਂ ਤੋਂ ਇਲਾਵਾ, ਲਗਭਗ ਪੰਜਾਹ ਪੁਸਤਕਾਂ ਵਿਚ, ਗੁਲਵੰਤ ਦੀਆਂ ਰਚਨਾਵਾਂ ਸ਼ਾਮਿਲ ਹਨ। ਉਹਨੇ ਦਰਜਨ ਤੋਂ ਵੱਧ ਪੁਸਤਕਾਂ ਦੀ ਭੂਮਿਕਾ ਤੋਂ ਇਲਾਵਾ ਲਗਭਗ ਤਿੰਨ ਸੌ ਪੁਸਤਕਾਂ ਦੇ ਰੀਵੀਊ, ਵੱਖ-ਵੱਖ ਵਿਸ਼ਿਆਂ 'ਤੇ ਪੰਜਾਬੀ ਤੋਂ ਇਲਾਵਾ ਉਰਦੂ, ਹਿੰਦੀ ਅਤੇ ਅੰਗਰੇਜ਼ੀ ਵਿਚ ਬੇਸ਼ੁਮਾਰ ਲੇਖ ਅਤੇ ਕਹਾਣੀਆਂ ਲਿਖੀਆਂ ਹਨ।

ਉਸ ਦੀ ਵਾਰਤਕ ਵਿਚ ਵੀ ਕਵਿਤਾ ਵਰਗੀ ਰਵਾਨੀ, ਮਿਠਾਸ ਅਤੇ ਸ਼ਾਇਸਤਗੀ ਹੈ। ਉਸ ਦੇ ਸੁਭਾਗ ਦੀ ਸਾਦਗੀ ਅਤੇ ਹਲੀਮੀ ਰੀਸ ਯੋਗ ਹੈ। ਸ਼ਾਲਾ.......।

*ਸੰਪਰਕ ਲਈ—ਸੀ-੨/੫੯, ਅਸ਼ੋਕ ਵਿਹਾਰ.*
*ਫੇਜ਼-II, ਦਿੱਲੀ ੧੧੦੦੫੨ ਫੋਨ ਨੰ. ੨੭੨੪੫੦੨੪*

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

**ਪਰਮ ਪੂਜਯ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ**

# ਹੋਲਾ-ਮਹੱਲਾ

**ਤਾਰੀਖ : ੫ ਤੋਂ ੮ ਚੇਤਰ ੨੦੫੯ (੧੮ ਤੋਂ ੨੧ ਮਾਰਚ ੨੦੦੩) ਦਿਨ : ਮੰਗਲ, ਬੁਧ, ਵੀਰ ਅਤੇ ਸ਼ੁੱਕਰਵਾਰ**

**ਸਥਾਨ : ਸ੍ਰੀ ਭੈਣੀ ਸਾਹਿਬ (ਪੰਜਾਬ)**

**ਮਹੱਤਵਪੂਰਨ ਪ੍ਰੋਗਰਾਮ**

*** ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਰੂਹਾਨੀ ਦਰਸ਼ਨ * ਆਸਾ ਦੀ ਵਾਰ ਦਾ ਕੀਰਤਨ * ਨਾਮ ਸਿਮਰਨ * ਹੱਲੇ ਦੇ ਦਿਵਾਨ * ਸ੍ਰੀ ਆਦਿ ਗ੍ਰੰਥ ਸਾਹਿਬ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ * ਪਤਵੰਤੇ ਸੱਜਣਾਂ ਦੇ ਭਾਸ਼ਣ * ਦਾਜ ਦਹੇਜ ਰਹਿਤ ਸਮੂਹਿਕ ਅਨੰਦ ਕਾਰਜ * ਗੁਰਸਿੱਖੀ ਪ੍ਰਚਾਰ * ਕਵੀ ਦਰਬਾਰ**

**ਸਮਸਤ ਸਾਧ ਸੰਗਤ ਹੁੰਮ ਹੁਮਾ ਕੇ ਪੁੱਜੇ ਅਤੇ ਨਾਮ ਦੀ ਰੰਗਣ ਗੂੜ੍ਹੀ ਕਰ ਕੇ ਆਪਣਾ ਲੋਕ ਪ੍ਰਲੋਕ ਸਵਾਰੇ।**

**ਜ਼ਰੂਰੀ ਸੂਚਨਾਵਾਂ—* ਸਾਰੇ ਨਾਮਧਾਰੀ ਸਿੱਖ ਗੁਰਮੁਖੀ ਪਹਿਰਾਵੇ ਵਿੱਚ ਆਉਣ ਅਤੇ ਸਤਿਗੁਰੂ ਜੀ ਦੀ ਮਰਯਾਦਾ ਦਾ ਅਨੁਸਰਣ ਕਰਨ। * ਸਾਰੇ ਆਪੋ ਆਪਣੇ ਬਿਸਤਰੇ, ਮਾਲਾ, ਗੁਟਕੇ, ਆਸਣ, ਪਊਏ ਅਤੇ ਗੜਵੇ ਨਾਲ ਲੈ ਕੇ ਆਉਣ। * ਸਾਧ ਸੰਗਤ ਦਿਵਾਨ ਵਿਚ ਬੈਠ ਕੇ ਸ਼ਬਦ ਕੀਰਤਨ ਸੁਣੇ ਅਤੇ ਨਾਮ ਸਿਮਰਨ ਕਰੇ। * ਕੋਈ ਵਿਅਕਤੀ ਹੋਲੇ ਤੇ ਡਾਂਗ, ਸੋਟਾ ਜਾਂ ਹਥਿਆਰ ਲੈਕੇ ਨਾ ਆਵੇ। * ਸਭ ਲਈ ਸਤਿਗੁਰੂ ਜੀ ਦੇ ਥਾਪੇ ਪ੍ਰਬੰਧਕਾਂ ਦੀ ਆਗਿਆ ਦਾ ਪਾਲਣ ਕਰਨਾ ਜ਼ਰੂਰੀ ਹੈ।**

**ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ (ਪੰਜਾਬ)**



Sri Satguru Jagjit Singh Ji eLibrary NamdhariElibrary@gmail.com

*Our Motto : Best Quality of the Day*

## *High Class Gun Manufacturers*

## Single & Double Barrels



# 12-Bore GUNS

# Free India Gun Manufacturers

**Prop. S. KARTAR SINGH (Jammu-Wale)**

6, Industrial Estate, Ashok Nagar,
JAMMU CANTT-3
Ph. : 433810

*Sister Concern :*

**M/S. KARTAR SINGH**
**ARMS & AMMUNITION DEALERS**



Sri Satguru Jagjit Singh Ji eLibrary NamdhariElibrary@gmail.com

# ਜਰਮਨੀ ਵਿਚ ਸਰਬ ਸਾਂਝਾ ਨਾਮ ਸਿਮਰਨ

ਜਰਮਨੀ ਦੀ ਨਾਮਧਾਰੀ ਸੰਗਤ ੧੯੯੬ ਤੋਂ ਹਰ ਸਾਲ ੪੮ ਘੰਟੇ ਨਾਮ-ਸਿਮਰਨ ਕਰਦੀ ਹੈ। ਇਸ ਸਾਲ ੨੨ ਤੋਂ ੨੪ ਨਵੰਬਰ ੨੦੦੨ ਤੱਕ ਇਹ ਸਮਾਗਮ ਹੋਇਆ। ਇਹ ਸਮਾਗਮ ਸੰਸਾਰ ਭਰ ਵਿਚ ਇਕ ਵਚਿੱਤਰ ਤੇ ਨਿਵੇਕਲਾ ਹੈ ਕਿਉਂਕਿ ਇਸ ਵਿਚ ਭਾਗ ਲੈਣ ਵਾਲੇ ਨਾ ਕੇਵਲ ਸਿੱਖ ਹੀ ਹਨ। ਸਗੋਂ ਹੋਰ ਧਰਮਾਂ ਦੇ ਲੋਕ ਵੀ ਹੁੰਦੇ ਹਨ।

ਸਾਲ ੧੯੭੪ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਮਹਾਰਾਜ ਹੈਮਬਰਗ ਵਿਖੇ ਹੋ ਰਹੇ ਮਹਾਨ ਸਮਾਗਮ ਵਿਚ, ਜਿਸ ਅੰਦਰ ਬਹੁਤ ਸਾਰੇ ਧਰਮਾਂ ਦੀ ਸੰਗਤ ਮੌਜੂਦ ਸੀ, ਆਪਣੇ ਸ਼ੁਭ ਪਰਵਚਨਾਂ ਰਾਹੀਂ ਅਗੰਮੀ ਸੰਦੇਸ਼ ਦੇ ਰਹੇ ਸਨ—

"ਕਿੰਨੀ ਚੰਗੀ ਗੱਲ ਹੋਵੇ ਜੇਕਰ ਇਸ ਸ਼ਹਿਰ ਦੇ ਵਭਿੰਨ ਵਾਸੀ ਸਾਲ ਵਿਚ ਇਕ ਵਾਰੀ, ਜਾਂ ਛਿਮਾਹੀ ਪਿਛੋਂ, ਜਾਂ ਹੋਰ ਵੀ ਚੰਗਾ ਜੇਕਰ ਹਰ ਹਫਤੇ, ਰਲ ਮਿਲਕੇ ਨਾਮ-ਸਿਮਰਨ ਕਰਨ। ਅਸੀਂ ਸਾਰੇ ਟ੍ਰੇਨਾਂ ਵਿਚ ਇਕੱਠੇ ਸਫਰ ਕਰਦੇ ਹਾਂ, ਸਮਾਜਿਕ ਇਕੱਠਾ ਵਿਚ ਮਿਲਦੇ ਹਾਂ ਅਤੇ ਅਸੀਂ ਇਕੱਠੇ ਕਾਰੋਬਾਰ ਕਰਦੇ ਹਾਂ ਪ੍ਰੰਤੂ ਜਦ ਨਾਮ-ਸਿਮਰਨ (ਧਿਆਨ ਅਤੇ ਅਰਦਾਸ) ਦੀ ਗੱਲ ਹੁੰਦੀ ਹੈ ਤਾਂ ਅਸੀਂ ਆਪੋ ਆਪਣੇ ਧਾਰਮਿਕ ਵਖਰੇਵੇਂ ਨੂੰ ਲੈ ਬੈਠਦੇ ਹਾਂ ਅਤੇ ਇਸ ਪ੍ਰਕਾਰ ਅਸੀਂ ਆਪਣੀ ਸਹਿ-ਹੋਂਦ ਦੇ ਆਧਾਰ ਨੂੰ ਵਿਸਾਰ ਦਿੰਦੇ ਹਾਂ। ਹਰ ਇਕ ਪ੍ਰਾਣੀ-ਮਾਤ੍ਰ ਆਪੋ ਆਪਣੇ ਅਕੀਦੇ ਮੁਜਬ, ਆਪੋ ਆਪਣੇ ਰਹਿਨੁਮਾ ਦੇ ਦਰਸਾਏ ਮਾਰਗ ਉੱਤੇ ਚਲਦੇ, ਹਰ ਇਕ ਮਾਈ-ਭਾਈ ਨਾਮ-ਸਿਮਰਨ ਵਿਚ ਜੁੜ ਕੇ ਇਕੋ ਇਕ ਪ੍ਰਮਾਤਮਾ ਦੀ ਸਿਫਤ-ਸਲਾਹ ਕਰਕੇ ਜੀਵਨ ਸਫਲਾ ਕਰੇ।"

ਅਜਿਹੀ ਯਾਚਨਾ ਕੇਵਲ ਇਕ ਮਹਾਨ ਸਤਿਗੁਰੂ, ਇਕ ਸੱਚਾ ਸੁੱਚਾ ਰਹਿਨੁਮਾ ਹੀ ਕਰ ਸਕਦਾ ਹੈ ਜੋ ਸਰਬਤ ਦੇ ਭਲੇ ਦਾ ਮੁਤਲਾਸ਼ੀ ਹੋਵੇ। ਕਿਉਂਕਿ ਹਰ ਇਕ ਪ੍ਰਾਣੀ-ਮਾਤ੍ਰ ਉਸ ਨਾਲ ਜੁੜਿਆ ਹੋਇਆ ਹੈ, ਉਹ ਸਰਬੱਤ ਦਾ ਵਾਲੀ ਹੈ, ਪ੍ਰਤਿਪਾਲਕ ਹੈ। ਵਿਸਮਾਦੀ ਸੰਦੇਸ਼ (ਹੁਕਮ) ਅੱਜ ਵੀ ਓਨਾ ਹੀ ਸਜੀਵ ਹੈ ਜਿੰਨਾ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਸਮੇਂ ੫੦੦ ਸਾਲ ਪਹਿਲਾਂ ਸੀ। ਗੁਰੂ ਪਾਤਸ਼ਾਹ ਨੇ ਉਹਨਾਂ ਸਮੂਹ ਪ੍ਰਾਣੀ-ਮਾਤ੍ਰ ਨੂੰ ਬਖਸ਼ਿਸ਼ਾਂ ਨਾਲ ਨਿਹਾਲ ਕੀਤਾ ਜੋ ਵੀ ਆਪ ਜੀ ਦੀ ਸ਼ਰਨ ਵਿਚ ਆਏ।

ਸ੍ਰੀ ਸਤਿਗੁਰੂ ਮਹਾਰਾਜ ਦੀਆਂ ਬਖਸ਼ਿਸ਼ਾਂ ਸਦਕੇ ਅਸੀਂ ਸਮੂਹ ਸੰਗਤ, ਵੱਖੋ ਵਖਰੇ ਧਰਮਾਂ ਦੇ ਅਨੁਯਾਈ, ਬੇਅੰਤ ਖੁਸ਼ੀਆਂ ਮਾਣਦੇ ਹਾਂ ਅਤੇ ਉਹਨਾਂ ਪਲਾਂ ਦੇ ਅਤੁੱਟ ਖਜ਼ਾਨੇ ਇਕੱਤ੍ਰ ਕਰਦੇ ਹਾਂ ਜੋ ਸਤਿਗੁਰਾਂ ਦੇ 'ਹੁਕਮ' ਅਨੁਸਾਰ ਨਾਮ-ਸਿਮਰਨ ਵਿਚ ਵਿਅਸਤ ਰਹਿੰਦੇ ਹਾਂ। ਨਾਮ-ਸਿਮਰਨ ਲਗਨ ਅਤੇ ਪ੍ਰੇਮ ਦੀ ਸ਼ਕਤੀ-ਸ਼ਾਲੀ ਕਿਰਿਆ ਦੁਆਰਾ ਰੰਗ, ਨਸਲ ਅਤੇ ਜਾਤੀ ਦੇ ਸਮੂਹ ਹੱਦਾਂ-ਬੰਨੇ ਤੋੜਨ ਵਿਚ ਸਫਲ ਰਹਿੰਦਾ ਹੈ। ਅਸੀਂ ਇਹ ਵਿਵਸਥਾ ਅਤੇ ਮਾਹੌਲ ਨੂੰ ਭਰਪੂਰਤਾ ਪ੍ਰਦਾਨ ਕਰਦੇ ਹਾਂ ਜਿਹਨਾਂ ਕਾਰਨ ਮੁਸਲਮਾਨ ਅਤੇ ਯਹੂਦੀ ਮੱਤ ਦੇ ਸ਼ਰਧਾਲੂਆਂ ਨੇ ਨਾਮ ਸਿਮਰਨ ਸਮਾਰੋਹ ਵਿਚ ਭਾਗ ਲਿਆ।

੪੮ ਘੰਟਿਆਂ ਦਾ ਸਮਾਰੋਹ ਤਿੰਨ ਭਾਗਾਂ ਵਿਚ ਵੰਡਿਆ ਗਿਆ—

੧) ਬੱਤੀਆਂ ਪ੍ਰਜਵਲਤ ਕਰਨ ਦਾ ਪ੍ਰਾਰੰਭਕ ਕਾਰਜ
੨) ਨਾਮ-ਸਿਮਰਨ ਸਮਾਰੋਹ
੩) ਨਾਮ-ਸਿਮਰਨ ਸਮਾਰੋਹ ਦੀ ਸਮਾਪਤੀ

ਬੱਤੀਆਂ ਪ੍ਰਜਵਲਤ ਕਰਨ ਦੇ ਕਾਰਜ ਦਾ ਸਾਰਅੰਸ਼ ਹੈ ਕਿ ਇਸ ਕਿਰਿਆ ਰਾਹੀਂ ਹਰ ਇਕ ਵੱਖੋ ਵੱਖਰੀ ਸੰਸਥਾ ਦੇ ਪ੍ਰਤੀਨਿੱਧ ਨੂੰ ਸੰਖੇਪ ਰੂਪ ਵਿਚ ਉਦਘਾਟਨੀ ਭਾਸ਼ਨ ਦੇ ਕੇ ਆਪਣੀ ਸੰਸਥਾ ਵਲੋਂ ਇਕ ਬੱਤੀ ਨੂੰ ਜਗਾ ਕੇ ਯੋਗਦਾਨ ਪਾਉਣਾ। ਇਸ ਕਿਰਿਆ ਦਾ ਉਦੇਸ਼ ਧਰਮ-ਵਿਸ਼ੇਸ਼ ਦੇ ਅਕੀਦੇ ਅਨੁਸਾਰ ਸਦਾ ਜਾਗਤ-ਜੋਤ ਉਦਮ ਉਪਰਾਲਾ ਕਰਨਾ ਹੈ। ਜਸਵਿੰਦਰ ਸਿੰਘ ਭਮਰਾ ਨੇ ੨੨-੧੧-੦੨ ਨੂੰ ਪਧਾਰੇ ਸਮੂਹ ਆਦਰਯੋਗ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਆਰੰਭਕ ਭਾਸ਼ਨ ਦਿੱਤਾ। ਸਮੂਹ ਧਰਮਾਂ ਦੇ ਪ੍ਰਤਿਨਿਧ ਇਕ ਵੱਡੇ ਆਕਾਰ ਦੇ ਗੋਲ ਮੇਜ਼ ਦੇ ਇਰਦ ਗਿਰਦ ਸਜੇ ਹੋਏ ਸਨ।

ਇਸ ਸ਼ਾਨਦਾਰ ਅਤੇ ਅਦੁੱਤੀ ਸਮਾਰੋਹ ਵਿਚ ਨਿਮਨ-ਲਿਖਤ ਅਦਾਰਿਆਂ ਨੇ ਭਰਪੂਰ ਭਾਗ ਲਿਆ—

— ਇਸਲਾਮ ਸੈਂਟਰ ਹੈਮਬਰਗ
— ਹਿੰਦੂ ਟੈਮਪਲ ਹੈਮਬਰਗ
— ਇੰਟਰਨੈਸ਼ਨਲ ਸ਼ਿਵਾ ਨੰਦਾ ਯੋਗਾ ਸੈਂਟਰ
— ਬ੍ਰਹਮ ਕੁਮਾਰੀ ਸੈਂਟਰ
—ਤਿਬੱਤੀ ਬੁਧਿਸਟ ਸੈਂਟਰ ਹੈਮਬਰਗ
— ਸਿੱਖ ਟੈਮਪਲ ਹੈਮਬਰਗ
— ਬੈਪਟਿਸਟ ਚਰਚ (ਈਸਾਈ)
— ਕੈਥੋਲਿਕ ਚਰਚ ਹੈਮਬਰਗ
— ਜਿਊਇਸ਼ ਸੈਂਟਰ ਹੈਮਬਰਗ
— ਲੋਰਬਰ ਕਰੇਲਜ਼ ਹੈਮਬਰਗ (ਈਸਾਈ)
— ਰੀਫੋਰਮਟਰ ਕਰਸ਼ੇ ਹੈਮਬਰਗ (ਈਸਾਈ)



Sri Satguru Jagjit Singh Ji eLibrary NamdhariElibrary@gmail.com

— ਈਵ-ਲੁਟਰਿਸ਼ੇ ਕਰਸ਼ੇ (ਈਸਾਈ)
— ਮੈਨੋਨੀਟਨ ਗੈਮਿੰਦੇ ਹੈਮਬਰਗ (ਈਸਾਈ)
— ਸੇਂਟ ਪਾਲ ਕਰਸ਼ੇ ਹੈਮਬਰਗ (ਈਸਾਈ)
— ਆਰਟ ਆਫ਼ ਲਿਵਿੰਗ (ਸ੍ਰੀ ਰਵੀ ਸ਼ੰਕਰ ਦੇ ਪੈਰੋਕਾਰ)
— ਅਮਾ ਸਤਿਸੰਗ ਹੈਮਬਰਗ (ਮਾਤਾ ਅੰਮ੍ਰਿਤਾ ਦੇ ਪੈਰੋਕਾਰ)
— ਯੋਗਾ ਇਨ ਡੇਲੀ ਲਾਈਫ਼ (ਸਵਾਮੀ ਮਹੇਸ਼ਵਰਾਨੰਦ ਦੇ ਪੈਰੋਕਾਰ)
— ਕਰੀਆ ਯੋਗਾ ਸੈਂਟਰ ਹੈਮਬਰਗ (ਸਵਾਮੀ ਪ੍ਰਜਨਾਨੰਦਾ ਦੇ ਪੈਰੋਕਾਰ)
— ਇਸਕੋਨ ਹਰੇ ਰਾਮਾ, ਹਰੇ ਕ੍ਰਿਸ਼ਨਾ (ਸਵਾਮੀ ਪ੍ਰਭੂਪਦਾ ਦੇ ਪੈਰੋਕਾਰ)
— ਰੂਹਾਨੀ ਸਤਿਸੰਗ ਹੈਮਬਰਗ (ਸੰਤ ਰਾਜਿੰਦਰ ਸਿੰਘ ਦੇ ਪੈਰੋਕਾਰ)
— ਟ੍ਰਾਂਸੈਂਡੈਂਟਲ ਮੈਡੀਟੇਸ਼ਨ (ਸ੍ਰੀ ਮਹਾਂਰਿਸ਼ੀ ਮਹੇਸ਼ ਯੋਗੀ ਦੇ ਪੈਰੋਕਾਰ)
— ੩ ਐਚ ਓ (ਯੋਗੀ ਹਰਭਜਨ ਸਿੰਘ ਦੇ ਪੈਰੋਕਾਰ)
— ਰਾਧਾ ਸਵਾਮੀ ਸਤਿਸੰਗ ਬਿਆਸ (ਬਾਬਾ ਗੁਰਿੰਦਰ ਸਿੰਘ ਜੀ ਦੇ ਪੈਰੋਕਾਰ)
— ਆਮੋਕ ਈ.ਵੀ. (ਬਾਲਾ ਜੀ ਟੰਬੇ ਦੇ ਪੈਰੋਕਾਰ)
— ਨਾਮਧਾਰੀ ਸੰਗਤ ਜਰਮਨੀ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪੈਰੋਕਾਰ)

ਉੱਪਰ ਲਿਖਤ ਸਮੂਹ ਸੰਸਥਾਵਾਂ ਨੇ ਇਸ ਵਿਸ਼ਵਾਂਤਰੀ ਸਮਾਰੋਹ ਵਿਚ ਭਰਪੂਰ ਹਿੱਸਾ ਲਿਆ ਅਤੇ ਨਿਹਾਲ ਹੋਏ।

ਸਮਾਗਮ ਦੇ ਇਸ ਭਾਗ ਦੀ ਸਮਾਪਤੀ ਪਿੱਛੋਂ ਸਾਰੀਆਂ ਮੋਮਬੱਤੀਆਂ ਦਾ ਜਗਮਗ ਕਰਦਾ ਜਲੂਸ ਨਾਮ-ਸਿਮਰਨ ਦੇ ਹਾਲ ਵੱਲ ਵੱਧਦਾ ਹੈ ਅਤੇ ਪਿੱਛੇ ਇਹ ਮਹਾਨ ਪੁਰਬ ਵਿਚ ਭਾਗ ਲੈ ਰਹੇ ਸਮੂਹ ਦੀ ਸੋਭਾਵੰਡ ਸੰਗਤ ਜਾਂਦੀ ਹੈ। ਨਾਮ-ਸਿਮਰਨ ਭਵਨ ਭਾਂਤ ਭਾਂਤ ਦੇ ਫੁੱਲਾਂ ਨਾਲ ਸਜਾਇਆ ਹੁੰਦਾ ਹੈ ਅਤੇ ਸਾਹਮਣੇ ਦੀ ਦੁਆਲ ਉੱਤੇ ਸ੍ਰੀ ਸਤਿਗੁਰੂ ਮਹਾਰਾਜ ਦਾ ਪਾਵਨ ਆਸਨ ਸ਼ਸ਼ੋਭਤ ਹੈ ਅਤੇ ਸੱਜੇ ਹੱਥ ਉੱਤੇ ਪਾਵਨ ਜੋਤ ਹੈ ਜੋ ਆਰੰਭਕ ਅਰਦਾਸ ਸਮੇਂ ਜਗਾਈ ਗਈ ਸੀ। ਇਹ ਜੋਤ ੪੮ ਘੰਟੇ ਪ੍ਰਜਵਲਤ ਰਹੇਗੀ। ਖੱਬੇ ਪਾਸੇ ਪਾਵਨ ਗੜਵਾ ਸੋਭ ਰਿਹਾ ਹੈ। ਪਾਵਨ ਆਸਨ ਦੇ ਪਿਛਲੇ ਵੰਨੇ ਲੱਕੜੀ ਦੀ ਫਰੇਮ ਵਿਚ ਜਰਮਨ ਮਤਨ ਦਾ ਅੰਗਰੇਜ਼ੀ ਅਨੁਵਾਦ ਸੁਭਾਇਮਾਨ ਹੈ ਜਿਸ ਦਾ ਪੰਜਾਬੀ ਰੂਪ ਇਸ ਪ੍ਰਕਾਰ ਹੋਵੇਗਾ—

"ਅਸੀਂ ਇਥੇ ਪਰਮ ਪ੍ਰਮਾਤਮਾ
ਅੱਗੇ ਬਿਨੈਵੰਤ ਹਾਂ
ਪ੍ਰਭੂ ਜੋ ਇਕੋ ਹੈ ਤੇ ਕੇਵਲ ਇਕ ਹੈ
ਅਸੀਂ ਉਸ ਦਾ ਧਿਆਨ ਧਰਦੇ ਹਾਂ
ਜਿਸ ਨੇ ਸਾਨੂੰ ਜਨਮ ਬਖਸ਼ਿਆ
ਜਿਸ ਤੋਂ ਸ੍ਰਿਸ਼ਟੀ ਉਪਜੀ
ਆਦਿ ਕਾਲ ਤੋਂ ਉਹ ਪ੍ਰਭੂ
ਇਕ ਹੀ ਹੈ।"

ਠੀਕ ੬ ਵਜੇ ਸ਼ਾਮੀ ਜਸਵਿੰਦਰ ਸਿੰਘ ਨੇ ਪੰਜਾਬੀ ਅਤੇ ਜਰਮਨ ਵਿਚ ਅਰਦਾਸ ਕੀਤੀ। ਜਿਸ ਨਾਲ ਨਾਮ-ਸਿਮਰਨ ਦਾ ਪਹਿਲਾ ਘੰਟਾ ਸ਼ੁਰੂ ਹੋਇਆ। ਸਾਰੇ ਪ੍ਰਸਤਤ ਜੀਵ ਪਾਵਨ ਆਸਨ ਦੇ ਸਨਮੁੱਖ ਸਜੇ ਹੋਏ ਸਿਮਰਨ ਕਰਦੇ ਹਨ। ਇਹ ਕਾਰਜ ਕਈ ਵਿਧੀਆਂ ਨਾਲ ਹੁੰਦਾ ਹੈ। ਜਿਵੇਂ ਸ਼ਾਂਤ-ਧਿਆਨ, ਕੀਰਤਨ, ਮੰਤਰ-ਪਾਠ ਜਾਂ ਪਾਵਨ ਧਰਮ-ਗ੍ਰੰਥਾਂ ਵਿੱਚੋਂ ਵਾਕ ਲੈ ਕੇ। ਇਕ ਘੰਟੇ ਲਈ ਸੰਗਤ ਆਪਣੇ ਸਿਰਜਨਹਾਰ ਨੂੰ ਆਪੋ ਆਪਣੇ ਅਕੀਦੇ ਅਨੁਸਾਰ ਯਾਦ ਕਰਦੇ ਹਨ : ਇਹ ਕਾਰਜ ਵਿਅਕਤੀਗਤ ਜਾਂ ਸਾਮੂਹਿਕ ਰੂਪ ਵਿਚ ਹੁੰਦਾ ਹੈ। ਜਦੋਂ ਇਕ ਵਕਤਾ ਬੋਲ ਕੇ ਚਲੇ ਜਾਂਦਾ ਹੈ ਤਾਂ ਦੂਜਾ ਵਕਤਾ ਮੰਚ ਉੱਤੇ ਆ ਜਾਂਦਾ ਹੈ। ਜਦੋਂ ਪਹਿਲਾ ਵਕਤਾ ਆਪਣੇ ਸਥਾਨ ਤੇ ਬੈਠ ਜਾਂਦਾ ਹੈ ਤਾਂ ਅਗਲਾ ਵਿਅਕਤੀ ਇਕ ਧੀਮੀ ਜਹੀ ਟੱਲੀ ਵਜਾ ਕੇ ਆਪਣਾ ਕਾਰਜ ਸ਼ੁਰੂ ਕਰਦਾ ਹੈ। ਸੁੱਕੇ ਫਲਾਂ ਦਾ ਪ੍ਰਸ਼ਾਦ ਵੰਡਿਆ ਜਾਂਦਾ ਹੈ ਇੱਥੋਂ ਬਾਹਰ ਜਾਂਦੇ ਹਰ ਇਕ ਵਿਅਕਤੀ ਨੂੰ। ਇਸ ਪ੍ਰਕਾਰ ੪੮ ਘੰਟੇ ਦੀ ਸਿਮਰਨ ਲੜੀ ਚਲਦੀ ਰਹਿੰਦੀ ਹੈ। ਸਿਮਰਨ ਭਵਨ ਦਾ ਵਾਤਾਵਰਨ ਸੂਖਮ ਪ੍ਰਕਾਸ਼, ਉਤੇਜਨਾ ਨਾਲ ਭਰ ਜਾਂਦਾ ਹੈ ਅਤੇ ਕਈ ਤਾਂ ਆਖਦੇ ਹਨ ਕਿ ਪ੍ਰਮਾਤਮਾ ਇਥੇ ਪਧਾਰਿਆ ਹੈ।

ਸੇਂਟ ਪਾਲ ਚਰਚ ਦੇ ਪਾਦਰੀ ਪਾਸਤਰ ਸਾਈਹਾਰਡ ਵਿਲਮਜ਼ ਨੇ ਆਖਿਆ—

"ਨਾਮ-ਸਿਮਰਨ ਦਾ ਮਹੱਤਵ ਮੇਰੇ ਲਈ
ਈਸਾਈ-ਮਤ ਦੇ ਮਹਾਂ-ਉਤਸਵ ਕ੍ਰਿਸਮਸ ਦੀ ਨਿਆਈ ਹੈ।"

ਇਸਲਾਮੀ ਕੇਂਦਰ ਹਲੀਮਾ ਕਰੌਸਨ ਨੇ ਕਿਹਾ—

"ਸਾਨੂੰ ਕੇਵਲ ਨਾਮ-ਸਿਮਰਨ ਬਾਰੇ ਗੱਲਾਂ ਕਰਨੀਆਂ ਹੀ ਕਾਫੀ ਨਹੀਂ ਨਾਮ-ਸਿਮਰਨ ਕਰਨਾ ਚਾਹੀਦਾ ਹੈ।"

ਯਹੂਦੀ ਭਾਈਚਾਰੇ ਦੇ ਰਬਾਈ ਕਾਈ ਐਕਸਟਨ ਨੇ ਫਰਮਾਇਆ—

"ਪਰਮ ਪਰਮਾਤਮਾ ਦੀ ਵਾਰਦਨੀਅਤ ਬਾਰੇ ਨਾਮ ਸਿਮਰਨ ਦਾ ਪ੍ਰਭਾਵ ਅਦਭੁਤ ਹੈ। ਖੁਸ਼ੀ ਦੀ ਗੱਲ ਹੈ ਕਿ ਇਹ ਕਾਰਜ ਕਰਦਿਆਂ ਤੁਸੀਂ ਆਪਣਾ ਅਸਲ ਅਕੀਦਾ ਤੇ ਵੱਖਰੀ ਪਛਾਣ ਕਾਇਮ ਰੱਖਦੇ ਹੋ।"

ਮਾਸਟਰ ਰਤਨ ਚੰਦ ਨੇ ਹਿੰਦੂ ਮੰਦਰ ਦੀ ਪ੍ਰਤੀਨਿਧਤਾ



Sri Satguru Jagjit Singh Ji eLibrary NamdhariElibrary@gmail.com

ਕਰਦਿਆਂ ਆਖਿਆ—

"ਜੇਕਰ ਅਸੀਂ ਸ੍ਰੀ ਸਤਿਗੁਰੂ ਮਹਾਰਾਜ ਦਾ ਹੁਕਮ ਮੰਨੀਏ ਤਾਂ ਅਸੀਂ ਅਧਿਆਤਮਕ ਮਾਰਗ ਉੱਤੇ ਭਲੀ ਭਾਂਤ ਅਗਰਸਰ ਹੁੰਦੇ ਹਾਂ।"

ਸ੍ਰੀ ਵਿਦਿਆਨਾਥ ਜੋ ਇਸਕਨ (ਹਰੇ ਰਾਮਾ ਹਰੇ ਕ੍ਰਿਸ਼ਨਾ ਸੰਸਥਾ) ਦੇ ਸੰਚਾਲਕ ਹਨ ਨੇ ਪ੍ਰਭਾਵਸ਼ਾਲੀ ਢੰਗ ਨਾਲ ਆਖਿਆ—

"ਲੋਕੀ ਵੱਖੋ ਵੱਖਰੇ ਧਰਮਾਂ ਵਿਚਕਾਰ ਗੱਲਬਾਤੀ ਸੰਪਰਕ ਦੀਆਂ ਗੱਲਾਂ ਕਰਦੇ ਹਨ ਪ੍ਰੰਤੂ ਨਾਮ-ਸਿਮਰਨ ਲੜੀ ਰਾਹੀਂ ਅਸੀਂ ੬ ਸਾਲਾਂ ਤੋਂ ਇਸ ਸੰਕਲਪ ਨੂੰ ਅਮਲੀ ਰੂਪ ਪ੍ਰਦਾਨ ਕੀਤਾ ਹੋਇਆ ਹੈ।"

ਮਿਸਿਜ਼ ਡਬਲਯੂ ਗਰਤੇਨੋ ਨੇ ਲੋਰਲਰ ਕਰੈਲਸ ਵਲੋਂ ਆਖਿਆ—

"ਪ੍ਰਭੂ ਜੀਸਸ ਨੇ ਸਾਨੂੰ ਪ੍ਰੇਮ ਦੀ ਦਾਤ ਦਿੱਤੀ। ਇਹ ਪ੍ਰੇਮ ਦੀ ਹੀ ਕਿਰਪਾ ਹੈ ਜੋ ਕਿ ਅਸੀਂ ਪ੍ਰਭੂ-ਪ੍ਰੇਮ ਨਾਲ ਆਪੋ ਵਿਚ ਜੁੜੇ ਹੋਏ ਹਾਂ। ਜਿਵੇਂ ਜਿਵੇਂ ਸਮਾਂ ਬੀਤਦਾ ਜਾਂਦਾ ਹੈ ਸਹਿਯੋਗੀ ਵਿਅਕਤੀ ਇਥੇ ਪਧਾਰ ਕੇ ਆਪਣੇ ਜੀਵਨ ਨੂੰ ਚਾਨਣ ਨਾਲ ਲਬਰੇਜ਼ ਕਰਦੇ ਹਨ ਅਤੇ ਪਵਿੱਤਰ ਆਤਮਾ ਦੀਆਂ ਝਲਕਾਂ ਵੰਡਦੇ ਹਨ।"

ਮਿਸਟਰ ਗੋਇਆਲ, ਜੋ ਹੈਮਬਰਗ ਵਿਖੇ ਭਾਰਤੀ ਕੌਂਸਲ ਜਨਰਲ ਹਨ, ਨੇ ਫਰਮਾਇਆ—

"ਨਾਮ-ਸਿਮਰਨ ਇਕ ਬਹੁਤ ਹੀ ਸ਼ਲਾਘਾ-ਯੋਗ ਯਤਨ ਹੈ ਜਿਸ ਰਾਹੀਂ ਆਪ ਸਾਰੇ ਰਲ ਮਿਲਕੇ ਆਪੋ ਆਪਣੇ ਅਕੀਦਿਆਂ ਮੁਜਬ ਪ੍ਰਭੂ ਭਗਤੀ ਕਰਦੇ ਹੋ ਅਤੇ ਕੋਈ ਧਰਮ ਵੀ ਇਕ ਦੂਜੇ ਉੱਤੇ ਭਾਰੂ ਨਹੀਂ ਹੁੰਦਾ।"

ਇਕ ਵਿਅਕਤੀ ਵਾਧੂ ਰੀਜ਼ਰਵ ਡਿਊਟੀ ਲਈ ਹਮੇਸ਼ਾ ਤਿਆਰ ਹੁੰਦਾ ਹੈ ਤਾਂ ਕਿ ਕਿਸੇ ਇਕ ਵਿਅਕਤੀ ਦੇ ਸਮੇਂ ਸਿਰ ਨਾ ਪੁੱਜਣ ਕਾਰਨ ਕੋਈ ਵੀ ਨਾਮ-ਸਿਮਰਨ ਵਿਚ ਵਿਘਨ ਨਾ ਪਵੇ। ਅਗਲੇ ਵਿਅਕਤੀ ਦੇ ਪੁੱਜਣ ਤੱਕ ਉਹ ਸੇਵਾ ਨਿਭਾਉਂਦਾ ਹੈ ਜਿਸ ਨਾਲ ੪੮ ਘੰਟੇ ਦੇ ਨਾਮ-ਸਿਮਰਨ ਸਮਾਰੋਹ ਵਿਚ ਕੋਈ ਰੁਕਾਵਟ ਨਹੀਂ ਪੈਂਦੀ। ਇਸ ਪ੍ਰਕਾਰ ਦਾ ਉਤਸ਼ਾਹ ਅਤੇ ਸੇਵਾ ਭਾਵ ਧੁਰ ਹਿਰਦੇ ਵਿਚੋਂ ਉੱਠਦਾ ਹੈ, ਹੋਰ ਕਿਸੇ ਵਿਧੀ ਨਾਲ ਇਹ ਸੰਭਵ ਹੀ ਨਹੀਂ। ਨਾਮ-ਸਿਮਰਨ ਸਮਾਗਮ ਬਹੁਤ ਸਾਰੇ ਵਿਅਕਤੀਆਂ ਨੂੰ ਆਤਮਿਕ ਮਿਤ੍ਰਤਾ ਪ੍ਰਦਾਨ ਕਰਦਾ ਹੈ ਜਿਸ ਨਾਲ ਛੋਟੀਆਂ ਛੋਟੀਆਂ ਗੱਲਾਂ ਅਤੇ ਦੁਨੀਆਦਾਰੀ ਦੇ ਬਖੇੜਿਆਂ ਤੋਂ ਵੀ ਮੁਕਤੀ ਮਿਲਦੀ ਹੈ। ਇਸ ਨਾਲ ਏਕਤਾ ਦੀ ਭਾਵਨਾ ਪੈਦਾ ਹੁੰਦੀ ਹੈ ਅਤੇ ਆਤਮਿਕ-ਗਿਆਨ ਦੇ ਰਾਹ ਉੱਤੇ ਚਲਦਿਆਂ ਵਿਅਕਤੀ ਦੇ ਮਨ ਵਿਚੋਂ ਵਹਿਮ-ਭਰਮ ਦੂਰ ਹੋ ਜਾਂਦੇ ਹਨ। ਇਸੇ ਸਮੇਂ ਵਿਚ ਇਹ ਵੀ ਦੇਖਿਆ ਗਿਆ ਹੈ ਕਿ ਇਕ ਦੂਜੇ ਤਜਰਬੇ ਅਤੇ ਪ੍ਰਭਾਵਾਂ ਦਾ ਅਦਾਨ ਪ੍ਰਦਾਨ ਵੀ ਹੁੰਦਾ ਹੈ ਜੋ ਨਾਮ-ਸਿਮਰਨ ਦੀ ਸਮਾਪਤੀ ਸਮੇਂ ਵਾਪਰਦਾ ਹੈ।

ਐਤਵਾਰ ਨੂੰ ੬ ਵਜੇ ਸ਼ਾਮੀ ਅੰਤਮ ਸਮਾਪਤੀ ਦੀ ਅਰਦਾਸ ਜਸਵਿੰਦਰ ਸਿੰਘ ਕਰਦੇ ਹਨ ਜਿਸ ਵਿਚ ਸੰਖੇਪ ਤੌਰ ਤੇ ਪ੍ਰਭੂ ਅੱਗੇ ਬਿਨੈ ਕੀਤੀ ਜਾਂਦੀ ਹੈ ਕਿ ਕਿਰਪਾ ਕਰਕੇ ਸਾਨੂੰ ਆਪਣਾ ਸ਼ੁਭ ਵਰਦਾਨ ਦਿਓ ਅਤੇ ਸਾਡੇ ਅਵਗੁਣ ਬਖਸ਼ੋ। ਸਾਨੂੰ ਸੁਮਤਿ ਦਿਓ ਤਾਂ ਕਿ ਅਸੀਂ ਆਪ ਜੀ ਦੇ ਦਰਸਾਏ ਮਾਰਗ ਉੱਤੇ ਚਲ ਸਕੀਏ। ਇਸ ਤੋਂ ਉਪਰੰਤ ਇਕ ਘੰਟਾ ਭਜਨ ਅਤੇ ਕੀਰਤਨ ਹੁੰਦਾ ਹੈ। ਜਿਸ ਵਿਚ ਸਿਰਜਣਹਾਰ ਦੇ ਗੁਣ ਗਾਇਣ ਕੀਤੇ ਜਾਂਦੇ ਹਨ।

ਇਸ ਸਾਲ ਮਾਸਟਰ ਰਤਨ ਚੰਦ ਜੀ ਨੇ ਜੋ ਕਾਬਲ ਅਫਗਾਨਿਸਤਾਨ ਤੋਂ ਆਏ ਹਨ ਅਤੇ ਹੈਮਬਰਗ ਵਿਚ ਰਹਿੰਦੇ ਹਨ ਆਪਣੀ ਗਾਇਕੀ ਦਾ ਕਮਾਲ ਦਿਖਾਇਆ। ਆਪ ਜੀ ਨੇ ਦੋ ਸ਼ਬਦ ਸੁਣਾਏ ਜਿਨ੍ਹਾਂ ਵਿਚੋਂ ਇਕ ਸੀ "ਅਵਲ ਅਲਾਹ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ"। ਮਾਸਟਰ ਜੀ ਦੇ ਚੇਲੇ ਜਵੰਦ ਸਿੰਘ ਭਮਰਾ ਨੇ "ਦੁੱਖ ਭੰਜਨ ਤੇਰਾ ਨਾਮ" ਗਾਇਆ ਅਤੇ ਸ਼ਿਵ ਪਾਲ ਜੀ ਨੇ ਇਕ ਭਜਨ ਅਥਵਾ ਐਂਡਰੀਅਸ ਗਰੇਟੈਨੋ ਨੇ ਜਰਮਨ ਵਿਚ ਨਗਮਾ "ਜਦ ਕੇਵਲ ਤੂੰ ਹੀ ਮੇਰੇ ਨਾਲ ਹੁੰਦਾ ਏ" ਗਾਇਣ ਕੀਤਾ।

ਜਸਵਿੰਦਰ ਸਿੰਘ ਨੇ ਸਮੂਹ ਸੰਗਤ ਦਾ ਧੰਨਵਾਦ ਕੀਤਾ ਅਤੇ ਬਖਸ਼ੀਸ਼ ਸਿੰਘ ਤੇ ਮੱਖਣ ਸਿੰਘ ਦਾ ਤਾਂ ਵਿਸ਼ੇਸ਼ ਧੰਨਵਾਦ ਕੀਤਾ ; ਕਿਉਂ ਜੋ ਉਹਨਾਂ ਨੇ ਰਾਤ ਨੂੰ ਪਹਿਰੇ ਦੀ ਡਿਊਟੀ ਨਿਭਾਈ। ਇਸ ਸਮੇਂ ਨਾਮ-ਸਿਮਰਨ ਦੇ ਪ੍ਰਭਾਵ ਸਾਂਝੇ ਕੀਤੇ ਗਏ। ਇਸ ਸਾਲ ੧੨੫ ਵਿਅਕਤੀਆਂ ਨੇ ਭਾਗ ਲਿਆ ਅਤੇ ਖੁਸ਼ੀ ਦੀ ਗੱਲ ਹੈ ਕਿ ੨੦੦੩ ਦੇ ੪੮ ਘੰਟੇ ਦੇ ਨਾਮ-ਸਿਮਰਨ ਦੇ ੧੨ ਘੰਟੇ ਬੁੱਕ ਹੋ ਗਏ ਹਨ। ਇਹ ਸਮਾਗਮ ੧੬-੧੮ ਨਵੰਬਰ ੨੦੦੩ ਨੂੰ ਹੋ ਰਿਹਾ ਹੈ।

ਇਸ ਪ੍ਰਕਾਰ ਉਤਸ਼ਾਹ ਭਰੇ ਮਾਹੌਲ ਵਿਚ ੨੦੦੨ ਦਾ ਨਾਮ ਸਿਮਰਨ ਸਮਾਪਤ ਹੋਇਆ ਅਤੇ ਜਸਵਿੰਦਰ ਕੌਰ ਭਮਰਾ ਵਲੋਂ ਲਗਨ ਅਤੇ ਪਿਆਰ ਨਾਲ ਤਿਆਰ ਕੀਤਾ ਲੰਗਰ ਵਰਤਾਇਆ ਗਿਆ। ਜਿਸ ਦਾ ਅਨੰਦ ਕਾਫੀ ਦੇਰ ਤੱਕ ਮਾਣਿਆ ਗਿਆ। ਸੁਹਿਰਦ ਸਹਿਯੋਗੀਆਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਵਲੋਂ ਦਰਸਾਈ ਸਿੱਖਿਆ ਨੂੰ ਅਮਲੀ ਜਾਮਾ ਪਹਿਨਾਇਆ ਅਤੇ ਨਾਮ-ਸਿਮਰਨ ਦੀ ਬਹੁਪੱਖੀ ਮਹਿਮਾ ਉੱਤੇ ਵਿਚਾਰ ਪ੍ਰਗਟ ਕੀਤੇ।



Sri Satguru Jagjit Singh Ji eLibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

✆ 61040
Code : 01824

**For Fitting Diesel Engines in Foreign**

**&**

**INDIAN CAR BODIES**




*Specialists in :*

**Mercedes Benz Car Repairing**

**AMARJIT MOTOR GARAGE**

G.T. Road, Opp. Jalandhar Octroi Post,
PHAGWARA



Sri Satguru Jagjit Singh Ji eLibrary NamdhariElibrary@gmail.com

## 'ਹਿੰਦੀ ਪੱਤਰਕਾਰਤਾ : ਨਵੇਂ ਆਯਾਮ' ਵਿਸ਼ੇ ਤੇ ਰਾਸ਼ਟਰੀ ਸੈਮੀਨਾਰ

ਹਿੰਦੀ ਦੇ ਸੀਨੀਅਰ ਅਤੇ ਸਤਿਕਾਰਤ ਪੱਤਰਕਾਰ ਸ੍ਰੀ ਪ੍ਰਭਾਸ਼ ਜੋਸ਼ੀ ਜਿਨ੍ਹਾਂ ਨੇ ੧੯੮੩ ਤੋਂ ਮੁੜ ਪ੍ਰਕਾਸ਼ਤ ਦੈਨਿਕ 'ਜਨਸੱਤਾ' ਦੇ ਸੰਪਾਦਕ ਰੂਪ ਵਿਚ 'ਹਿੰਦੀ ਪੱਤਰਕਾਰਤਾ-ਨਵੇਂ ਆਯਾਮ' ਤੇ ਆਯੋਜਤ ਇਕ ਦਿਨਾ ਰਾਸ਼ਟਰੀ ਸੈਮੀਨਾਰ ਦੇ ਉਦਘਾਟਨੀ ਭਾਸ਼ਣ ਦਿੰਦਿਆਂ ਬੜੇ ਮਹੱਤਵਪੂਰਨ ਸਵਾਲ ਉਠਾਏ।

ਸੈਮੀਨਾਰ ਦੇ ਉਦਘਾਟਨੀ ਸੈਸ਼ਨ ਵਿਚ ਆਪਣੇ ਤਾਜ਼ਗੀ ਭਰੇ ਭਾਸ਼ਣ ਵਿਚ ਸ੍ਰੀ ਜੋਸ਼ੀ ਨੇ ਸਿੱਧਾ ਸਵਾਲ ਕੀਤਾ ਕਿ ਬਿਜਲਈ ਮਾਧਿਅਮਾਂ ਦੇ ਹਮਲਾਵਰ ਪ੍ਰਸਾਰ ਦੇ ਸਾਹਮਣੇ ਕੀ ਅਖਬਾਰ ਟਿਕ ਸਕਣਗੇ? ਉਨ੍ਹਾਂ ਕਿਹਾ ਕਿ ਅਗਲੇ ਦਸ ਵਰ੍ਹਿਆਂ ਵਿਚ ਬਿਜਲਈ ਮਾਧਿਅਮ ਸੰਸਾਰ ਦਾ ਚਿਹਰਾ ਬਦਲ ਦੇਵੇਗਾ ਅਤੇ ਕੁਝ ਵਿਦਵਾਨਾਂ ਦਾ ਇਹ ਮਤ ਹੈ ਕਿ ਦੁਨੀਆਂ ਵਿਚ ਅਖਬਾਰ ਸਿਰਫ ਟਾਇਲਟ ਪੇਪਰ ਦੇ ਕੰਮ ਆਵੇਗਾ। ਸਿਰਫ ਟੈਲੀਵਿਜ਼ਨ ਅਤੇ ਇੰਟਰਨੈਟ ਰਾਹੀਂ ਸਕਰੀਨ ਤੇ ਹੀ ਦਰਸ਼ਕ ਖ਼ਬਰਾਂ ਨੂੰ ਵਾਪਰਦਾ ਵੀ ਦੇਖੇਗਾ ਤੇ ਪੜ੍ਹੇਗਾ ਵੀ।

ਇਨ੍ਹਾਂ ਦਲੀਲਾਂ ਦਾ ਖੰਡਨ ਕਰਦਿਆਂ ਪ੍ਰਭਾਸ਼ ਜੋਸ਼ੀ ਨੇ ਕਿਹਾ ਕਿ ਅਜਿਹੀਆਂ ਦਲੀਲਾਂ ਪਹਿਲਾਂ ਵੀ ਦਿੱਤੀਆਂ ਜਾਂਦੀਆਂ ਰਹੀਆਂ ਹਨ, ਪਰ ਕਿਤਾਬ ਹਾਲੀ ਤੱਕ ਬਚੀ ਹੋਈ ਹੈ। ਉਨ੍ਹਾਂ 'ਬਾਈਬਲ', 'ਕੁਰਾਨ' ਆਦਿ ਧਾਰਮਿਕ ਕਿਤਾਬਾਂ ਨੂੰ ਸਭ ਤੋਂ ਵੱਧ ਵਿਕਣ ਵਾਲੀਆਂ ਕਿਤਾਬਾਂ ਦੱਸਦਿਆਂ ਕਿਹਾ ਕਿ ਭਾਰਤ 'ਸਿਮ੍ਰਤੀ ਅਤੇ ਸ਼ਰੁਤੀ' ਦਾ ਦੇਸ਼ ਹੈ, ਜਿਥੇ ਰਮਾਇਣ/ਮਹਾਭਾਰਤ ਵਰਗੀਆਂ ਬਹੁਤ ਸਾਰੀਆਂ ਕਥਾਵਾਂ ਸਿਮਰਤੀ ਸਹਾਰੇ ਜ਼ਿੰਦਾ ਰਹੀਆਂ ਹਨ। ਟੈਕਨਾਲੋਜੀ ਸੰਬੰਧੀ ਉਨ੍ਹਾਂ ਪ੍ਰਸਿੱਧ ਭਾਰਤੀ ਵਿਗਿਆਨੀ ਪ੍ਰੋ. ਯਸ਼ਪਾਲ ਦੇ ਇਸ ਕਥਨ ਨਾਲ ਸਹਿਮਤੀ ਜਤਾਈ ਕਿ ਸਿਰਫ ਮਨੁੱਖੀ ਦਿਮਾਗ ਹੀ ਟੈਕਨਾਲੋਜੀ ਦੇ ਮਾੜੇ-ਚੰਗੇ ਪੱਖਾਂ ਦਾ ਫਰਕ ਆਪਣੇ ਵਿਵੇਕ ਨਾਲ ਕਰ ਸਕਦਾ ਹੈ।

ਪੱਤਰਕਾਰਤਾ ਸੰਬੰਧੀ ਪ੍ਰਭਾਸ਼ ਜੋਸ਼ੀ ਦਾ ਕਹਿਣਾ ਸੀ ਕਿ ਇਹ 'ਅਕਸ਼ਰ' ਸੰਸਾਰ ਹੈ, ਜੋ 'ਖੁਰਦਾ' ਨਹੀਂ। ਉਨ੍ਹਾਂ ਕਿਹਾ ਕਿ ਦੁਨੀਆਂ ਭਰ ਵਿਚ ਲੋਕ ਰਾਤ ਨੂੰ ਟੈਲੀਵਿਜ਼ਨ ਤੇ ਖ਼ਬਰਾਂ ਦੇਖਣ ਉਪਰੰਤ ਵੀ ਸਵੇਰ ਵੇਲੇ ਅਖਬਾਰ ਵਿਚ ਉਸੇ ਖ਼ਬਰ ਨੂੰ ਦੁਬਾਰਾ ਪੜ੍ਹ ਕੇ ਖ਼ਬਰ ਦੀ ਸੱਚਾਈ ਸੰਬੰਧੀ ਸੰਤੁਸ਼ਟ ਹੁੰਦੇ ਹਨ। 'ਗੁਸਤਾਵ ਫਲਾਬੇਅਰ' ਅਤੇ 'ਹੈਮਿੰਗਵੇ' ਵਰਗੇ ਕਲਾਸਿਕ ਲੇਖਕਾਂ ਦੀਆਂ ਲਿਖਤਾਂ ਦੇ ਉਦਾਹਰਣਾਂ ਸਮੇਤ ਜੋਸ਼ੀ ਨੇ ਅਖਬਾਰਾਂ ਨੂੰ ਤਿੰਨ ਗੱਲਾਂ ਦਾ ਧਿਆਨ ਰੱਖਣ ਲਈ ਪ੍ਰੇਰਿਆ। ਪੱਤਰਕਾਰਤਾ ਸਮਾਜ ਤੇ ਕਦਰਾਂ-ਕੀਮਤਾਂ ਸਾਪੇਖ ਹੋਵੇ, ਉਸ ਵਿਚ ਸੰਖੇਪਤਾ ਤੇ ਵਸਤੂਗਤਤਾ ਹੋਵੇ ਅਤੇ ਛਪੇ 'ਅੱਖਰ' ਵਿਚ ਤੱਥ' ਤੇ ਸੱਚਾਈ ਦੀ ਤਾਕਤ ਹੋਵੇ।

ਇਸ ਮੌਕੇ ਯੂਨੀਵਰਸਿਟੀ ਵੱਲੋਂ ਸ੍ਰੀ ਪ੍ਰਭਾਸ਼ ਜੋਸ਼ੀ ਨੂੰ ਹਿੰਦੀ ਪੱਤਰਕਾਰਤਾ ਦੇ ਖੇਤਰ ਵਿਚ ਉਨ੍ਹਾਂ ਦੇ ਮਹੱਤਵਪੂਰਣ ਯੋਗਦਾਨ ਨੂੰ ਧਿਆਨ ਵਿਚ ਰੱਖਦਿਆਂ ਸਨਮਾਨ ਪੱਟੀ ਅਤੇ ਯੂਨੀਵਰਸਿਟੀ ਦੇ ਮਹੱਤਵਪੂਰਨ ਪ੍ਰਕਾਸ਼ਨਾਂ ਦੇ ਸੈਟ ਨਾਲ ਉਨ੍ਹਾਂ ਦਾ ਸਨਮਾਨ ਕੀਤਾ।

ਇਸ ਮੌਕੇ ਤੇ ਪੰਜਾਬ ਖੇਤਰ ਦੇ ਪੰਜ ਹਿੰਦੀ ਦੈਨਿਕ ਅਖਬਾਰਾਂ ਅਤੇ ਉਨ੍ਹਾਂ ਦੇ ਸੰਪਾਦਕਾਂ ਸ੍ਰੀ ਵਿਜੈ ਸਹਿਗਲ ਸੰਪਾਦਕ ਦੈਨਿਕ ਟ੍ਰਿਬਿਊਨ ਚੰਡੀਗੜ੍ਹ, ਸ੍ਰੀ ਬਾਬੂ ਲਾਲ ਸ਼ਰਮਾ ਸੰਪਾਦਕ 'ਦੈਨਿਕ ਭਾਸਕਰ' ਚੰਡੀਗੜ੍ਹ, ਸ੍ਰੀ ਵਿਜੈ ਕੁਮਾਰ ਚੋਪੜਾ ਸੰਪਾਦਕ 'ਪੰਜਾਬ ਕੇਸਰੀ' ਜਲੰਧਰ ਸ੍ਰੀ ਨਿਸ਼ੀਕਾਂਤ ਠਾਕੁਰ ਸੰਪਾਦਕ 'ਦੈਨਿਕ ਜਾਗਰਣ' ਅਤੇ ਸ੍ਰੀ ਵਾਸਤਵ ਸੰਪਾਦਕ 'ਅਮਰ ਉਜਾਲਾ' ਜਲੰਧਰ ਦਾ ਵੀ ਯੂਨੀਵਰਸਿਟੀ ਵਲੋਂ ਹਿੰਦੀ ਪ੍ਰਕਾਸ਼ਨਾਵਾਂ ਦੇ ਸੈੱਟ ਅਤੇ ਸਨਮਾਨ-ਚਿੰਨ੍ਹ ਨਾਲ ਸਨਮਾਨ ਕੀਤਾ ਗਿਆ।

ਇਸ ਤੋਂ ਪਹਿਲਾਂ ਯੂਨੀਵਰਸਿਟੀ ਦੇ ਹਿੰਦੀ ਵਿਭਾਗ ਦੇ ਮੁੱਖੀ ਡਾ. ਚਮਨ ਲਾਲ ਨੇ ਮਹਿਮਾਨਾਂ ਦਾ ਸਵਾਗਤ ਕੀਤਾ।

ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪਦਮ ਸ੍ਰੀ ਸ. ਸਵਰਨ ਸਿੰਘ ਬੋਪਾਰਾਇ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਈ ਗੰਭੀਰ ਸੁਆਲ ਉਠਾਏ। ਭਾਰਤੀ ਸੰਵਿਧਾਨ ਦੇ 'ਅਕਸ਼ਰ' ਰੂਪ ਵਿਚ ਲਿਖੇ ਅਤੇ ਬਰਤਾਨਵੀ ਸੰਵਿਧਾਨ ਦੇ ਪੰਜਾਹ ਫੀਸਦੀ ਬਿਨਾ ਲਿਖੇ ਦੀ ਤੁਲਨਾ ਕਰਦਿਆਂ ਉਨ੍ਹਾਂ ਕਿਹਾ ਕਿ ਸਾਡੇ ਲਿਖੇ 'ਅਕਸ਼ਰ' ਖੁਰ ਜਾਂਦੇ ਹਨ ਜਦੋਂ ੧੯੮੪ ਦੇ ਦਿੱਲੀ ਦੰਗਿਆਂ ਲਈ ਕਿਸੇ ਨੂੰ ਸਜ਼ਾ ਨਹੀਂ ਹੁੰਦੀ ਅਤੇ ਨਾ ਹੀ ਹਾਲ ਦੇ ਗੁਜਰਾਤ ਦੇ ਫਿਰਕੂ ਦੰਗਿਆਂ ਦੇ ਦੋਸ਼ੀਆਂ ਨੂੰ ਕਿਸੇ ਸਜ਼ਾ ਹੋਣ ਦੀ ਉਮੀਦ ਹੈ, ਪਰ ਇੰਗਲੈਂਡ ਵਿਚ ਬਿਨਾ ਲਿਖੇ ਕਾਨੂੰਨਾਂ ਦੀ ਵੀ ਪਾਲਣਾ ਹੁੰਦੀ ਹੈ। ਸ. ਬੋਪਾਰਾਇ ਨੇ ਭਾਰਤੀ ਮਾਨਸਿਕਤਾ ਨੂੰ ਖੰਡਤ ਮੰਨਦਿਆਂ ਦੇਸ਼ ਦੀ ਵੰਡ ਦਾ ਕਾਰਣ ਵੀ ਇਸੇ ਨੂੰ ਮੰਨਿਆ। ਉਨ੍ਹਾਂ ਅਖਬਾਰਾਂ ਨੂੰ ਤੁਅੱਸਬਾਂ ਤੋਂ ਉਪਰ ਉਠਣ ਦੀ ਅਪੀਲ ਕੀਤੀ।

ਸੈਮੀਨਾਰ ਦੇ ਅਗਲੇ ਸ਼ੈਸ਼ਨ ਵਿਚ 'ਦੈਨਿਕ ਹਿੰਦੁਸਤਾਨ' ਦਿੱਲੀ ਦੇ ਸੀਨੀਅਰ ਪੱਤਰਕਾਰ ਉਰਮਿਲੇਸ਼ ਨੇ 'ਹਿੰਦੀ



Sri Satguru Jagjit Singh Ji eLibrary NamdhariElibrary@gmail.com

ਪੱਤਰਕਾਰਤਾ—ਪ੍ਰਸੰਗ ਆਤੰਕਵਾਦ' ਵਿਸ਼ੇ ਤੇ ਆਪਣੇ ਵਿਚਾਰ ਉਤੇਜਕ ਵਿਆਖਿਆਨ ਵਿਚ ਦਹਿਸ਼ਤਵਾਦ ਸੰਬੰਧੀ ਅਖ਼ਬਾਰਾਂ ਦੀ ਰਿਪੋਰਟਿੰਗ ਤੇ ਕਿੰਤੂ ਉਠਾਏ। ਉਨ੍ਹਾਂ ਵੀਹ ਵਰ੍ਹਿਆਂ ਦੀ ਘਾਲਣਾ ਵਾਲੇ ਸਨਮਾਨਤ ਪੱਤਰਕਾਰ ਸ੍ਰੀ ਇਫਤਿਖਾਰ ਜੀਲਾਨੀ ਨੂੰ ਹਾਲ ਵਿਚ ਹੀ ਦਹਿਸ਼ਤਗਰਦੀ ਦੇ ਨਾਂ ਤੇ ਸੱਤ ਮਹੀਨੇ ਜੇਲ ਵਿਚ ਰੱਖਣ ਦੀ ਘਟਨਾ ਤੇ ਸਵਾਲ ਕੀਤਾ। ਕਸ਼ਮੀਰ ਹੋਵੇ ਜਾਂ ਉੱਤਰ ਪੂਰਬ, ਉਰਮਿਲੇਸ਼ ਅਨੁਸਾਰ ਭਾਰਤੀ ਪ੍ਰੈਸ ਨੇ ਦਹਿਸ਼ਤਗਰਦੀ ਦੇ ਨਾਂ ਬੜੀ ਗੈਰ-ਜ਼ਿੰਮੇਵਾਰੀ ਨਾਲ ਰਿਪੋਰਟਿੰਗ ਕੀਤੀ ਹੈ। ਉਨ੍ਹਾਂ ਸਵਾਲ ਕੀਤਾ ਕਿ ਸਿੱਖ ਜਾਂ ਮੁਸਲਮਾਨ ਮੂਲਵਾਦੀਆਂ ਨੂੰ ਤਾਂ ਭਾਰਤੀ ਮੀਡੀਆ ਝੱਟ ਦਹਿਸ਼ਤਗਰਦ ਕਹਿ ਦਿੰਦਾ ਹੈ, ਪਰ ਤੋਗੜੀਆਂ/ਸਿੰਘਲ/ ਠਾਕਰੇ ਆਦਿ ਨੂੰ ਦਹਿਸ਼ਤਗਰਦੀ ਕਿਉਂ ਨਹੀਂ ਕਹਿੰਦਾ ? ਆਪਣੀ ਗੱਲ ਸਮੇਟਦਿਆਂ ਉਰਮਿਲੇਸ਼ ਨੇ ਕਿਹਾ ਕਿ ਭਾਰਤੀ ਸਮਾਜ ਬੜੇ ਭੈੜੇ ਸਮੇਂ ਅੰਦਰ ਦਾਖਲ ਹੋ ਗਿਆ ਹੈ ਅਤੇ ਪ੍ਰੈਸ ਨੂੰ ਦਹਿਸ਼ਤਗਰਦੀ ਸੰਬੰਧੀ ਰਿਪੋਰਟਿੰਗ ਪ੍ਰੋਫੈਸ਼ਨਲ ਢੰਗ ਨਾਲ ਕਰਨੀ ਚਾਹੀਦੀ ਹੈ।

ਦਿੱਲੀ ਤੋਂ ਹੀ ਆਏ ਸੀਨੀਅਰ ਕਾਲਮ ਲੇਖਕ ਤੇ ਪੱਤਰਕਾਰ ਅਨਿਲ ਚਮੜਿਆ ਨੇ 'ਹਿੰਦੀ ਪੱਤਰਕਾਰਤਾ ਪ੍ਰਸੰਗ ਫਿਰਕਾਪ੍ਰਸਤੀ' ਬਾਰੇ ਵਿਸਥਾਰ ਸਹਿਤ ਅੰਕੜਿਆਂ ਸਮੇਤ ਆਪਣਾ ਪੇਪਰ ਪੜ੍ਹਿਆ। ਉਨ੍ਹਾਂ ਕਿਹਾ ਕਿ ਅਯੋਧਿਆ ਅਤੇ ਗੁਜਰਾਤ ਦੀਆਂ ਫਿਰਕੂ ਘਟਨਾਵਾਂ ਦੇ ਪ੍ਰਸੰਗ ਵਿੱਚ ਹਿੰਦੀ ਪ੍ਰੈਸ ਦੀ ਰਿਪੋਰਟਿੰਗ ਕਈ ਵਾਰ 'ਹਿੰਦੂ ਪ੍ਰੈਸ' ਦੀ ਰਿਪੋਰਟਿੰਗ ਜਾਪਦੀ ਹੈ। ਉਨ੍ਹਾਂ ਅਖਬਾਰ ਦੇ ਸੰਪਾਦਕੀ ਮਾਮਲੇ ਵਿੱਚ ਮਾਲਕਾਂ ਦੇ ਵਧਦੇ ਦਖਲ ਵੀ ਧਿਆਨ ਦਿਆਉਦਿਆਂ ਕਿਹਾ ਕਿ ਕਈ ਵਾਰ ਅਖਬਾਰ ਕਿਵੇਂ ਇੱਕ ਵਿਸ਼ੇਸ਼ ਧਾਰਮਕ ਸਮੂਹ ਦੇ ਪ੍ਰਵਕਤਾ ਬਣ ਜਾਂਦੇ ਹਨ।

'ਯੂਨੀਵਾਰਤਾ' ਦਿੱਲੀ ਦੇ ਸੀਨੀਅਰ ਪੱਤਰਕਾਰ ਡਾ. ਰਾਮਕ੍ਰਿਸ਼ਨ ਪਾਂਡੇ ਦੇ ਪੱਤਰਕਾਰਤਾ ਵਿੱਚ ਏਜੰਸੀ ਦੀ ਭੂਮਿਕਾ ਤੇ ਰੋਸ਼ਨੀ ਪਾਉਂਦਿਆਂ ਏਜੰਸੀ ਰਿਪੋਰਟਾਂ ਵਿੱਚ ਵੀ ਵਧਦੇ ਤੁਅੱਸਬਾਂ ਤੇ ਚਿੰਤਾ ਪ੍ਰਗਟਾਈ।

'ਦੈਨਿਕ ਭਾਸਕਰ' ਚੰਡੀਗੜ੍ਹ ਦੇ ਨੌਜਵਾਨ ਪੱਤਰਕਾਰ, ਕਵੀ ਤੇ ਲੇਖਕ ਅਰੁਣ ਆਦਿਤਯ ਨੇ ਹਿੰਦੀ ਦੀ ਸਾਹਿਤਕ ਪੱਤਰਕਾਰਤਾ ਸੰਬੰਧੀ ਵਿਚਾਰ ਪ੍ਰਗਟਾਏ। ਉਨ੍ਹਾਂ ਅਖਬਾਰਾਂ ਦੇ ਸਾਹਿਤਕ ਪੰਨਿਆਂ ਅਤੇ ਮੈਗਜ਼ੀਨਾਂ ਦੀ ਸਾਹਿਤਕ ਪੱਤਰਕਾਰਤਾ ਦਾ ਫਰਕ ਦੱਸਦਿਆਂ ਮੈਗਜ਼ੀਨਾਂ ਦੀ ਸਾਹਿੱਤਕ ਪੱਤਰਕਾਰਤਾ ਦੀਆਂ ਸਮੱਸਿਆਵਾਂ ਵੱਲ ਧਿਆਨ ਦੁਆਇਆ ਅਤੇ ਸੱਭਿਆਚਾਰਕ ਰਾਸ਼ਟਰਵਾਦ ਦੇ ਖਤਰਿਆਂ ਤੋਂ ਸਾਵਧਾਨ ਕੀਤਾ।

ਦਿੱਲੀ ਤੋਂ ਹੀ ਬਾਲ ਪੱਤਰਕਾ 'ਨਈ ਪੌਧ' ਦੇ ਸੰਪਾਦਕ ਰਾਮਕੁਮਾਰ ਕ੍ਰਿਸ਼ਨ ਨੇ ਬਾਲ ਪੱਤਰਕਾਰਤਾ ਦੇ ਸੌ ਸਾਲਾ ਇਤਿਹਾਸ ਨੂੰ ਛੇੜਦਿਆਂ ਕਿਹਾ ਕਿ ਬਾਲ ਪੱਤਰਕਾਰਤਾ ਵਿਚ ਵੱਡੇ ਜੋ ਚਾਹੁੰਦੇ ਹਨ, ਉਹ ਬਾਲਾਂ ਨੂੰ 'ਪਰੋਸਦੇ' ਹਨ, ਜਦਕਿ ਲੋੜ ਬਾਲਾਂ ਦੀ ਆਪਣੀ ਅਭਿਵਿਅਕਤੀ ਦੀ ਹੈ।

ਪੇਪਰਾਂ ਤੋਂ ਬਾਦ ਵਿਚਾਰ ਚਰਚਾ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਹਰਜਿੰਦਰ ਵਾਲੀਆ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਡਾ. ਰੌਣਕੀ ਰਾਮ। ਯੂ.ਐਨ.ਆਈ. ਦਿੱਲੀ ਦੇ ਜਸਪਾਲ ਸਿੱਧੂ, ਦੈਨਿਕ ਭਾਸਕਰ ਚੰਡੀਗੜ੍ਹ ਦੇ ਵੈਭਵ ਅਤੇ ਹੋਰ ਸਰੋਤਿਆਂ ਨੇ ਮਹੱਤਵਪੂਰਨ ਸਵਾਲ ਉਠਾਏ। ਸ੍ਰੀ ਪ੍ਰਭਾਸ਼ ਜੋਸ਼ੀ ਨੇ ਸੈਮੀਨਾਰ ਵਿਚ ਉੱਠੇ ਮੁੱਦਿਆਂ ਅਤੇ ਚਰਚਾ ਦੀ ਗੁਣਵਤਾ ਤੇ ਖ਼ੁਸ਼ੀ ਪ੍ਰਗਟਾਈ। ਯੂਨੀਵਰਸਿਟੀ ਦੇ ਪੱਤਰਕਾਰਤਾ ਵਿਭਾਗ ਦੇ ਮੁਖੀ ਡਾ. ਨਵਜੀਤ ਜੌਹਲ ਨੇ ਇਸ ਸੈਸ਼ਨ ਦੀ ਪ੍ਰਧਾਨਗੀ ਕੀਤੀ ਅਤੇ ਆਪਣੇ ਵਿਚਾਰ ਰੱਖੇ। ਹਿੰਦੀ ਵਿਭਾਗ ਦੇ ਡਾ. ਰਾਮ ਨਿਵਾਸ ਸ਼ਰਮਾ ਨੇ ਧੰਨਵਾਦ ਕੀਤਾ। ਸੈਮੀਨਾਰ ਵਿਚ ਫੈਕਲਟੀ ਮੈਂਬਰਾਂ, ਪੱਤਰਕਾਰਾਂ ਅਤੇ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿਚ ਹਿੱਸਾ ਲਿਆ। ਕੁੱਲ ਮਿਲਾ ਕੇ ਇਹ ਬਹੁਤ ਸਾਰਥਕ ਸੈਮੀਨਾਰ ਰਿਹਾ।

## ਬਲਦੇਵ ਸਿੰਘ ਦੇ ਨਾਵਲ 'ਅੰਨਦਾਤਾ' ਉਤੇ ਗੋਸ਼ਟੀ

**ਲੁਧਿਆਣਾ**—ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵਲੋਂ ਹਰ ਮਹੀਨੇ ਕਰਵਾਈ ਜਾ ਰਹੀ ਪੁਸਤਕ ਵਿਚਾਰ ਚਰਚਾ ਲੜੀ ਅਧੀਨ ਇਸ ਵਾਰ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਬਲਦੇਵ ਸਿੰਘ (ਸੜਕਨਾਮਾ) ਦੇ ਨਵ-ਪ੍ਰਕਾਸ਼ਿਤ ਨਾਵਲ 'ਅੰਨਦਾਤਾ' ਉਤੇ ਚਰਚਾ ਪੰਜਾਬੀ ਭਵਨ ਵਿਖੇ ਹੋਈ। ਇਸ ਵਿਚਾਰ ਚਰਚਾ ਦੀ ਪ੍ਰਧਾਨਗੀ ਪ੍ਰੋ. ਨਰਿੰਜਨ ਤਸਨੀਮ ਨੇ ਕੀਤੀ। ਇਸ ਗੋਸ਼ਟੀ ਦੇ ਸੰਚਾਲਕ ਡਾ. ਗੁਰਇਕਬਾਲ ਸਿੰਘ ਨੇ ਅਕਾਡਮੀ ਵਲੋਂ ਆਏ ਲੇਖਕਾਂ, ਵਿਦਵਾਨਾਂ ਤੇ ਸਰੋਤਿਆਂ ਨੂੰ ਜੀ ਆਇਆਂ ਆਖਦਿਆਂ ਬਲਦੇਵ ਸਿੰਘ ਸੜਕਨਾਮਾ ਦੇ ਜੀਵਨ ਤੇ ਰਚਨਾ ਬਾਰੇ ਪਾਠਕਾਂ ਨੂੰ ਜਾਣੂੰ ਕਰਵਾਇਆ ਕਿ ਬਲਦੇਵ ਸਿੰਘ ਦਾ ਨਾਵਲ 'ਅੰਨਦਾਤਾ' ਪੰਜਾਬ ਦੀ ਦਰਮਿਆਨੀ ਤੇ ਨਿਮਨ ਕਿਰਸਾਨੀ ਦੇ ਆਰਥਿਕ, ਸਮਾਜਿਕ ਤੇ ਸੱਭਿਆਚਾਰ ਨਿਘਾਰ ਦੀ ਗਾਥਾ ਹੈ।

ਇਸ ਨਾਵਲ ਉੱਪਰ ਪੇਪਰ ਪੜ੍ਹਦਿਆਂ ਪੰਜਾਬੀ ਯੂਨੀਵਰਸਿਟੀ 'ਚ ਰੀਡਰ ਡਾ. ਗੁਰਪਾਲ ਸਿੰਘ ਸੰਧੂ ਨੇ ਇਕ



Sri Satguru Jagjit Singh Ji eLibrary NamdhariElibrary@gmail.com

ਵੱਖਰੇ ਦ੍ਰਿਸ਼ਟੀਕੋਣ ਤੋਂ ਨਾਵਲ ਬਾਰੇ ਵਿਕੇਂਦਰੀਕਰਨ ਨਾਲ ਜੋੜ ਕੇ ਕਿਹਾ ਕਿ ਨਾਵਲ ਵਿੱਚੋਂ ਪਾਠਕ ਨੂੰ ਨਾਇਕ ਲੱਭਣਾ ਪੈਂਦਾ ਹੈ ਅਤੇ ਨਾਵਲ ਦਾ ਮੁੱਖ ਪਾਤਰ ਰਾਜਪਾਲ ਜੋ ਕਿ ਨਾਇਕ ਨਜ਼ਰ ਆਉਂਦਾ ਹੈ ਪਰ ਨਾਇਕ ਬਣਨ ਲਈ ਇਕ ਖਾਲੀ ਸਪੇਸ ਛੱਡ ਜਾਂਦਾ ਹੈ ਇਹੀ ਇਸ ਨਾਵਲ ਦੀ ਪ੍ਰਾਪਤੀ ਹੈ।

ਇਸ ਪੜ੍ਹੇ ਗਏ ਪੇਪਰ ਉੱਪਰ ਬਹਿਸ ਦਾ ਆਰੰਭ ਕਰਦਿਆਂ ਡਾ. ਸੁਰਜੀਤ ਸਿੰਘ (ਮੁਕਤਸਰ) ਨੇ ਕਿਹਾ ਕਿ ਅੰਨਦਾਤਾ ਦਾ ਹੋ ਰਿਹਾ ਸ਼ੋਸ਼ਣ ਅਤੇ ਸ਼ੋਸ਼ਤ ਕਿਰਸਾਨੀ ਦਾ ਰੌਲੇ ਰੱਪੇ ਦੇ ਸੰਗੀਤ ਵਿਚ ਜਾਣ ਬੁਝ ਕੇ ਗੁਆਚਣਾ ਉਸ ਦੀ ਪੀੜਾ ਨੂੰ ਬਿਆਨ ਕਰਦਾ ਹੈ ਅਤੇ ਇਹ ਨਾਵਲ ਦਾ ਹਾਸਿਲ ਹੈ। ਪ੍ਰਸਿੱਧ ਨਾਵਲਕਾਰ ਮਿੱਤਰਸੈਨ ਮੀਤ ਨੇ ਬੋਲਦਿਆਂ ਇਸ ਨਾਵਲ ਵਿਚ ਰਹਿ ਗਈਆਂ ਕੁਝ ਊਣਤਾਈਆਂ ਵੱਲ ਅਤੇ ਇਕ-ਦੋ ਥਾਵਾਂ 'ਤੇ ਹੋਏ ਦੁਹਰਾਅ ਬਾਰੇ ਲੇਖਕ ਨੂੰ ਜਾਣੂੰ ਕਰਵਾਇਆ। ਪ੍ਰੋ. ਮਹਿੰਦਰ ਸਿੰਘ ਚੀਮਾ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਬਲਦੇਵ ਸਿੰਘ ਨੇ ਜਿਵੇਂ ਸੜਕਾਂ 'ਤੇ ਵਿਚਰਦੇ ਟਰੱਕ ਡਰਾਇਵਰਾਂ ਦੇ ਜੀਵਨ ਬਾਰੇ ਵਧੀਆ ਚਿਤਰਣ ਕੀਤਾ ਹੈ ਉਥੇ ਇਸ ਨੇ ਟੁੱਟ ਰਹੀ ਕਿਸਾਨੀ ਬਾਰੇ ਬਹੁਤ ਹੀ ਉੱਚ ਪਾਏ ਦਾ ਨਾਵਲ ਲਿਖਿਆ ਹੈ।

ਇਸ ਮੌਕੇ ਵਿਚਾਰ ਚਰਚਾ ਵਿਚ ਪ੍ਰੋ. ਰਮਨ, ਡਾ. ਸੁਰਜੀਤ ਬਰਾੜ, ਭਗਵਾਨ ਢਿੱਲੋਂ, ਕੇ.ਐਲ. ਗਰਗ, ਡਾ. ਅਮਰਜੀਤ ਸਿੰਘ ਗੋਰਕੀ ਨੇ ਭਾਗ ਲਿਆ। ਇਸ ਗੋਸ਼ਟੀ ਦੀ ਪ੍ਰਧਾਨਗੀ ਕਰਦਿਆਂ ਪ੍ਰਸਿੱਧ ਨਾਵਲਕਾਰ ਪ੍ਰੋ. ਨਰਿੰਜਨ ਤਸਨੀਮ ਨੇ ਕਿਹਾ ਕਿ ਬਲਦੇਵ ਸਿੰਘ ਦਾ ਇਹ ਨਾਵਲ ਪੇਂਡੂ ਤੇ ਵਿਸ਼ੇਸ਼ ਤੌਰ ਤੇ ਕਿਸਾਨੀ ਜੀਵਨ ਤੰਦਾਂ ਨੂੰ ਫੜਦਾ ਹੈ ਜੋ ਸਿਰਫ ਬਲਦੇਵ ਸਿੰਘ ਦਾ ਹੀ ਹਾਸਿਲ ਹੋ ਸਕਦਾ ਸੀ। ਉਨ੍ਹਾਂ ਕਿਹਾ ਕਿ ਬਲਦੇਵ ਸਿੰਘ ਦੇ ਇਸ ਨਾਵਲ ਦੇ ਨਾਲ ਕਿਸਾਨੀ ਜੀਵਨ ਵਿਚ ਆ ਰਹੇ ਨਿਘਾਰ ਬਾਰੇ ਸਾਨੂੰ ਮੁਕੰਮਲ ਰੂਪ ਵਿਚ ਪਤਾ ਲੱਗਦਾ ਹੈ। ਉਨ੍ਹਾਂ ਕਿਹਾ ਅੰਨਦਾਤਾ ਵਿਚ ਕਿਸਾਨੀ ਜੀਵਨ ਦੇ ਯਥਾਰਥ ਨੂੰ ਅਜਿਹੀ ਵਿੱਥ ਸੋਝੀ ਤੋਂ ਸਿਰਜਦਾ ਹੈ ਜੋ ਪਾਠਕ ਨੂੰ ਚੇਤੰਨ ਵੀ ਕਰਦੀ ਹੈ ਤੇ ਇਸ ਸੰਕਟਮਈ ਦੌਰ 'ਚੋਂ ਨਿਕਲਣ ਲਈ ਗੰਭੀਰਤਾ ਨਾਲ ਸੋਚਣ ਲਈ ਮਜ਼ਬੂਰ ਕਰਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਨਮੇਜਾ ਸਿੰਘ ਜੌਹਲ, ਸ਼ਾਹ ਚਮਨ, ਇੰਦਰਪਾਲ ਕੌਰ ਭਿੰਡਰ, ਅਮਰਜੀਤ ਕੌਰ ਨਾਜ਼, ਪ੍ਰਿੰ. ਪ੍ਰੇਮ ਸਿੰਘ ਬਜਾਜ, ਸ਼ਾਮ ਸਿੰਘ ਅੰਗਸੰਗ, ਭੁਪਿੰਦਰ ਹਰਸ਼, ਡਾ. ਅਜੀਤ ਸਿੰਘ ਸਿੱਕਾ, ਸੁਭਾਸ਼ ਕਲਾਕਾਰ ਆਦਿ ਹਾਜ਼ਰ ਹਨ।

## ਸਾਊਥਾਲ ਲੰਡਨ ਵਿਚ ਸੰਗੀਤ ਸਮਾਰੋਹ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ੮੩ ਸਾਲਾ ਪ੍ਰਕਾਸ਼ ਦਿਵਸ ਨੂੰ ਸਮਰਪਿਤ ਇਕ ਬੇਮਿਸਾਲ ਸੰਗੀਤ ਸਮਾਰੋਹ ਦਾ ਆਯੋਜਨ ਸਾਊਥਾਲ ਇੰਗਲੈਂਡ ਵਿਚ ਕੀਤਾ ਗਿਆ। ਇਸ ਵਿਚ ਦਿੱਗਜ ਸੰਗੀਤ ਕਲਾਕਾਰਾਂ ਨੇ ਆਪਣੇ ਜੌਹਰ ਦਿਖਾਏ ਇਸ ਸੰਗੀਤ ਸ਼ਾਮ ਨੂੰ 'ਸੁਰ-ਨਾਦ' ਮਿਊਜ਼ਿਕ ਅਕੈਡਮੀ ਦੇ ਸੰਚਾਲਕ ਸ. ਗੁਰਦੇਵ ਸਿੰਘ ਸਰੋਦਵਾਦਕ ਨੇ ਬੜੇ ਪਿਆਰ ਅਤੇ ਸ਼ਰਧਾ ਨਾਲ ੧ ਦਸੰਬਰ ੨੦੦੨ ਨੂੰ ੪ ਵਜੇ ਆਯੋਜਿਤ ਕੀਤਾ, ਜਿਸ ਦਾ ਦਾਖਲਾ ਮੁਫਤ ਸੀ।

ਤਕਰੀਬਨ ੫੦੦ ਦੇ ਕਰੀਬ ਦਰਸ਼ਕ ਡੁਮੀਨੀਅਨ ਹਾਲ ਸਾਊਥਹਾਲ ਵਿਚ ਇਕੱਤਰ ਹੋਏ ਅਤੇ ਇਸ ਪ੍ਰੋਗਰਾਮ ਨੂੰ ਛੇ ਘੰਟਿਆਂ ਤੱਕ ਬਗੈਰ ਹੀਲ ਹੁੱਜਤ ਦੇ ਸੁਣ ਕੇ ਅਨੰਦ ਵਿਭੋਰ ਹੋ ਗਏ। ਇਹ ਕਹਿਣੀ ਅਤਿਕਥਨੀ ਨਹੀਂ ਹੋਵੇਗੀ, ਜੇ ਮੈਂ ਕਹਾਂ ਕਿ ਇਹੋ ਜਿਹਾ ਸੁਰੀਲਾ ਅਤੇ ਆਨੰਦਮਈ ਪ੍ਰੋਗਰਾਮ ਜ਼ਿੰਦਗੀ ਵਿਚ ਪਹਿਲੀ ਵਾਰ ਮੈਂ ਸਰਵਣ ਕੀਤਾ। ਇੰਗਲੈਂਡ ਵਿਚ ਸੰਗੀਤ ਸਮਾਰੋਹ ਹੁੰਦੇ ਹੀ ਰਹਿੰਦੇ ਹਨ, ਪਰ ਇਸ ਸਮਾਰੋਹ ਦੀ ਬਾਤ ਹੀ ਕੁਝ ਹੋਰ ਸੀ।

ਸਮਾਰੋਹ ਦੇ ਮੰਚ ਸੰਚਾਲਕ ਸਨ ਸ੍ਰੀ ਚਮਨ ਲਾਲ ਜੀ ਚਮਨ, ਜਿਹੜੇ ਇਕ ਉੱਘੇ ਸ਼ਾਇਰ ਅਤੇ ਰੇਡੀਓ ਬਰਾਡਕਾਸਟਰ ਹਨ। ਆਪ ਜੀ ਦੀ ਦਿਲਫਰੇਬ ਅਵਾਜ਼ ਅਤੇ ਸ਼ਾਇਰਾਨਾ ਅੰਦਾਜ਼ ਨੇ ਇਸ ਰੰਗੀਨ ਸ਼ਾਮ ਨੂੰ ਹੋਰ ਵੀ ਖੁਸ਼ਗਵਾਰ ਬਣਾ ਦਿੱਤਾ। ਚਮਨ ਜੀ ਨੇ ਆਗਾਜ਼ ਇਕ ਰੁਬਾਈ ਤੋਂ ਕੀਤਾ ਜਿਸ ਦਾ ਵਿਸ਼ਾ ਸ੍ਰੀ ਸਤਿਗੁਰੂ ਜੀ ਨੂੰ ਆਪਣੀ ਸ਼ਰਧਾਂਜਲੀ ਅਰਪਣ ਕਰਨਾ ਸੀ।

ਪ੍ਰੋਗਰਾਮ ਦਾ ਸ੍ਰੀ ਗਣੇਸ਼ ਸੁਰਨਾਦ ਦੇ ਵਿਦਿਆਰਥੀ ਬੱਚਿਆਂ ਨੇ ਕੀਤਾ। ਦਿਲਰੁਬਾ ਉੱਤੇ ਮਾਨ ਕੌਰ, ਜਸਮੀਤ ਸਿੰਘ ਅਤੇ ਮਾਨ ਸਿੰਘ ਨੇ ਜਦੋਂ ਤਾਰ ਛੇੜੇ ਤਾਂ ਸਰੋਤੇ ਹੈਰਾਨੀ ਨਾਲ ਝੂਮ ਉਠੇ, ਕਿਉਂਕਿ ਇਹ ਸਾਜ਼ ਆਮ ਤੌਰ ਤੇ ਬਹੁਤ ਹੀ ਘੱਟ ਵੇਖਣ ਅਤੇ ਸੁਣਨ ਵਿਚ ਆਉਂਦਾ ਹੈ। ਸੁਖਵਿੰਦਰ ਸਿੰਘ ਪਿੰਕੀ ਨੇ ਤਬਲੇ ਤੇ ਸਾਥ ਦੇ ਕੇ ਬੱਚਿਆਂ ਦੀ ਖੂਹ ਹੌਸਲਾ ਅਫਜ਼ਾਈ ਕੀਤੀ।

ਇਨ੍ਹਾਂ ਹੋਣਹਾਰ ਬੱਚਿਆਂ ਤੋਂ ਬਾਅਦ ਉਸਤਾਦ ਹਰਭਜਨ ਸਿੰਘ ਜੀ ਸਟੇਜ ਤੇ ਆਏ। ਉਸਤਾਦ ਜੀ ਤੋਂ ਕੌਣ ਵਾਕਫ ਨਹੀਂ? ਆਪ ਜੀ ਨੇ ਤਕਰੀਬਨ ਸਾਰੇ ਨਾਮਧਾਰੀ ਕਲਾਕਾਰਾਂ ਨੂੰ ਸਿੱਖਿਆ ਦਾਨ ਦਿੱਤਾ ਹੈ ਅਤੇ ਰਾਗ ਵਿਦਿਆ ਵਿਚ ਬੜੇ ਨਿਪੁੰਨ ਹਨ। ਆਪ ਜੀ ਨੇ ਰਾਗ ਧਨਾਸਰੀ-ਧਰੁਪਦ ਧਮਾਰ



Sri Satguru Jagjit Singh Ji eLibrary NamdhariElibrary@gmail.com

ਵਿਚ ਗਾਇਨ ਕੀਤਾ ਜਿਸਦੀ ਮਿਠਾਸ ਨੇ ਦਰਸ਼ਕਾਂ ਦਾ ਦਿਲ ਮੋਹ ਲਿਆ। ਤਬਲੇ ਤੇ ਸਾਥ ਦੇ ਰਹੇ ਸਨ ਜਗਤ ਪ੍ਰਸਿੱਧ ਸੁਖਵਿੰਦਰ ਸਿੰਘ ਪਿੰਕੀ ਜਿਨ੍ਹਾਂ ਨੇ 'ਸਾਥ' ਵਜਾ ਕੇ ਸਭ ਨੂੰ ਨਿਹਾਲ ਕੀਤਾ। 'ਸਾਥ' ਵਜਾਣਾ ਬੜਾ ਮੁਸ਼ਕਿਲ ਹੈ ਅਤੇ ਬੜੇ ਘੱਟ ਤਬਲਚੀ ਇਸਨੂੰ ਵਜਾ ਸਕਦੇ ਹਨ ਪਰ ਪਿੰਕੀ ਇਸ ਦਾ ਮਾਹਿਰ ਹੈ ਅਤੇ ਇਸਨੇ ਇਹ ਉਸਤਾਦ ਨਿਹਾਲ ਸਿੰਘ ਜੀ ਤੋਂ ਸ੍ਰੀ ਭੈਣੀ ਸਾਹਿਬ ਵਿਚ ਸਿੱਖਿਆ ਸੀ, ਅਤੇ ਕਈ ਸਾਲ ਪੰਡਿਤ ਸ੍ਰੀ ਕਿਸ਼ਨ ਮਹਾਰਾਜ ਜੀ ਦੀ ਸ਼ਾਗਿਰਦੀ ਵਿਚ ਬਨਾਰਸ ਗੁਜ਼ਾਰੇ। ਇਸ ਵੇਲੇ ਪਿੰਕੀ ਦੁਨੀਆਂ ਦੇ ਸਿਰਕੱਢ ਤਬਲਾ ਵਾਦਕਾਂ ਵਿਚ ਗਿਣਿਆ ਜਾਂਦਾ ਹੈ।

ਅਗਲੇ ਕਲਾਕਾਰ ਸਨ ਰੂਪਾ ਪਨੇਸਰ ਸਿਤਾਰ ਉੱਤੇ ਅਤੇ ਗੁਰਬਖਸ਼ ਸਿੰਘ ਤਾਰ ਸ਼ਹਿਨਾਈ ਉੱਤੇ। ਰੂਪਾ, ਧਰਮਬੀਰ ਸਿੰਘ ਦੀ ਸੁਹਿਰਦ ਸ਼ਾਗਿਰਦ ਹੈ ਅਤੇ ਗੁਰਬਖਸ਼ ਗੁਰਦੇਵ ਸਿੰਘ ਦਾ ਸ਼ਾਗਿਰਦ ਹੈ। ਇਹਨਾਂ ਦੋਨਾਂ ਕਲਾਕਾਰਾਂ ਨੇ ਰਾਗ ਭੀਮ ਪਲਾਸੀ ਵਜਾਇਆ। ਤਬਲੇ ਤੇ ਸਾਥ ਦੇ ਰਹੇ ਸਨ ਪਿੰਕੀ ਦੇ ਸ਼ਾਗਿਰਦ ਨਵਿੰਦਰਪਾਲ ਸਿੰਘ। ਇਨ੍ਹਾਂ ਤਿੰਨਾਂ ਸ਼ਾਗਿਰਦਾਂ ਨੂੰ ਸੁਣ ਕੇ ਇੰਝ ਪ੍ਰਤੀਤ ਹੋਇਆ ਕਿ ਜੇ ਇਹ ਸ਼ਾਗਿਰਦ ਹਨ ਤਾਂ ਇਨ੍ਹਾਂ ਦੇ ਉਸਤਾਦਾਂ ਦਾ ਕੀ ਮਿਆਰ ਹੋਵੇਗਾ ?

ਪੰਡਿਤ ਸ਼ਿਵ ਕੁਮਾਰ ਸ਼ਰਮਾ ਜੀ ਦੇ ਸ਼ਾਗਿਰਦ ਕਿਰਨਪਾਲ ਸਿੰਘ ਅਤੇ ਪੰਡਿਤ ਰਾਮ ਨਰਾਇਣ ਜੀ ਦੇ ਸ਼ਾਗਿਰਦ ਸੁਰਜੀਤ ਸਿੰਘ ਸਟੇਜ ਤੇ ਆਏ। ਸੰਤੂਰ ਅਤੇ ਸਾਰੰਗੀ ਦੀ ਜੁਗਲਬੰਦੀ ਵਿਚ ਇਨ੍ਹਾਂ ਦੇ ਰਾਗ ਪੂਰੀਆ ਧਨਾਸਰੀ ਬਖੂਬੀ ਵਜਾਇਆ। ਇਨ੍ਹਾਂ ਦੇ ਨਾਲ ਤਬਲੇ ਦੀ ਸੰਗਤ ਸ੍ਰੀ ਚੰਦਰ ਮੋਹਨ ਜੀ ਦਿੱਲੀ ਵਾਲਿਆਂ ਨੇ ਕੀਤੀ। ਚੰਦਰ ਮੋਹਨ ਜੀ ਬੜੇ ਪੁਰਾਣੇ ਅਤੇ ਸੁਲਝੇ ਹੋਏ ਕਲਾਕਾਰ ਹਨ ਅਤੇ ਕਈ ਨਾਮੀ ਕਲਾਕਾਰਾਂ ਨਾਲ ਸੰਗਤ ਕਰ ਚੁੱਕੇ ਹਨ।

ਇਸ ਤੋਂ ਬਾਦ ਮਧਿਆਂਤਰ (ਇੰਟਰਵਲ) ਕੀਤਾ ਗਿਆ। ਜਿਸ ਵਿਚ ਸਾਰੇ ਸਰੋਤਿਆਂ ਲਈ ਸੁਰਨਾਦ ਵਲੋਂ ਸਮੋਸੇ, ਪਕੌੜੇ, ਆਲੂ ਛੋਲੇ, ਜਲੇਬੀਆਂ ਅਤੇ ਡਰਿੰਕ ਆਦਿ ਨਾਲ ਭਰਪੂਰ ਸੇਵਾ ਕੀਤੀ ਗਈ। ਇਕ ਤਾਂ ਸੰਗੀਤ ਦਾ ਸਵਾਦ ਅਤੇ ਦੂਸਰਾ ਇਨ੍ਹਾਂ ਲਜ਼ੀਜ਼ ਖਾਣਿਆਂ ਦਾ ਸਵਾਦ ਇਸ ਮਹੌਲ ਨੂੰ ਚਾਰ ਚੰਨ ਲਗਾ ਰਿਹਾ ਸੀ।

ਦੂਸਰਾ ਭਾਗ ਸ਼ੁਰੂ ਹੋਇਆ ਸੁਰ ਨਾਦ ਦੇ ਕਲਾਕਾਰ ਬੱਚਿਆਂ, ਸੁਜਾਨ ਪਨੇਸਰ੍ ਅਤੇ ਗਿਆਨ ਸਿੰਘ, ਨਾਲ ਜਿਨ੍ਹਾਂ ਨੇ ਬੜੇ ਹੀ ਪ੍ਰਭਾਵਤ ਢੰਗ ਨਾਲ ਸਿਤਾਰਾਂ ਨੂੰ ਰਾਗ ਯਮਨ ਵਿਚ ਪਰੋ ਦਿੱਤਾ। ਇਨ੍ਹਾਂ ਦੀਆਂ ਉਂਗਲਾਂ ਸਿਤਾਰ ਨੂੰ ਛੋਹਣ ਨਾਲ ਹੀ ਇਨ੍ਹਾਂ ਦੇ ਉਸਤਾਦ ਦੀ ਕਾਰੀਗਰੀ ਸਾਬਤ ਹੋ ਗਈ। ਇਨ੍ਹਾਂ ਦੇ ਨਾਲ ਤਬਲੇ ਤੇ ਸ੍ਰੀ ਚੰਦਰ ਮੋਹਨ ਜੀ ਨੇ ਸੰਗਤ ਕੀਤਾ।

ਇਕ ਬੜੀ ਹੀ ਅਜੀਬ ਜੁਗਲਬੰਦੀ ਦੀ ਵਾਰੀ ਆਈ ਜੋ ਕਿ ਸਿਤਾਰ ਅਤੇ ਸੈਕਸੋਫੋਨ ਦੀ ਸੀ। ਸਿਤਾਰ ਉੱਤੇ ਉਸਤਾਦ ਵਲਾਇਤ ਖਾਨ ਜੀ ਦੇ ਸ਼ਾਗਿਰਦ ਧਰਮਬੀਰ ਸਿੰਘ ਜੀ ਅਤੇ ਸੈਕਸੋਫੋਨ ਤੇ ਇਕ ਅੰਗਰੇਜ਼ ਜੈਸੀ ਬੈਨਿਸਟਰ ਜੋ ਕਿ ਧਰਮਬੀਰ ਦਾ ਸ਼ਾਗਿਰਦ ਹੈ। ਇਨ੍ਹਾਂ ਦੋਨਾਂ ਦੀ ਜੁਗਲਬੰਦੀ ਨੇ ਜਿਥੇ ਦਰਸ਼ਕਾਂ ਨੂੰ ਹੈਰਾਨ ਕੀਤਾ ਉਥੇ ਉਨ੍ਹਾਂ ਨੂੰ ਮੰਤਰ ਮੁਗਧ ਵੀ ਕਰ ਦਿੱਤਾ। ਤਬਲੇ ਤੇ ਸੰਗਤ ਕਰ ਰਹੇ ਸਨ ਬਨਾਰਸ ਘਰਾਣੇ ਦੇ ਸ਼ਾਰਦਾ ਸਹਾਇ ਦੇ ਪਰਿਵਾਰ ਦੇ ਸੰਜੂ ਸਹਾਇ, ਜਿਨ੍ਹਾਂ ਨੇ ਇਸ ਜੁਗਲਬੰਦੀ ਵਿਚ ਅਹਿਮ ਕਿਰਿਆ ਨਿਭਾਈ।

ਅਗਲੀ ਆਈਟਮ ਨੇ ਤਾਂ ਸਾਰਾ ਹਾਲ ਗੂੰਜਾ ਦਿੱਤਾ ਅਤੇ ਸਭ ਨੂੰ ਵਾਹ ਵਾਹ ਕਰਨ ਤੇ ਮਜਬੂਰ ਕਰ ਦਿੱਤਾ। ਇਹ ਸੀ ਤਬਲਾ ਨਵਾਜ਼ ਸੁਖਵਿੰਦਰ ਸਿੰਘ ਪਿੰਕੀ ਦਾ ਸੋਲੋ ਤਬਲਾ ਜੋ ਆਪ ਜੀ ਨੇ ਤਿੰਨ ਤਾਲ ਵਿਚ ਬਨਾਰਸੀ ਅਤੇ ਪੰਜਾਬੀ ਢੰਗਾਂ ਨਾਲ ਵਜਾ ਕੇ ਸਰੋਤਿਆਂ ਨੂੰ ਚਕ੍ਰਿਤ ਕਰ ਦਿੱਤਾ। ਨਗ਼ਮੇ ਦਾ ਸਾਥ ਦੇ ਰਹੇ ਸਨ ਉਸਤਾਦ ਹਰਭਜਨ ਸਿੰਘ ਜੀ। ਇਥੇ ਪਿੰਕੀ ਦਾ ਅਸਲੀ ਕਰਤੱਬ ਨਜ਼ਰ ਆਇਆ ਅਤੇ ਇਹ ਸਾਬਤ ਹੋਇਆ ਕਿ ਇਹੋ ਜਿਹੇ ਬੇਮਿਸਾਲ ਪ੍ਰਤਿਭਾ ਦੇ ਕਾਰਨ ਹੀ ਉਸਦਾ ਨਾਮ ਅੱਜ ਉੱਘੇ ਤਬਲਾ ਨਿਵਾਜਾਂ ਵਿਚ ਹੈ।

ਆਖੀਰ ਦੀ ਆਈਟਮ ਸੀ ਗੁਰਦੇਵ ਸਿੰਘ ਦੀ ਸਰੋਦ ਅਤੇ ਕਮਾਲ ਸਾਬਰੀ ਦੀ ਸਾਰੰਗੀ। ਕਮਾਲ ਸਾਬਰੀ ਉਸਤਾਦ ਸਾਬਰੀ ਖਾਨ ਦੇ ਸਪੁੱਤਰ, ਸੈਨੀਆ ਘਰਾਣੇ ਵਿਚੋਂ ਹੈ, ਬੜੇ ਹੀ ਲਾਇਕ ਅਤੇ ਕਮਾਲ ਦੇ ਸਾਰੰਗੀ ਵਾਦਕ ਹਨ। ਗੁਰਦੇਵ ਸਿੰਘ ਜੀ ਉਸਤਾਦ ਅਮਜਦ ਅਲੀ ਖਾਨ ਦੇ ਸ਼ਾਗਿਰਦ ਹਨ। ਇਸ ਜੁਗਲਬੰਦੀ ਨਾਲ ਦੋ ਤਬਲਚੀ ਸਾਥ ਦੇ ਰਹੇ ਸਨ ਸੁਖਵਿੰਦਰ ਪਿੰਕੀ ਅਤੇ ਸੰਜੂ ਸਹਾਇ। ਰਾਗ ਮਾਲਕੌਂਸ ਜਦੋਂ ਇਨ੍ਹਾਂ ਕਲਾਕਾਰਾਂ ਨੇ ਵਜਾਇਆ ਤਾਂ ਕਹਿਣ ਅਤੇ ਲਿਖਣ ਨਾਲ ਇਸ ਨੂੰ ਪੂਰਾ ਇਨਸਾਫ ਨਹੀਂ ਦੇ ਸਕਦੇ। ਇਹ ਤਾਂ ਦਰਸ਼ਕਾਂ ਦਾ ਹੁਲਾਸ ਅਤੇ ਦਾਦ ਹੀ ਬਿਆਂ ਕਰ ਸਕਦਾ ਹੈ। ਗੱਲ ਕੀ, ਇਹ ਚਾਰ ਕਲਾਕਾਰਾਂ ਨੇ ਆਪਣੇ ਹੁਨਰ ਦੀ ਉੱਚਾਈ ਤੱਕ ਇਸ ਫਨ ਨੂੰ ਪਹੁੰਚਾਇਆ ਅਤੇ ਬੇਸ਼ੁਮਾਰ ਤਾੜੀਆਂ ਅਤੇ ਦਾਦਾਂ ਨਾਲ ਇਹ ਪ੍ਰੋਗਰਾਮ ਖਤਮ ਹੋਇਆ।

ਵੈਸੇ ਤਾਂ ਸਤਿਗੁਰੂ ਆਪਣੇ ਸਿੱਖਾਂ ਦੇ ਹਮੇਸ਼ਾਂ ਹੀ ਅੰਗ ਸੰਗ ਰਹਿੰਦਾ ਹੈ ਪਰ ਅੱਜ ਜੇ ਦੇਹ ਕਰਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਥੇ ਹਾਜ਼ਰ ਹੁੰਦੇ ਤਾਂ ਆਪਣੀ ਪਨੀਰੀ ਨੂੰ ਵੇਖ ਕੇ ਜ਼ਰੂਰ ਪ੍ਰਸੰਨ ਹੁੰਦੇ ਅਤੇ ਉਹਨਾਂ ਦੇ ਪ੍ਰਕਾਸ਼ ਉਤਸਵ ਦੀ ਇਹ ਸ਼ਾਮ ਜੋ ਉਨ੍ਹਾਂ ਦੇ ਨਾਮ ਸੀ, ਨੂੰ ਆਪਣਾ



Sri Satguru Jagjit Singh Ji eLibrary NamdhariElibrary@gmail.com

ਆਸ਼ੀਰਵਾਦ ਦਿੰਦੇ।

ਇਸ ਹਾਲ ਵਿਚ ਇਕ ਬਹੁਤ ਹੀ ਸੁੰਦਰ ਪੇਂਟਿੰਗ ਸ੍ਰੀ ਸਤਿਗੁਰੂ ਜੀ ਦੀ ਦਿਲਰੁਬਾ ਵਜਾਉਂਦਿਆਂ ਲੱਗੀ ਹੋਈ ਸੀ, ਜੋ ਕਿ ਇਕ ਬਹੁਤ ਹੀ ਉੱਘੇ ਪ੍ਰਤਿਭਾਸ਼ਾਲੀ ਕਲਾਕਾਰ ਸ. ਗੁਰਬਖਸ਼ ਸਿੰਘ ਠੇਠੀ ਨੇ ਬਣਾਈ ਹੈ। ਇਸ ਦਾ ਇਕ ਆਪਣਾ ਹੀ ਰੰਗ ਸੀ।

ਇਸ ਮੌਕੇ ਤੇ ਸੁਰਨਾਦ ਨੇ ਇਕ ਖੂਬਸੂਰਤ ਸੋਵੀਨੀਰ ਵੀ ਛਾਪਿਆ ਜਿਸ ਵਿਚ ਸਤਿਗੁਰੂ ਜੀ ਦੀਆਂ ਤਸਵੀਰਾਂ ਉੱਘੇ ਕਲਾਕਾਰਾਂ ਨਾਲ ਅਤੇ ਇਸ ਸ਼ਾਮ ਦੇ ਕਲਾਕਾਰਾਂ ਦਾ ਬਾਇਓਡਾਟਾ ਵੀ ਪ੍ਰਕਾਸ਼ਤ ਹੈ।

ਸੁਰਨਾਦ ਨੂੰ ਹਰ ਤਰ੍ਹਾਂ ਦਾ ਸਹਿਯੋਗ ਦਿੱਤਾ ਸੀ ਬੀਨਾ ਮਿਊਜ਼ਿਕਲ ਦੇ ਮਾਲਿਕ ਸ. ਕੇ.ਐਸ. ਸੂਰਾ, ਪੰਜਾਬੀ ਹੈਰੀਟੇਜ ਦੇ ਸ. ਸੁਰਜਨ ਸਿੰਘ ਜੀ, ਸ. ਹਰਚਰਨ ਸਿੰਘ ਜੀ ਰੰਧਾਵਾ, ਸ. ਦਿਲਬਾਗ ਸਿੰਘ ਚਾਨਾ, ਸ. ਗੁਰਬਖਸ਼ ਸਿੰਘ ਮਥਾਰੂ, ਸ. ਤਰਲੋਚਨ ਸਿੰਘ ਗਰੇਵਾਲ, ਸ੍ਰੀ ਐਮ.ਐਲ. ਵੈਦ, ਉਸਤਾਦ ਹਰਭਜਨ ਸਿੰਘ ਜੀ ਅਤੇ ਹੋਰ ਕਈ ਪ੍ਰਤਿਸ਼ਠ ਸਜਣਾਂ ਨੇ। ਸੁਰਨਾਦ ਇਨ੍ਹਾਂ ਦਾ ਤਹਿਦਿਲ ਤੋਂ ਧੰਨਵਾਦੀ ਹੈ। ਸਭ ਤੋਂ ਵਰਨਣਯੋਗ ਸਕਸ਼ ਹੈ ਗੁਰਦੇਵ ਸਿੰਘ ਜਿਸ ਦੀ ਮਿਹਨਤ ਅਤੇ ਅੰਤਰੀਵ ਘਾਲਣਾ ਨੇ ਇਹੋ ਜਿਹਾ ਮਨੋਰੰਜਕ ਪ੍ਰੋਗਰਾਮ ਸਰੋਤਿਆਂ ਦੀ ਸੇਵਾ ਵਿਚ ਹਾਜ਼ਰ ਕੀਤਾ।

*—ਹਰਜਿੰਦਰ ਸਿੰਘ ਕੰਵਲ*

## 'ਮਾਤਾ ਜਸਵੰਤ ਕੌਰ ਬਾਲ-ਪੁਸਤਕ ਪੁਰਸਕਾਰ' ਲਈ ਪੁਸਤਕਾਂ ਭੇਜਣ ਦੀ ਤਰੀਕ ਵਧਾਈ

ਲੁਧਿਆਣਾ—ਪੰਜਾਬੀ ਸਾਹਿਤ ਅਕਾਡਮੀ ਵਲੋਂ ਹਰ ਸਾਲ ਦਿੱਤੇ ਜਾਂਦੇ ਮਾਤਾ ਜਸਵੰਤ ਕੌਰ ਸਰਬੋਤਮ ਮੌਲਿਕ ਬਾਲ-ਪੁਸਤਕ ਪੁਰਸਕਾਰ ਲਈ ਪੁਸਤਕਾਂ ਭੇਜਣ ਦੀ ਤਰੀਕ ੩੧ ਮਾਰਚ ਤੱਕ ਵਧਾ ਦਿੱਤੀ ਗਈ ਹੈ। ਪੰਜਾਬੀ ਸਾਹਿਤ ਅਕਾਡਮੀ ਦੇ ਜਨਰਲ ਸਕੱਤਰ ਪ੍ਰੋ. ਰਵਿੰਦਰ ਭੱਠਲ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਪੁਰਸਕਾਰ ਹੁਣ ਤੱਕ ਦੋ ਲੇਖਕਾਂ ਦੀਆਂ ਪੁਸਤਕਾਂ ਨੂੰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪਹਿਲਾ ਪੁਰਸਕਾਰ ਕਰਨਲ ਜਸਬੀਰ ਭੁੱਲਰ ਤੇ ਹਰਦੇਵ ਚੌਹਾਨ ਨੂੰ ਸਾਂਝੇ ਤੌਰ 'ਤੇ ਦਿੱਤਾ ਗਿਆ ਸੀ ਜਦਕਿ ਦੂਜਾ ਪੁਰਸਕਾਰ ਦਰਸ਼ਨ ਸਿੰਘ ਆਸ਼ਟ ਨੂੰ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਅਕਾਡਮੀ ਵਲੋਂ ਹਰ ਸਾਲ ਦਿੱਤੇ ਜਾਂਦੇ ਇਸ ਪੁਰਸਕਾਰ ਲਈ ਸੰਨ ੨੦੦੦-੨੦੦੧ ਦੌਰਾਨ ਛਪੀਆਂ ਮੌਲਿਕ ਬਾਲ-ਪੁਸਤਕਾਂ ਦੀਆਂ ੭-੭ ਕਾਪੀਆਂ ਹੁਣ ੩੧ ਮਾਰਚ ੨੦੦੩ ਤੱਕ ਪ੍ਰਿੰਸੀਪਲ ਪ੍ਰੇਮ ਸਿੰਘ ਬਜਾਜ ਡਾਇਰੈਕਟਰ ਰੈਫਰੈਂਸ ਲਾਇਬ੍ਰੇਰੀ, ਪੰਜਾਬੀ ਭਵਨ, ਲੁਧਿਆਣਾ ਵਿਖੇ ਪੁੱਜਦੀਆਂ ਕਰ ਦਿੱਤੀਆਂ ਜਾਣ। ਉਨ੍ਹਾਂ ਦੱਸਿਆ ਕਿ ੩੧ ਮਾਰਚ ਤੱਕ ਪੁੱਜੀਆਂ ਪੁਸਤਕਾਂ ਹੀ ਇਨਾਮੀ ਪੁਰਸਕਾਰ ਲਈ ਵਿਚਾਰਨਯੋਗ ਹੋਣਗੀਆਂ। ਉਨ੍ਹਾਂ ਬਾਲ-ਸਾਹਿਤ ਲੇਖਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੀਆਂ ਪੁਸਤਕਾਂ ਜਲਦੀ ਤੋਂ ਜਲਦੀ ਭੇਜਣ।

*—ਬੁੱਧ ਸਿੰਘ ਨੀਲੋਂ*

*ਪੰਜਾਬੀ ਭਵਨ, ਲੁਧਿਆਣਾ*

## ਦਿੱਲੀ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਪੁਰਬ

ਦਿੱਲੀ ਦੀ ਸੰਗਤ ਵਲੋਂ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਦਿਵਸ ੨੪ ਨਵੰਬਰ ਨੂੰ ਨਾਮਧਾਰੀ ਗੁਰਦਵਾਰਾ ਰਮੇਸ਼ ਨਗਰ ਵਿਖੇ ਅੰਮ੍ਰਿਤ ਵੇਲੇ ੩ ਵਜੇ ਤੋਂ ਆਰੰਭ ਹੋ ਕੇ ਰਾਤ ੧੨ ਵਜੇ ਤੱਕ ਬੜੀ ਸ਼ਰਧਾ ਨਾਲ ਮਨਾਇਆ ਗਿਆ। ਸਾਰਾ ਦਿਨ ਸਮੁੱਚੀ ਦਿੱਲੀ ਦਾ ਇਕੱਠ ਭਰਪੂਰ ਗਿਣਤੀ ਵਿਚ ਸੀ। ਸਭ ਨੇ ਦੀਵਾਨ, ਕਥਾ, ਕੀਰਤਨ ਦਾ ਆਨੰਦ ਮਾਣਿਆ।

ਮੇਲੇ ਦੀ ਸੇਵਾ, ਸਤਿਗੁਰੂ ਜਗਜੀਤ ਸਿੰਘ ਜੀ ਦੇ ਅਨਿਨ ਸੇਵਕ, ਸੰਤ ਜਸਵੰਤ ਸਿੰਘ, ਬੀਬੀ ਬਲਕਾਰ ਕੌਰ, ਕਾਕਾ ਧਨਵੰਤ ਸਿੰਘ ਓਖਲੇ ਵਾਲਿਆਂ ਵਲੋਂ ਕੀਤੀ ਗਈ। ਲਗਭਗ ਹਰ ਸਾਲ ਇਹ ਪਰਿਵਾਰ ਕਿਸੇ ਨਾ ਕਿਸੇ ਰੂਪ ਵਿਚ ਮੇਲਾ ਕਰਵਾਉਂਦੇ ਹੀ ਰਹਿੰਦੇ ਹਨ। ਅੰਮ੍ਰਿਤ ਵੇਲੇ ੩ ਤੋਂ ੫ ਵਜੇ ਤੱਕ ਨਾਮ ਸਿਮਰਨ ਤੋਂ ਬਾਅਦ ਆਸਾ ਦੀ ਵਾਰ ਦਾ ਕੀਰਤਨ, ਦਿੱਲੀ ਦੇ ਰਾਗੀ ਜਥੇ ਦੇ ਨਾਲ ਸ੍ਰੀ ਭੈਣੀ ਸਾਹਿਬ ਤੋਂ ਆਏ ਰਾਗੀ ਸੁਖਦੇਵ ਸਿੰਘ, ਮੋਹਣ ਸਿੰਘ, ਹਰਪ੍ਰੀਤ ਸਿੰਘ ਸੌਨੂੰ, ਗੁਰਦਿਆਲ ਸਿੰਘ ਨੇ ਮਿਲ ਕੇ ਕੀਤਾ। ਹੱਲੇ ਦੇ ਦੀਵਾਨਾਂ ਦੀ ਲੜੀ ਵਿਚ ਸੰਤ ਬਲਦੇਵ ਸਿੰਘ, ਸੰਤ ਤਾਰਾ ਸਿੰਘ ਜੀ ਦੇ ਕੀਰਤਨ ਬਾਅਦ ਜਥੇਦਾਰ ਸੇਵਾ ਸਿੰਘ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਬੇਅੰਤ ਕੌਤਕ "ਐਸੇ ਗੁਰ ਕਉ ਬਲਿ ਬਲਿ ਜਾਈਐ" ਦੀ ਧਾਰਨਾ ਦੇ ਆਧਾਰ ਤੇ ਆਪਣਾ ਵਿਖਿਆਨ ਰੱਖਿਆ।

ਬੀਬੀ ਬਲਕਾਰ ਕੌਰ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਆਗਮਨ ਕੌਤਕ ਅਤੇ ਧੰਨਵਾਦ ਦੀਆਂ ਸਤਰਾਂ ਰਾਹੀਂ ਆਪਣੀ ਸ਼ਰਧਾ ਪ੍ਰਗਟ ਕੀਤੀ। ਕਾਕਾ ਸੰਤਾ ਸਿੰਘ ਜਥੇ ਦੇ ਸ਼ਬਦ ਤੋਂ ਬਾਅਦ ਬੀਬੀ ਕਮਲ ਕੌਰ ਦੀ ਅਗਵਾਈ ਵਿਚ ਬੀਬੀਆਂ ਨੇ ਮਿਲ ਕੇ ਗੀਤ ਪੜ੍ਹਿਆ।

"ਬੀਬੀ ਰਿਸ਼ਮੀ ਜੀ ਨੇ ਹਿੰਦੀ ਵਿਚ ਬੋਲਦੇ ਹੋਇਆਂ ਕਿਹਾ ਕਿ ਸਾਖਸ਼ਾਤ ਸਤਿਗੁਰੂ ਜੀ ਕੇ ਪਾਵਨ ਉਪਦੇਸ਼ ਏਵੰ ਬਤਾਏ



Sri Satguru Jagjit Singh Ji eLibrary NamdhariElibrary@gmail.com

ਹੁਏ ਰਾਸਤੇ ਸੇ ਹੀ ਜਨ ਕਲਿਆਣ ਹੋ ਸਕਤਾ ਹੈ।"

ਉਪਰੰਤ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਦਾ ਪਾਠ ਜਥੇਦਾਰ ਜੋਗਾ ਸਿੰਘ ਨੇ ਕੀਤਾ ਅਤੇ ਪੰਜ ਸਾਧਾਰਨ ਪਾਠਾਂ ਦੇ ਭੋਗ ਪਾਏ ਗਏ। ਅੱਜ ਅੰਮ੍ਰਿਤ ਵੇਲੇ ਜੋ ਇਸ ਪਰਿਵਾਰ ਵੱਲੋਂ ਸਤਿਗੁਰੂ ਜੀ ਦੀ ਚੜ੍ਹਦੀ ਕਲਾ ਤੇ ਦੇਹ ਅਰੋਗਤਾ ਵਾਸਤੇ ਆਦਿ ਸ੍ਰੀ ਗ੍ਰੰਥ ਸਾਹਿਬ ਦਾ ਅਖੰਡ ਪਾਠ ਰੱਖਿਆ ਸੀ, ਉਸਦਾ ਭੋਗ ਪਾਇਆ ਜਾ ਚੁੱਕਾ ਸੀ। ਇਸ ਸਮੇਂ ਹੋਰ ਵੀ ਸਾਧਾਰਣ ਪਾਠਾਂ ਦੇ ਭੋਗ ਸਤਿਗੁਰੂ ਜੀ ਦੇ ਪ੍ਰਕਾਸ਼ ਦਿਵਸ ਅਤੇ ਆਪ ਜੀ ਦੀ ਦੇਹ ਅਰੋਗਤਾ ਨਮਿਤ ਪਾਏ ਗਏ।

ਦੁਪਹਿਰ ਦੇ ਪ੍ਰੋਗਰਾਮ ਵਿਚ ਬੀਬੀਆਂ ਦੇ ਜਥਿਆਂ ਨੇ ਸਤਿਗੁਰੂ ਜੀ ਦੀ ਮਹਿਮਾ ਦਾ ਗੁਣਗਾਨ ਕਰਦਿਆਂ। ਬੜੇ ਪਿਆਰ ਭਰਿਆ ਕੀਰਤਨ ਕੀਤਾ।

ਸ਼ਾਮ ਦੇ ਦੀਵਾਨ ਵਿਚ ਸੰਤ ਸਰਦਾਰਾ ਸਿੰਘ, ਮਹੰਤ ਸੰਤੋਖ ਸਿੰਘ, ਬੀਬੀ ਸੁਰਿੰਦਰ ਕੌਰ, ਕਾਕਾ ਸੰਤਾ ਸਿੰਘ, ਲੱਖਾ ਸਿੰਘ, ਰਤਨ ਸਿੰਘ ਹੋਰਾਂ ਸ਼ਬਦ ਕੀਰਤਨ ਅਤੇ ਕਵਿਤਾਵਾਂ ਰਾਹੀਂ ਗੁਰੂ ਜੱਸ ਕੀਤਾ। ਕਾਕਾ ਬੀਰ ਸਿੰਘ ਨੇ ਰਾਗ ਕਾਨੜਾ ਵਿਚ ਸ਼ਬਦ ਬੜੇ ਸੁਚੱਜੇ ਢੰਗ ਨਾਲ ਸੁਣਾਇਆ। ਸੰਤ ਸਤਨਾਮ ਸਿੰਘ ਜੀ ਨੇ ਰੁਬਾਈਆਂ ਤੇ ਗੀਤ ਪੇਸ਼ ਕੀਤੇ। ਬੀਬੀ ਮਨਜੀਤ ਕੌਰ ਦੇ ਦੀਵਾਨ ਤੋਂ ਬਾਅਦ ਸਿਤਾਰ ਵਾਦਨ ਹੋਇਆ। ਕਾਕਾ ਗੁਰਦਿਆਲ ਸਿੰਘ ਸਪੁੱਤਰ ਸੰਤ ਗੁਰਮੁਖ ਸਿੰਘ ਸ੍ਰੀ ਭੈਣੀ ਸਾਹਿਬ ਨੇ ਰਾਗ ਯਮਨ ਵਜਾਇਆ। ਤਬਲੇ ਤੇ ਸੰਗਤ ਹਰਪ੍ਰੀਤ ਸਿੰਘ ਸੋਨੂੰ ਨੇ ਕੀਤੀ। ਇਸ ਤੋਂ ਬਾਅਦ ਕੀਰਤਨ ਦਾ ਵਿਸ਼ੇਸ਼ ਪ੍ਰੋਗਰਾਮ ਸ਼ੁਰੂ ਹੋਇਆ। ਸ੍ਰੀ ਭੈਣੀ ਸਾਹਿਬ ਤੋਂ ਆਏ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਕਲਾਕਾਰਾਂ ਸੰਤ ਮੋਹਨ ਸਿੰਘ, ਸੁਖਦੇਵ ਸਿੰਘ, ਹਰਪ੍ਰੀਤ ਸਿੰਘ ਜੀ ਨੇ ਰਾਗਾਂ ਤੇ ਆਧਾਰਿਤ ਮਨਮੋਹਕ ਕੀਰਤਨ ਕਰਕੇ ਸੰਗਤ ਨੂੰ ਮੁਗਧ ਕਰ ਦਿੱਤਾ।

ਪ੍ਰਸਿੱਧ ਰਾਗੀ ਸੰਤ ਬਲਜੀਤ ਸਿੰਘ, ਗੁਰਮੀਤ ਸਿੰਘ ਦੇ ਰਾਗੀ ਜਥੇ ਦਾ ਕੀਰਤਨ ਅਨੰਦ ਵਿਭੋਰ ਕਰ ਰਿਹਾ ਸੀ। ਕਾਕਾ ਫਤਹਿ ਸਿੰਘ ਸਪੁੱਤਰ ਸੰਤ ਬਲਜੀਤ ਸਿੰਘ ਗਾਇਣ ਵਿਚ ਤੇ ਤਬਲੇ ਤੇ ਅਮਰਜੀਤ ਸਿੰਘ ਸਾਥ ਦੇ ਰਹੇ ਸਨ। ਰਾਗ ਕੇਦਾਰ ਅਤੇ ਮਿਸ਼ਰ ਆਸਾ ਵਿਚ ਗਾਏ ਸ਼ਬਦਾਂ ਨੇ ਸਮੇਂ ਦਾ ਬੰਧਨ ਨੇੜੇ ਨਹੀਂ ਆਉਣ ਦਿੱਤਾ।

ਰਾਤ ਦੇ ੧੧ ਵਜੇ ਚੁੱਕੇ ਸਨ ਜਦੋਂ ਜਥੇਦਾਰ ਸੇਵਾ ਸਿੰਘ ਜੀ ਨੇ ਹੱਲੇ ਦੇ ਦੀਵਾਨ ਦੀ ਛਹਿਬਰ ਲਾ ਦਿੱਤੀ। ਸਤਿਗੁਰੂ ਜਗਜੀਤ ਸਿੰਘ ਜੀ ਦੇ ਮਹਿਮਾ ਗਾਣ ਵਿਚ ਇਹ ਪੁਰਬ ਸਮਾਪਤ ਹੋਇਆ।

*—ਸਤਨਾਮ ਸਿੰਘ ਦਿੱਲੀ*

# ਜਲੰਧਰ ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ

ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਜੀ ਦਾ ਪ੍ਰਕਾਸ਼ ਉਤਸਵ ਪੁਰਬ ਜਲੰਧਰ ਵਿਚ ੧-੨ ਫਰਵਰੀ ੨੦੦੩ ਨੂੰ ਸ਼ਰਧਾ ਪੂਰਬਕ ਮਨਾਇਆ ਗਿਆ।

ਨਾਮਧਾਰੀ ਧਰਮਸਾਲਾ ਸੈਂਟਰਲ ਟਾਊਨ ਲਾਡੋਵਾਲੀ ਰੋਡ ਜਲੰਧਰ ੧ ਫਰਵਰੀ ਦੀ ਸ਼ਾਮ ਨੂੰ ਪੂਰੀ ਸੱਜ-ਧੱਜ ਨਾਲ ਇਸ ਪੁਰਬ ਨੂੰ ਮਨਾਉਣ ਵਾਸਤੇ ਤਿਆਰ ਸੀ, ਸਤਿਗੁਰੂ ਰਾਮ ਸਿੰਘ ਜੀ ਦੀ ਸੁੰਦਰ ਵੱਡੀ ਤਸਵੀਰ ਸਤਿਗੁਰੂ ਜੀ ਦੇ ਆਸਨ ਤੇ ਸਸ਼ੋਭਿਤ ਸੀ। ਫੁੱਲਾਂ ਦੀ ਮਹਿਕ ਸਾਰੇ ਪਾਸੇ ਪਸਰੀ ਸੀ। ਜਦੋਂ ਕੀਰਤਨ ਦਾ ਆਰੰਭ ਸੰਤ ਬਲਬੀਰ ਸਿੰਘ ਜੀ ਨੇ ਬਸੰਤ ਰਾਗ ਦੀਆਂ ਸੁਰਾਂ ਵਿਚ ਮੰਗਲਮਈ ਸ਼ਬਦ ਢੋਲਕ ਛੈਣਿਆਂ ਦੀ ਛਹਿਬਰ ਵਿਚ ਗਾ ਕੇ ਕੀਤਾ। ਭਾਵੇਂ ਇਹ ਪਿੜ ਬੰਨ੍ਹਣ ਵਾਲੀ ਗੱਲ ਸੀ ਪਰ ਕੀਰਤਨ ਰਸ ਵਿਚ ਸੰਗਤਾਂ ਭਿੱਜ ਰਹੀਆਂ ਸਨ। ਦਿੱਲੀ ਤੋਂ ਉਚੇਚੇ ਇਸ ਸਮਾਗਮ ਵਾਸਤੇ ਆਏ ਨਾਮਧਾਰੀ ਪੰਥ ਦੇ ਜਗਤ ਪ੍ਰਸਿੱਧ ਵਿਦਵਾਨ ਪ੍ਰਚਾਰਕ ਜਥੇਦਾਰ ਸੇਵਾ ਸਿੰਘ ਜੀ ਦਾ ਹੱਲੇ ਦਾ ਦੀਵਾਨ ਮੁਖ ਆਕਰਸ਼ਨ ਸੀ। ਆਪ ਦਾ ਵਿਖਿਆਨ ਭਾਰੀ ਗਿਣਤੀ ਵਿਚ ਪਧਾਰੇ ਸਰੋਤੇ ਮੰਤਰ ਮੁਗਧ ਹੋਏ ਝੂਮ ਝੂਮ ਕੇ ਸੁਣਦੇ ਰਹੇ। ਆਪ ਜੀ ਨੇ ਮਿੱਠੀਆਂ ਮਿੱਠੀਆਂ ਧਾਰਨਾਂ ਦੇ ਨਾਲ ਨਾਲ ਰਾਮ ਨਾਮ ਸ਼ਬਦ ਦੀ ਵਿਆਖਿਆ ਆਦਿ ਕਾਲ ਦੀਆਂ ਇਤਿਹਾਸਕ ਕਥਾਵਾਂ ਦੇ ਹਵਾਲੇ ਨਾਲ ਕੀਤੀ। ਰਾਮ ਤੋਂ ਰਾਮ ਸਿੰਘ ਨਾਮ ਦੀ ਵਿਆਖਿਆ ਕਰਦਿਆਂ ਆਪ ਨੇ ਬਹੁਤ ਕਲਾਮਈ ਢੰਗ ਨਾਲ ਸੰਤ ਧਿਆਨ ਸਿੰਘ ਦੇ ਦੋਹੇ ਨਾਲ ਪ੍ਰਸੰਗ ਜੋੜਿਆ :

ਰਾਮ ਕਹਿਤ ਚਿਤ ਸ਼ਾਂਤ ਹੋਇ ਸਿੰਘ ਕਹਿਤ ਭੈ ਹਾਨਿ
ਤਾਂ ਤੇ ਨਿਤ ਨਿਤ ਸਿਮਰੀਐ ਰਾਮ ਸਿੰਘ ਭਗਵਾਨ

ਦੂਰੋਂ ਨੇੜਿਓਂ ਆਈ ਸੰਗਤ ਨੇ ਜਥੇਦਾਰ ਜੀ ਦੇ ਪ੍ਰਭਾਵਸ਼ਾਲੀ ਵਿਖਿਆਨ ਅਤੇ ਹੱਲੇ ਦੇ ਦੀਵਾਨ ਦੀ ਰਸਕਿਤਾ ਦਾ ਆਨੰਦ ਮਾਣਿਆ। ਸੰਤਾਂ ਨਾਲ ਆਏ ਸ. ਬਲਜੀਤ ਸਿੰਘ ਜੀ ਦੇ ਭਰਵੇਂ ਢੋਲਕ ਵਾਦਨ ਦੇ ਸਾਥ ਨੇ ਕੀਰਤਨ ਦੀ ਸੋਭਾ ਨੂੰ ਹੋਰ ਚਮਕਾਇਆ।

ਇਸ ਦੀਵਾਨ ਵਿਚ ਜਿਥੇ ਸ਼ਹਿਰ ਦੀਆਂ ਜਾਣੀਆਂ ਪਹਿਚਾਣੀਆਂ ਹਸਤੀਆਂ ਬੈਠੀਆਂ ਸਨ, ਉਥੇ ਸ਼ਾਸਤਰੀ ਸੰਗੀਤ ਜਗਤ ਦੀ ਉੱਘੀ ਹਸਤੀ ਪ੍ਰੋ. ਲਛਮਣ ਸਿੰਘ ਸੀਨ ਵੀ ਬੈਠੇ ਸਨ। ਪੰਡਿਤ ਰਵੀ ਸ਼ੰਕਰ ਅਤੇ ਉਸਤਾਦ ਅੱਲਾ ਰਖਾ ਦੇ ਸਾਥੀ ਪ੍ਰੋ. ਲਛਮਣ ਸਿੰਘ ਹੋਰਾਂ ਨੂੰ ਮਿਲਣ ਵਾਸਤੇ ਉੱਘੇ ਸੰਗੀਤਕਾਰ



Sri Satguru Jagjit Singh Ji eLibrary NamdhariElibrary@gmail.com

ਰਾਜਨ ਸਾਜਨ ਆਦਿਕ ਉਚੇਚੇ ਉਹਨਾਂ ਦੇ ਘਰ ਜਾਂਦੇ ਹਨ। ਸੀਨ ਸਾਹਿਬ ਸੰਗੀਤ ਦਾ ਹੀ ਸਰੂਪ ਹਨ ਅਤੇ ਨਿਰਮਾਣ ਏਨੇ ਕਿ ਕੀਰਤਨ ਸੁਨਣ ਸਾਧਾਰਨ ਰੂਪ ਵਿਚ ਹੀ ਚਲੇ ਜਾਂਦੇ ਹਨ। ਅੱਜ ਦੇ ਕੀਰਤਨ ਤੋਂ ਉਹ ਬਹੁਤ ਪ੍ਰਭਾਵਿਤ ਸਨ ਜਦੋਂ ਉਹਨਾਂ ਨੂੰ ਆਪਣੇ ਵਿਚਾਰ ਪੇਸ਼ ਕਰਨ ਨੂੰ ਕਿਹਾ ਗਿਆ ਤਾਂ ਉਹਨਾਂ ਇਕ ਸ਼ਬਦ ਢੋਲਕ ਦੇ ਸਾਥ ਨਾਲ ਗਾਇਨ ਕਰਨਾ ਮੁਨਾਸਬ ਸਮਝਿਆ।

ਉਪਰੰਤ ਸ. ਜਗਦੀਸ਼ ਸਿੰਘ ਵਰਿਆਮ ਨੇ ਬੋਲਦਿਆਂ ਸਭ ਦਾ ਧੰਨਵਾਦ ਵੀ ਕੀਤਾ ਅਤੇ ਸਤਿਗੁਰੂ ਰਾਮ ਸਿੰਘ ਜੀ ਬਾਰੇ ਆਪਣੇ ਵਿਚਾਰ ਵੀ ਰੱਖੇ। ਅੱਜ ਦਾ ਦੀਵਾਨ ਕਲ੍ਹ ਵੱਡੇ ਸਮਾਗਮ ਦੀ ਪਹਿਲ ਕਦਮੀ ਹੀ ਸੀ। ਬਹੁਤ ਸ਼ਰਧਾ ਭਾਵ ਨਾਲ ਸਾਰੀ ਸੰਗਤ ਗੁਰੂ ਚਰਨਾਂ ਵਿਚ ਜਥੇਦਾਰ ਸੇਵਾ ਸਿੰਘ ਜੀ ਨੇ ਜੋੜ ਕੇ ਰੱਖੀ। ਦੀਵਾਨ ਵਿਚ ਉਚੇਚੇ ਲੁਧਿਆਣੇ ਤੋਂ ਆਏ ਸੂਬਾ ਹਰਭਜਨ ਸਿੰਘ ਜੀ, ਅਤੇ ਸੰਤ ਦਲੀਪ ਸਿੰਘ ਨਾਮਧਾਰੀ ਨੇ ਲੁਧਿਆਣੇ ਦੀ ਸੰਗਤ ਦੇ ਹੋਰ ਸਜਨਾਂ ਨਾਲ ਸ਼ਰਧਾ ਸਹਿਤ ਹਾਜ਼ਰੀ ਭਰੀ।

ਦੋ ਫਰਵਰੀ ਐਤਵਾਰ ਦੀ ਸ਼ੁਰੂਆਤ ਅੰਮ੍ਰਿਤ ਵੇਲੇ ਦੀ ਆਸਾ ਦੀ ਵਾਰ ਦੇ ਕੀਰਤਨ ਨਾਲ ਹੋਈ। ਸੰਤ ਬਲਬੀਰ ਸਿੰਘ, ਜਗਦੀਸ਼ ਸਿੰਘ, ਸੁਖਦੇਵ ਸਿੰਘ ਮਨਰਾਜ ਸਿੰਘ....ਗੁਰਿੰਦਰ ਸਿੰਘ ਮਣੀ, ਸੰਤੋਖ ਸਿੰਘ ਦਿਲਰੁਬਾ, ਗੁਰਮੀਤ ਸਿੰਘ ਸੋਨੂੰ, ਬਲਵਿੰਦਰ ਸਿੰਘ, ਸੁਰਿੰਦਰ ਸਿੰਘ ਅਤੇ ਸੂਰਤ ਸਿੰਘ..ਨਾਮਧਾਰੀ ਸੰਗੀਤ ਕੇਂਦਰ ਦੇ ਵਿਦਿਆਰਥੀਆਂ ਨੇ ਸਾਢੇ ਤਿੰਨ ਘੰਟੇ ਆਸਾ ਦੀ ਵਾਰ ਦੇ ਕੀਰਤਨ ਵਿਚ ਛੱਕਿਆਂ ਨਾਲ ਪਰਸੰਗਕ ਸ਼ਬਦਾਂ ਨਾਲ ਵੱਖ-ਵੱਖ ਰਾਗ ਤਾਲਾਂ ਵਿਚ ਕੀਰਤਨ ਕੀਤਾ ਅਤੇ ਕਿਸੇ ਨੂੰ ਵੀ ਵਕਤ ਦੇ ਬੀਤਣ ਦਾ ਆਭਾਸ ਨਾ ਹੋਇਆ। ੧੩ ਪਾਠਾਂ ਦੇ ਭੋਗਾਂ ਬਾਅਦ ਦੁਬਾਰਾ ਪ੍ਰੋਗਰਾਮ ਸ਼ੁਰੂ ਹੋਇਆ। ਰਾਗ ਬਸੰਤ ਅਤੇ ਭੈਰਵ ਵਿਚ ਨਾਮਧਾਰੀ ਸੰਗੀਤ ਕੇਂਦਰ ਦੇ ਵਿਦਿਆਰਥੀਆਂ ਬਲਵੰਤ ਸਿੰਘ, ਆਸਾ ਸਿੰਘ, ਗੁਰਰਤਨ ਸਿੰਘ, ਹਰ ਸਿਮਰ ਸਿੰਘ ਨੇ ਰਸ-ਭਿੰਨਾ ਕੀਰਤਨ ਕੀਤਾ। ਉਹਨਾਂ ਬਾਅਦ ਮਨਰਾਜ ਸਿੰਘ ਮੰਨਾ ਨੇ ਸੁਰੀਲੀ ਆਵਾਜ਼ ਵਿਚ ਸ਼ਬਦ ਗਾਇਣ ਕੀਤੇ।

ਪ੍ਰਸਿੱਧ ਜਥੇਦਾਰ ਹਜ਼ਾਰਾ ਸਿੰਘ ਜੀ ਨੇ ਹੱਲੇ ਦਾ ਦੀਵਾਨ ਆਰੰਭ ਕੀਤਾ। ਉਹਨਾਂ ਨੇ ਸਤਿਗੁਰੂ ਰਾਮ ਸਿੰਘ ਜੀ ਦਾ ਇਤਿਹਾਸ ਵਿਸਥਾਰ ਨਾਲ ਸੁਣਾਇਆ। ਪ੍ਰੋ. ਲਛਮਣ ਸਿੰਘ ਸੀਨ ਹੋਰਾਂ ਨੇ ਇਕ ਸ਼ਬਦ ਦੀ ਹਾਜ਼ਰੀ ਫੇਰ ਲੁਆਈ ਤੇ ਮੰਚ ਜਥੇਦਾਰ ਸੇਵਾ ਸਿੰਘ ਜੀ ਦੇ ਹਵਾਲੇ ਹੋ ਗਿਆ। ਭਰਵੇਂ ਜਥੇ ਦੇ ਸਾਥ ਨਾਲ ਜਥੇਦਾਰ ਜੀ ਨੇ ਇਤਿਹਾਸ ਦੇ ਆਦਿ ਕਾਲ ਤੋਂ ਪ੍ਰਸੰਗ ਅਤੇ ਕਥਾਵਾਂ ਨੂੰ ਸੁੰਦਰ ਭਾਸ਼ਣ ਕਵਿਤਾਵਾਂ ਅਤੇ ਗੀਤਾਂ ਨਾਲ ਸਜਾ ਕੇ ਇਕ ਸੁੰਦਰ ਗੁਲਦਸਤੇ ਵਾਂਗ ਪੇਸ਼ ਕੀਤਾ। ਆਪ ਜੀ ਨੇ ਗਿਆਨੀ ਗਿਆਨ ਜੀ ਦੇ ਕਬਿਤਾਂ ਦੇ ਹਵਾਲਿਆਂ ਨਾਲ ਕੀਰਤਨ ਕਰਦਿਆਂ "ਸੋਈ ਨੇਤ ਫੁਰੀ..." ਦੀ ਵਿਆਖਿਆ ਕੀਤੀ ਸ੍ਰੋਤੇ ਅਸ਼ ਅਸ਼ ਕਰ ਉੱਠੇ। ਸਤਿਗੁਰੂ ਜੀ ਦੇ ਜੀਵਨ ਇਤਿਹਾਸ ਵਿੱਚੋਂ ਪ੍ਰਸੰਗ ਸੁਣਾਂਦਿਆਂ ਮਾਨਾਂ ਵਾਲੇ ਦੇ ਹੋਲੇ ਦਾ ਪ੍ਰਸੰਗ ਉਹਨਾਂ ਮਾਰਮਿਕ ਸ਼ਬਦਾਂ ਵਿਚ ਸੁਣਾਇਆ। ਸਭ ਅੱਖਾਂ ਨਮ ਹੋ ਗਈਆਂ। ਵੈਰਾਗ ਦੀ ਸੂਰਤ ਤਾਰੀ ਹੋ ਗਈ। ਇਕ ਮਸਤਾਨੇ ਸਿੰਘ ਦੀ ਰੋਣ ਦੀ ਆਵਾਜ਼ ਵੱਲ ਕਿਸੇ ਧਿਆਨ ਨਾ ਦਿੱਤਾ। ਮਸਤਾਨੀ ਬਿਰਤੀ ਤਾਂ ਸਭ ਦੀ ਹੋ ਚੁੱਕੀ ਸੀ। ਸਾਰੀ ਸੰਗਤ ਦੇ ਹਿਰਦੇ ਪਿਘਲੇ ਪਏ ਸਨ। ਬਲਜੀਤ ਸਿੰਘ ਦੀ ਢੋਲਕ ਦਾ ਜਾਦੂ ਵੀ ਮੁੜ ਵੇਖਣ ਸੁਨਣ ਨੂੰ ਮਿਲਿਆ। ਅਜੇ ਤੱਕ ਇਸ ਦੀਵਾਨ ਨੂੰ ਲੋਕ ਯਾਦ ਕਰ ਰਹੇ ਹਨ।

ਜਥੇਦਾਰ ਜੀ ਦੇ ਦੀਵਾਨ ਬਾਦ ਨੌਜਵਾਨ ਸਰਬਜੀਤ ਸਿੰਘ ਨੇ ਆਪਣੇ ਸ਼ਾਨਦਾਰ ਭਾਸ਼ਨ ਵਿਚ ਇਤਿਹਾਸ ਅਤੇ ਸਾਹਿਤ ਰਾਹੀਂ ਸਤਿਗੁਰੂ ਜੀ ਦੇ ਜੀਵਨ ਤੇ ਚਾਨਣਾ ਪਾਇਆ। ਆਪਣੇ ਪੱਖ ਨੂੰ ਪੇਸ਼ ਕਰਨ ਦਾ ਨੌਜਵਾਨ ਵੱਲੋਂ ਸਫਲ ਜਤਨ ਭਵਿੱਖ ਵਿਚ ਚੰਗੇ ਬੁਲਾਰੇ ਬਨਣ ਦਾ ਸੰਕੇਤ ਸੀ। ਇਸ ਉਪਰੰਤ ਪ੍ਰਸਿੱਧ ਪੱਤਰਕਾਰ ਅਤੇ ਅਕਾਲੀ ਪੱਤ੍ਰਿਕਾ ਦੇ ਸਾਬਕਾ ਐਡੀਟਰ ਸ. ਭਰਪੂਰ ਸਿੰਘ ਬਲਬੀਰ ਹੋਰਾਂ ਬੈਠ ਕੇ ਪ੍ਰਵਚਨ ਕੀਤਾ। ਆਪ ਕਾਫੀ ਸਮਾਂ ਅਮਰੀਕਾ ਵਿਚ ਰਹਿ ਕੇ ਵਾਪਸ ਭਾਰਤ ਆਏ ਹਨ।

ਬਲਬੀਰ ਜੀ ਨੇ ਕਿਹਾ ਕਿ ਜੇ ਸਿੱਖ ਕੋਲ ਨਾਮ ਹੈ ਤਾਂ ਉਹ ਸਿੱਖ ਹੈ। ਜੇ ਨਾਮ ਨਹੀਂ ਤਾਂ ਸਰੀਰ ਮ੍ਰਿਤਕ ਹੈ। ਜੇ ਆਤਮਾ ਸੁੱਚੀ ਨਾ ਹੋਵੇ ਨਾਮ ਦੀ ਅਰਾਧਨਾ ਨਹੀਂ ਕਰ ਸਕਦਾ। ਜਦੋਂ ਦਰਬਾਰ ਸਾਹਿਬ ਦੀ ਪਵਿੱਤ੍ਰਤਾ ਭੰਗ ਹੋਈ, ਜਿਨ੍ਹਾਂ ਕਿਹਾ ਅਸੀਂ ਪੰਥ ਹਾਂ ਉਹ ਵਿਰੋਧ ਨਹੀਂ ਕਰ ਸਕੇ। ਅੱਜ ਕਲ ਸਵੇਰ ਦੀ ਸਿੱਖੀ ਹੋਰ ਹੈ, ਦੁਪਹਿਰ ਦੀ ਸਿੱਖੀ ਹੋਰ, ਸ਼ਾਮ ਦੀ ਹੋਰ ਤੇ ਰਾਤ ਦੀ ਸਿੱਖੀ ਹੋਰ ਹੈ। ਮੇਰੇ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਕ੍ਰਿਪਾ ਕੀਤੀ ਹੈ। ਸਤਿਗੁਰੂ ਰਾਮ ਸਿੰਘ ਜੀ ਦਾ ਗੁਰਪੁਰਬ ਮਨਾਉਂਦਿਆਂ ਧਿਆਨ ਰੱਖਣਾ ਚਾਹੀਦਾ ਹੈ ਕਿ ਗੁਰੂ ਦੀ ਮਹਿਮਾ ਜਾਣੀਏ। ਗੁਰੂ ਹੀ ਮਾਂ ਹੈ। ਅੱਜ ਕਲ੍ਹ ਸਤਿਗੁਰੂ ਜਗਜੀਤ ਸਿੰਘ ਜੀ ਸਿੱਖੀ ਦੀ ਸੰਭਾਲ ਕਰ ਰਹੇ ਹਨ। ਸਤਿਗੁਰਾਂ ਦਾ ਦਿਨ ਮਨਾ ਰਹੇ ਹਾਂ। ਸੱਚੇ ਮਨੋ ਗੁਰੂ ਜੀ ਦੇ ਲੜ ਲਗੀਏ। ਸ. ਭਰਪੂਰ ਸਿੰਘ ਬਲਬੀਰ ਦੀ ਪ੍ਰਸਿੱਧ ਭਾਸ਼ਣ ਕਲਾ ਦਾ ਜਾਦੂ ਸਿਰ ਚੜ੍ਹ ਕੇ ਬੋਲ ਰਿਹਾ ਸੀ।

ਸੂਬਾ ਜੁਗਿੰਦਰ ਸਿੰਘ ਜੀ ਹਥੀਂ ਸ. ਬਲਬੀਰ ਸਿੰਘ ਜੀ ਨੂੰ



Sri Satguru Jagjit Singh Ji eLibrary NamdhariElibrary@gmail.com

ਸਨਮਾਨਿਤ ਕੀਤਾ ਗਿਆ। ਸੂਬਾ ਜੀ ਨੇ ਆਪਣੇ ਵਿਚਾਰ ਇਸ ਅਵਸਰ ਤੇ ਰੱਖੇ। ਅੰਤ ਉੱਤੇ ਸ. ਜਗਦੀਸ਼ ਸਿੰਘ ਵਰਿਆਮ ਨੇ ਸਾਰੀਆਂ ਆਈਆਂ ਸੰਗਤਾਂ ਦਾ, ਜਥੇਦਾਰ ਸਾਹਿਬ ਦਾ, ਕੀਰਤਨ ਕਰਨ ਵਾਲੇ ਅਤੇ ਸੇਵਾ ਕਰਨ ਵਾਲਿਆਂ ਦਾ ਧੰਨਵਾਦ ਕੀਤਾ।

ਲੰਗਰ ਗੁਰੂ ਕਾ ਅਤੁੱਟ ਸ਼ਾਮ ਤੱਕ ਚਲਦਾ ਰਿਹਾ। ਸ. ਨਿਰਮਲ ਸਿੰਘ, ਸੰਤ ਅਮਰਜੀਤ ਸਿੰਘ, ਆਗਿਆ ਸਿੰਘ, ਬਲਦੇਵ ਸਿੰਘ, ਮਨਰਾਜ ਸਿੰਘ, ਬਲਵਿੰਦਰ ਸਿੰਘ, ਮਹੰਤ ਜੁਗਿੰਦਰ ਸਿੰਘ, ਅਮਰੀਕ ਸਿੰਘ, ਗੁਰਮੀਤ ਸਿੰਘ (ਸੋਨੂੰ), ਗੁਰਮੁਖ ਸਿੰਘ, ਦਿਲਜੀਤ ਸਿੰਘ ਅਤੇ ਹੋਰ ਸਜਨ ਸੇਵਾ ਵਿਚ ਵਧ ਚੜ੍ਹ ਕੇ ਵਿਅਸਤ ਰਹੇ।

## ਜੰਮੂ ਵਿੱਚ ਗੁਰਪੁਰਬ

ਜੰਮੂ ਦੀ ਨਾਮਧਾਰੀ ਸੰਗਤ ਨੇ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਪੁਰਬ ੧੬ ਫਰਵਰੀ ੨੦੦੩ ਨੂੰ ਨਾਮਧਾਰੀ ਧਰਮਸ਼ਾਲਾ ਲੋਇਰ ਗੁਮਟ ਜੰਮੂ ਵਿੱਚ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ। ਸੂਬਾ ਸੁਖਦੇਵ ਸਿੰਘ ਅਤੇ ਪ੍ਰਧਾਨ ਸੰਤ ਕਰਤਾਰ ਸਿੰਘ ਦੀ ਅਗਵਾਈ ਵਿੱਚ ਮਨਾਏ ਇਸ ਪੁਰਬ ਵਿੱਚ ਦਿੱਲੀ ਤੋਂ ਪ੍ਰਸਿੱਧ ਨਾਮਧਾਰੀ ਜਥੇਦਾਰ ਸੰਤ ਸੇਵਾ ਸਿੰਘ ਜੀ ਅਤੇ ਜਲੰਧਰ ਤੋਂ ਵਰਿਆਮ ਦੇ ਸੰਪਾਦਕ ਸ. ਜਗਦੀਸ਼ ਸਿੰਘ ਉਚੇਚਿਆਂ ਪੁੱਜੇ।

ਅੰਮ੍ਰਿਤ ਵੇਲੇ ਪਹਿਲਾਂ ਨਾਮ ਸਿਮਰਨ ਕੀਤਾ ਗਿਆ ਉਪਰੰਤ ਆਸਾ ਦੀ ਵਾਰ ਦਾ ਕੀਰਤਨ ਸਥਾਨਕ ਜਥੇ ਅਤੇ ਬਾਹਰੋਂ ਆਏ ਸੱਜਣਾ ਨੇ ਰਲ ਮਿਲ ਕੇ ਕੀਤਾ। ਜਥੇਦਾਰ ਸੇਵਾ ਸਿੰਘ ਜੀ, ਜਗਦੀਸ਼ ਸਿੰਘ ਜੀ ਵਰਿਆਮ ਵਾਲੇ, ਸੰਤੋਖ ਸਿੰਘ, ਮਨਰਾਜ ਸਿੰਘ ਜਲੰਧਰ, ਬਲਜੀਤ ਸਿੰਘ ਢੋਲਕ ਵਾਲੇ ਦਿੱਲੀ, ਅਤੇ ਜੰਮੂ ਤੋਂ ਚਰਨ ਸਿੰਘ, ਸਤਪਾਲ ਸਿੰਘ, ਗੁਰਦੇਵ ਸਿੰਘ, ਅਮਰ ਸਿੰਘ ਕੂਕਾ, ਸੰਤ ਅਜੀਤ ਸਿੰਘ, ਕਰਮ ਸਿੰਘ ਅਤੇ ਹੋਰ ਨੌਜਵਾਨਾਂ ਨੇ ਪ੍ਰੇਮ ਪੂਰਵਕ ਆਸਾ ਦੀ ਵਾਰ ਦੇ ਕੀਰਤਨ ਵਿੱਚ ਭਾਗ ਲਿਆ। ਆਸਾ ਦੀ ਵਾਰ ਬਾਦ ਬਸੰਤ ਦੇ ਸ਼ਬਦ ਅਤੇ ਬਸੰਤ ਦੀ ਵਾਰ ਦਾ ਕੀਰਤਨ ਹੋਇਆ। ਉਪਰੰਤ ਜੰਮੂ ਦੇ ਇਸਤ੍ਰੀ ਜਥੇ ਵਲੋਂ ਵੀ ਸ਼ਬਦ ਕੀਰਤਨ ਹੋਇਆ ਅਤੇ ਪਾਠ ਦਾ ਭੋਗ ਪਾਇਆ ਗਿਆ।

ਦਿਨ ਦੇ ਦੀਵਾਨ ਵਿੱਚ ਮਨਰਾਜ ਸਿੰਘ ਦੇ ਸ਼ਬਦ ਗਾਇਣ ਬਾਦ ਜਥੇਦਾਰ ਸੇਵਾ ਸਿੰਘ ਜੀ ਦਾ ਹੱਲੇ ਦਾ ਦੀਵਾਨ ਸਜਿਆ। ਆਪ ਜੀ ਨੇ ਵਿਸਥਾਰ ਨਾਲ ਨਾਮਧਾਰੀ ਇਤਿਹਾਸ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਲੀਲਾ ਦੇ ਪ੍ਰਸੰਗ ਏਨੀ ਰੌਚਕਤਾ ਨਾਲ ਸੁਣਾਏ ਕਿ ਪਤਾ ਨਾ ਲਗਾ ਕਿ ਕਦ ਦੋ ਘੰਟੇ ਬਤੀਤ ਹੋ ਗਏ। ਜਥੇਦਾਰ ਜੀ ਦਾ ਸਾਥ ਉਹਨਾਂ ਨਾਲ ਆਏ ਬਲਜੀਤ ਸਿੰਘ ਨੇ ਢੋਲਕ ਤੇ ਦਿਤਾ ਅਤੇ ਰੰਗ ਬੰਨਿਆ। ਵਰਿਆਮ ਦੇ ਸੰਪਾਦਕ ਜਗਦੀਸ਼ ਸਿੰਘ ਜੀ ਨੇ ਆਪਣੇ ਭਾਸ਼ਣ ਵਿੱਚ ਇਸ ਗਲ ਤੇ ਜ਼ੋਰ ਦਿਤਾ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਅਦੁਤੀ ਇਤਿਹਾਸ ਨੂੰ ਜ਼ੋਰਦਾਰ ਢੰਗ ਨਾਲ ਲੋਕਾਂ ਦੇ ਸਾਹਮਣੇ ਰਖਣਾ ਚਾਹੀਦਾ ਹੈ। ਆਪਣੇ ਜਥੇਦਾਰ ਸੇਵਾ ਸਿੰਘ ਜੀ ਦੇ ਇਸ ਗਲ ਕਰਕੇ ਸਲਾਹੁਤਾ ਕੀਤੀ ਕਿ ਆਪ ਦੇ ਪ੍ਰਵਚਨ ਵਿੱਚ ਸ਼ਕਤੀ ਹੋ ਜੋ ਸਤਿਗੁਰਾਂ ਦੀ ਕ੍ਰਿਪਾ ਨਾਲ ਗਲ ਨੂੰ ਜ਼ੋਰਦਾਰ ਸਪਸ਼ਟ ਸ਼ਬਦਾਂ ਵਿੱਚ ਕਰਦੇ ਹਨ। ਸਟੇਜ ਸੰਚਾਲਨ ਦੀ ਸੇਵਾ ਸ.ਕਰਮ ਸਿੰਘ ਰਿਟਾਇਰਡ ਜ਼ਿਲਾ ਖੇਤੀ ਬਾੜੀ ਅਫਸਰ/ ਬੀ.ਡੀ.ਓ ਸਫਲਤਾ ਨਾਲ ਕਰਦੇ ਰਹੇ।

ਭਾਵੇਂ ਅਜ ਬਾਹਰ ਮੀਂਹ ਪੈ ਰਿਹਾ ਸੀ ਪਰ ਹਾਲ ਦੇ ਅੰਦਰ ਵੀ ਨਾਮ ਬਾਣੀ ਦੀ ਵਰਖਾ ਹੋ ਰਹੀ ਸੀ। ਲੰਗਰ ਦੇ ਨਾਲ ਹੀ ਬੀਬੀਆਂ ਨੇ ਆਪਣਾ ਦੀਵਾਨ ਸ਼ੁਰੂ ਕਰ ਦਿਤਾ ਅਤੇ ਇਕ ਰਸ ਇਕ ਟਕ ਤਿੰਨ ਘੰਟੇ ਕੀਰਤਨ ਕੀਤਾ। ਬੀਬੀਆਂ ਦਾ ਕੀਰਤਨ ਬਚਿਆਂ ਦੇ ਵਿਸ਼ੇਸ਼ ਪ੍ਰੋਗਰਾਮ ਤਕ ਚਲਦਾ ਰਿਹਾ। ਬਚਿਆਂ ਦਾ ਪ੍ਰੋਗਰਾਮ ਵਿਸ਼ੇਸ਼ ਆਕਰਸ਼ਨ ਵਾਲਾ ਸੀ ਅਤੇ ਇਸੇ ਕਰਕੇ ਸੰਗਤ ਦੀ ਹਾਜ਼ਰੀ ਵੀ ਸਭ ਤੋਂ ਵਧ ਸੀ। ਸ. ਅਮਰ ਸਿੰਘ ਕੂਕਾ ਦੇ ਸਟੇਜ ਪ੍ਰਬੰਧ ਵਿੱਚ ਛੋਟੇ ਛੋਟੇ ਅਤੇ ਵੱਡੇ ਬਚਿਆਂ ਨੇ ਕੁਝ ਆਪਣੀਆਂ ਕੁਝ ਪ੍ਰਾਪਤ ਕਵਿਤਾਵਾਂ ਸੁਣਾਈਆਂ, ਕਈਆਂ ਨੇ ਵਖਿਆਣ ਕੀਤਾ ਕਈਆਂ ਨੇ ਸ਼ਬਦ ਸੁਣਾਇਆ। ਇਸਤ੍ਰੀ ਜਥੇ ਦੀਆਂ ਬੀਬੀਆਂ ਨੇ ਸ਼ਾਸ਼ਤਰੀ ਸੰਗੀਤ ਦੀਆਂ ਸੁਰਾਂ ਵਿੱਚ ਸ਼ਬਦਾਂ ਦਾ ਗਾਇਣ ਵੀ ਕੀਤਾ ਸਿਤਾਰ ਵਾਦਨ ਵੀ ਕੀਤਾ ਅਤੇ ਗੀਤ ਵੀ ਪੇਸ਼ ਕੀਤੇ। ਹੱਲੇ ਦੇ ਦੀਵਾਨ ਵਿਦਿਅਕ ਜੱਥੇ ਦੇ ਬਚਿਆਂ ਅਤੇ ਬੱਚੀਆਂ ਨੇ ਕਮਾਲ ਦੀ ਪ੍ਰਬੀਣਤਾ ਨਾਲ ਲਾਏ, ਹਾਰਮੋਨੀਅਮ, ਢੋਲਕ, ਛੈਣਿਆ ਦਾ ਸੁਮੇਲ ਬਚਿਆਂ ਆਪ ਹੀ ਕੀਤਾ। ਸੁੰਦਰ ਮਨਮੋਹਣੀਆਂ, ਮੰਗਲਮਈ ਵੀ ਅਤੇ ਵੈਰਾਗਮਈ ਧਾਰਨਾ ਅਤੇ ਵਿਖਿਆਣ ਨਾਲ ਜੜਤ ਇਹ ਦੀਵਾਨ ਦਿਲਾਂ ਤੇ ਡੂੰਘੀ ਛਾਪ ਛੱਡ ਗਏ। ਇਹਨਾਂ ਦੀ ਤਿਆਰੀ ਬਹੁਤ ਮਿਹਨਤ ਨਾਲ ਕੀਤੀ ਗਈ ਸੀ। ਬੀਬੀ ਜਗਦੀਪ ਕੌਰ, ਬੀਬੀ ਸ਼ਿਵਰਜੰਨੀ, ਬੀਬੀ ਸਿੰਦਰ ਕੌਰ, ਸੰਤ ਚਰਨ ਸਿੰਘ ਹੋਰਾਂ ਦੀ ਨਿਰਦੇਸ਼ਨਾ ਹੇਠ ਇਹ ਪ੍ਰੋਗਰਾਮ ਤਿਆਰ ਹੋਇਆ ਸੀ ਅਤੇ ਸੰਗੀਤ ਆਚਾਰੀਯ ਸ੍ਰੀ ਪੁਸ਼ਪਿੰਦਰ ਤਲਵਾੜ ਜੀ ਨੇ ਮਾਰਗ ਦਰਸ਼ਨ ਕੀਤਾ ਸੀ।

ਸ. ਜਗਦੀਸ਼ ਸਿੰਘ ਵਰਿਆਮ ਹੋਰਾਂ ਸਾਰੇ ਆਯੋਜਨ ਦੀ ਭੂਰੀ ਭੂਰੀ ਪਰਸੰਸਾਂ ਕਰਦਿਆਂ ਕਲਾਕਾਰਾਂ ਨੂੰ ਵਧਾਈ ਦਿਤੀ ਅਤੇ ਆਪਣੀਆਂ ਸਰਗਰਮੀਆਂ ਨੂੰ ਹੋਰ ਵੀ ਜਾਰੀ ਰਖਣ ਵਾਸਤੇ



Sri Satguru Jagjit Singh Ji eLibrary NamdhariElibrary@gmail.com

ਪ੍ਰੇਰਿਆ। ਉਹਨਾਂ ਨੇ ਪ੍ਰਬੰਧਕਾਂ ਨੂੰ ਵੀ ਸਫਲਤਾ ਸਹਿਤ ਬਸੰਤ ਮਨਾਉਣ ਦੀ ਵਧਾਈ ਦਿਤੀ।

ਅੰਤ ਉਤੇ ਬਚਿਆਂ ਅਤੇ ਵਡਿਆਂ ਨੂੰ ਬਹੁਤ ਖੂਬਸੂਰਤ ਯਾਦ ਚਿੰਨ੍ਹ ਦੇ ਕੇ ਨਿਵਾਜਿਆ ਗਿਆ। ਇਨਾਮ ਵੰਡਣ ਦੀ ਸੇਵਾ ਸ. ਜਗਦੀਸ਼ ਸਿੰਘ ਵਰਿਆਮ, ਸੂਬਾ ਸੁਖਦੇਵ ਸਿੰਘ ਜੀ, ਸੰਤ ਕਰਤਾਰ ਸਿੰਘ ਪ੍ਰਧਾਨ ਅਤੇ ਸ. ਕਰਮ ਸਿੰਘ ਹੋਰਾਂ ਮਿਲ ਕੇ ਕੀਤੀ।

ਰਾਤ ਨੂੰ ਤੀਜਾ ਲੰਗਰ ਹੋਇਆ ਜੰਮੂ ਦੇ ਮਸ਼ਹੂਰ ਚੌਲਾਂ ਅਤੇ ਰਾਜਮਾਂਹ ਦਾ। ਜੰਮੂ ਦਾ ਬਸੰਤ ਪੁਰਬ ਲਗਾਤਾਰ ਅਠਾਰਾਂ ਘੰਟੇ ਚਲਕੇ ਅਪਾਰ ਸਫਲਤਾ ਨਾਲ ਸੰਪੂਰਣ ਹੋਇਆ।

*—ਪਤਰਪ੍ਰੇਰਕ*

## ਰਾਮਪੁਰਾ ਫੂਲ ਦਾ ੨੦ਵਾਂ ਨਾਮਧਾਰੀ ਸ਼ਹੀਦੀ ਸਮਾਗਮ

੧੮ ਜਨਵਰੀ ੧੮੭੨ ਈ: ਨੂੰ ਮਲੇਰਕੋਟਲੇ ਵਿਖੇ ਦੇਸ਼ ਦੀ ਆਜ਼ਾਦੀ ਲਈ ਸ਼ਹੀਦ ਹੋਏ ੬੬ ਸਿੰਘਾਂ ਦੀ ਯਾਦ ਵਿੱਚ ਸ਼ਹੀਦ ਵਰਿਆਮ ਸਿੰਘ ਯਾਦਗਾਰੀ ਕਮੇਟੀ ਰਾਮਪੁਰਾ ਫੂਲ ਅਤੇ ਇਲਾਕੇ ਦੀ ਸਮੂਹ ਸਾਧ ਸੰਗਤ ਵੱਲੋਂ ੨੦ਵਾਂ ਨਾਮਧਾਰੀ ਸ਼ਹੀਦੀ ਸਮਾਗਮ ਮਿਤੀ ੨੮-੨੯ ਅਤੇ ੩੦ ਜਨਵਰੀ ੨੦੦੩ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਸਟੇਡੀਅਮ ਵਿੱਚ ਮਨਾਇਆ ਗਿਆ। ੨੯ ਜਨਵਰੀ ਨੂੰ ਸਵੇਰੇ ਹਜ਼ੂਰੀ ਰਾਗੀ ਗੁਰਲਾਲ ਸਿੰਘ ਅਤੇ ਸਾਥੀਆਂ ਵੱਲੋਂ ਆਸਾ ਦੀ ਵਾਰ ਉਪਰੰਤ ਦਿਨ ਵਿੱਚ ਸੰਤ ਦਲੀਪ ਸਿੰਘ, ਜਥੇਦਾਰ ਇਕਬਾਲ ਸਿੰਘ, ਜਥੇਦਾਰ ਪ੍ਰੀਤਮ ਸਿੰਘ ਸਹਿਣੇ ਵਾਲਿਆਂ ਦਿਵਾਨ ਸਜਾਏ। ਸ਼ਾਮ ਨੂੰ ਛੋਟੇ ਬੱਚਿਆਂ ਦਾ ਭਾਸ਼ਣ ਅਤੇ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ੩੨ ਬੱਚਿਆਂ ਨੇ ਹਿੱਸਾ ਲਿਆ। ਸਕੱਤਰ ਸੁਖਮੰਦਰ ਸਿੰਘ ਵੱਲੋਂ ਬੱਚਿਆਂ ਦੀ ਇਹ ਪੇਸ਼ਕਾਰੀ ਬਹੁਤ ਹੀ ਸੁਚੱਜੇ ਢੰਗ ਨਾਲ ਕਰਵਾਈ ਗਈ। ਬੱਚਿਆਂ ਨੂੰ ਸੂਬਾ ਸੁਰਿੰਦਰ ਕੌਰ ਖਰਲ, ਪ੍ਰਧਾਨ ਬਲਦੇਵ ਸਿੰਘ ਅਤੇ ਸ਼ਹੀਦ ਵਰਿਆਮ ਸਿੰਘ ਯਾਦਗਾਰੀ ਕਮੇਟੀ ਦੀ ਪ੍ਰਧਾਨ ਲਾਭ ਸਿੰਘ ਨੇ ਇਨਾਮ ਵੰਡੇ। ਰਾਤ ਤੱਕ ਕਵੀਸ਼ਰੀ ਜੱਥਿਆਂ ਵਾਰਾਂ ਗਾਂਈਆਂ।

ਅਗਲੇ ਦਿਨ ੩੦ ਜਨਵਰੀ ਨੂੰ ਸਵੇਰੇ ਹਜ਼ੂਰੀ ਰਾਗੀ ਜੱਥੇ ਵੱਲੋਂ ਆਸਾ ਦੀ ਵਾਰ ਉਪਰੰਤ ਜਥੇਦਾਰ ਇਕਬਾਲ ਸਿੰਘ, ਜਥੇਦਾਰ ਦਲੀਪ ਸਿੰਘ ਮੁਹਾਵੇ ਵਾਲੇ ਅਤੇ ਕਵੀਸ਼ਰੀ ਜੱਥਾ ਪੰਜਾਬ ਸਿੰਘ ਪੰਜਾਬ ਨੇ ਸ਼ਹੀਦਾਂ ਦਾ ਰੌਂਗਟੇ ਖੜੇ ਕਰਨ ਵਾਲਾ ਇਤਿਹਾਸ ਸੁਣਾਇਆ। ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸ੍ਰੀ ਐਚ. ਐਸ. ਹੰਸਪਾਲ ਜੀ ਵਿਸ਼ੇਸ਼ ਤੌਰ ਤੇ ਪਹੁੰਚੇ।

ਇਸ ਸਮਾਗਮ ਵਿੱਚ ਸ਼ਹੀਦਾਂ ਨੂੰ ਇਸ ਤਰ੍ਹਾਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ।

**ਸੂਬਾ ਸੁਰਿੰਦਰ ਕੌਰ ਖਰਲ** ਨੇ ਇਲਾਕੇ ਦੇ ਸਾਰੇ ਸ਼ਹੀਦਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ੧੭ ਸ਼ਹੀਦ ਰਾਮਪੁਰਾ ਫੂਲ ਦੇ ਇਲਾਕੇ ਵਿੱਚੋਂ ਹਨ। ਉਹਨਾਂ ਮੰਡੀ ਕਲਾਂ, ਚਾਉਕੇ, ਪੀਰਕੋਟ, ਪਿੱਥੋ, ਮਹਿਰਾਜ, ਬੱਲੋ, ਗੁਰੂਸਰ, ਰਾਮ ਨਗਰ ਦੇ ਸ਼ਹੀਦਾਂ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ।

**ਸ. ਹਰਬੰਸ ਸਿੰਘ ਸਿੱਧੂ ਸਾਬਕਾ ਮੰਤਰੀ** ਨੇ ਦੱਸਿਆ ਕਿ ਮਹਿਰਾਜ ਪਿੰਡ ਮਹਾਨ ਯੋਧੇ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਹੈ। ਇਸ ਪਿੰਡ ਦਾ ਸ਼ਹੀਦ ਵਰਿਆਮ ਸਿੰਘ ਨੇ ਪਾਣੀ ਪੀਤਾ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਆਜ਼ਾਦੀ ਪ੍ਰਾਪਤੀ ਦੀ ਲਹਿਰ ਵਿੱਚ ਸ਼ਾਮਿਲ ਹੋ, ਕੱਦ ਛੋਟਾ ਹੋਣ ਦੇ ਬਾਵਜੂਦ ਵੀ ਤੋਪਾਂ ਅੱਗੇ ਢੀਮਾਂ ਰੱਖ ਕੇ ਦੇਸ਼ ਤੋਂ ਕੁਰਬਾਨ ਹੋ ਗਿਆ। ਉਹਨਾਂ ਆਖਿਆ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ। ਸ਼ਹੀਦ ਆਪਣੇ ਲਈ, ਆਪਣੇ ਪਰਿਵਾਰ ਲਈ ਜਾਂ ਆਪਣੇ ਇਲਾਕੇ ਲਈ ਨਹੀਂ ਸਗੋਂ ਸਮੁੱਚੇ ਦੇਸ਼ ਦੀ ਆਜ਼ਾਦੀ ਲਈ ਸ਼ਹੀਦ ਹੋਏ ਹਨ। ਉਹਨਾਂ ੨੦ਵਾਂ ਨਾਮਧਾਰੀ ਸ਼ਹੀਦੀ ਸਮਾਗਮ ਕਰਾਉਣ ਤੇ ਨਾਮਧਾਰੀ ਪਰਿਵਾਰ ਅਤੇ ਸ਼ਹੀਦ ਯਾਦਗਾਰੀ ਕਮੇਟੀ ਦਾ ਧੰਨਵਾਦ ਕੀਤਾ।

**ਸ. ਦਯਾ ਸਿੰਘ ਸਰਪੰਚ ਭਗਤਾ** ਨੇ ਆਖਿਆ ਕਿ ਅਸੀਂ ਸ਼ਹੀਦਾਂ ਦੀ ਯਾਦ ਵਿੱਚ ਇਕੱਤਰ ਹੋਏ ਹਾਂ। ਉਹ ਬਹੁਤ ਹੀ ਹਿੰਮਤ ਵਾਲੀ ਗੱਲ ਹੈ ਕਿ ਪਿਛਲੇ ੨੦ ਸਾਲਾਂ ਤੋਂ ਰਾਮਪੁਰਾ ਫੂਲ ਵਿੱਚ ਸ਼ਹੀਦੀ ਸਮਾਗਮ ਮਨਾਇਆ ਜਾਂਦਾ ਹੈ। ਉਹਨਾਂ ਸ੍ਰੀ ਹੰਸਪਾਲ ਜੀ ਨੂੰ ਵਧਾਈ ਦਿੱਤੀ ਜਿਨ੍ਹਾਂ ਆਪਣੇ ਕੀਮਤੀ ਵਕਤ ਵਿਚੋਂ ਵਕਤ ਕੱਢ ਕੇ ਪ੍ਰੋਗਰਾਮ ਦੀ ਸ਼ੋਭਾ ਵਧਾਈ। ਉਹਨਾਂ ਪ੍ਰਧਾਨ ਜੀ ਨੂੰ ਅਰਜ਼ ਕ੍ਰੀਤੀ ਕਿ ਸਾਡੇ ਇਲਾਕੇ ਵਿੱਚ ਸ਼ਹੀਦਾਂ ਦੀ ਕੋਈ ਵੱਡੀ ਯਾਦਗਾਰ ਬਣੇ।

**ਸ. ਕਰਤਾਰ ਸਿੰਘ ਪੰਛੀ ਪਿੱਥੋ** ਗਿਆਨੀ ਜ਼ੈਲ ਸਿੰਘ ਦੇ ਪੀ.ਏ. ਰਹਿ ਚੁੱਕੇ ਅਤੇ ਰਾਏਕੋਟ ਦੇ ਸਾਕੇ ਦੇ ਸ਼ਹੀਦਾਂ ਦੇ ਪਿੰਡੋ ਸ. ਪੰਛੀ ਜੀ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸ਼ਹੀਦਾਂ ਦੀਆਂ ਕੁਰਬਾਨੀਆਂ ਤੇ ਚਾਨਣਾ ਪਾਇਆ।

**ਸ. ਗੁਰਪ੍ਰੀਤ ਸਿੰਘ ਕਾਂਗੜ ਮੌਜੂਦਾ ਐਮ.ਐਲ.ਏ.** ਨੇ ਆਖਿਆ ਕਿ ਪੰਜਾਬ ਸ਼ਹੀਦਾਂ ਦੀ ਧਰਤੀ ਹੈ। ਸ਼ਹੀਦ ਕੌਮ ਅਤੇ ਦੇਸ਼ ਦਾ ਸਰਮਾਇਆ ਹੁੰਦੇ ਹਨ। ਉਹਨਾਂ ਆਖਿਆ ਕਿ ਅੱਜ ਦੇਸ਼ ਨੂੰ ਬਚਾਉਣ ਲਈ ਸ਼ਹੀਦਾਂ ਦੇ ਪੂਰਨਿਆਂ ਤੇ ਚੱਲਣ ਦੀ ਲੋੜ ਹੈ।



Sri Satguru Jagjit Singh Ji eLibrary NamdhariElibrary@gmail.com

ਮਾ. ਲਾਭ ਸਿੰਘ ਜੀ ਮੁੱਖ ਸਲਾਹਕਾਰ ਸ਼ਹੀਦ ਰਤਨ ਸਿੰਘ ਕੂਕਾ ਸਪੋਰਟਸ ਕਲੱਬ ਮੰਡੀ ਕਲਾਂ ਨੇ ਆਖਿਆ ਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਇੱਕ ਅਜਿਹੀ ਹਸਤੀ ਹੋਏ ਹਨ ਜਿਨ੍ਹਾਂ ਆਪਣਾ ਸਮੁੱਚਾ ਜੀਵਨ ਦੇਸ਼ ਅਤੇ ਮਾਨਵਤਾ ਦੀ ਸੇਵਾ ਲਈ ਅਰਪਿਤ ਕਰ ਦਿੱਤਾ। ਉਹਨਾਂ ਗਿਲਾ ਕੀਤਾ ਕਿ ਮਹਾਨ ਨਾਮਧਾਰੀ ਸੰਪਰਦਾ ਨੂੰ ਇਤਿਹਾਸ ਵਿੱਚ ਬਣਦੀ ਜਗ੍ਹਾ ਨਹੀਂ ਮਿਲੀ। ਉਹਨਾਂ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਚਲਾਈ ਨਾ-ਮਿਲਵਰਤਣ ਲਹਿਰ, ਡਾਕ ਪ੍ਰਬੰਧ, ਨਿਆਂ ਪ੍ਰਣਾਲੀ ਤੇ ਵੀ ਚਾਨਣਾ ਪਾਇਆ। ਉਹਨਾਂ ਨਾਮਧਾਰੀ ਪੰਥ ਅੱਗੇ ਬੇਨਤੀ ਕੀਤੀ ਕਿ ਨਸ਼ਿਆਂ ਤੋਂ ਰਹਿਤ ਸਮਾਜ ਦੀ ਸਿਰਜਣਾ ਕਰਨ ਵਿੱਚ ਅੱਗੇ ਆਉਣ।

ਸੂਬਾ ਬਲਵਿੰਦਰ ਸਿੰਘ ਪ੍ਰਧਾਨ ਵਿ : ਨਾ: ਵਿ: ਜੱਥਾ ਜੀ ਨੇ ਸ੍ਰੀ ਹੰਸਪਾਲ ਜੀ ਦਾ ਰਾਮਪੁਰਾ ਫੂਲ ਪਹੁੰਚਣ ਤੇ ਵਿਸ਼ਵ ਨਾਮਧਾਰੀ ਵਿਦਿਅਕ ਜੱਥੇ ਵੱਲੋਂ ਸਵਾਗਤ ਕੀਤਾ ਅਤੇ ਮਹਾਨ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਬਾਰੇ ਦੱਸਿਆ।

ਸ. ਹਰਵਿੰਦਰ ਸਿੰਘ ਹੰਸਪਾਲ ਜੀ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕਰਦਿਆਂ ਫੁਰਮਾਇਆ ਕਿ ਨਾਮਧਾਰੀ ਸ਼ਹੀਦ ਨਾਮਧਾਰੀਆਂ ਦੇ ਸ਼ਹੀਦ ਹੀ ਨਹੀਂ ਸਗੋਂ ਭਾਰਤਵਰਸ਼ ਦੇ ਸ਼ਹੀਦ ਹਨ। ਉਹਨਾਂ ਆਖਿਆ ਕਿ ਇਤਿਹਾਸ ਦੁਬਾਰਾ ਲਿਖਿਆ ਜਾਣਾ ਚਾਹੀਦਾ ਹੈ। ਅੰਗਰੇਜ਼ਾਂ ੧੮੫੭ ਦੇ ਯੁੱਧ ਨੂੰ "ਗਦਰ" ਆਖਿਆ ਤੇ ਅਸੀਂ ਵੀ "ਗਦਰ" ਕਹਿ ਰਹੇ ਹਾਂ, ਜਦੋਂ ਕਿ ਸਾਡੇ ਲਈ ੧੮੫੭ ਦੀ ਲੜਾਈ ਆਜ਼ਾਦੀ ਦੀ ਲੜਾਈ ਸੀ। ਉਹਨਾਂ ਆਖਿਆ ਕਿ ਅੰਗਰੇਜ਼ ਨੇ "ਪਾੜੋ ਤੇ ਰਾਜ ਕਰੋ" ਦੀ ਨੀਤੀ ਤਹਿਤ ਗੁਰੂ ਗੋਬਿੰਦ ਸਿੰਘ ਦੀ ਸਿੱਖੀ ਵਿੱਚ ਵੰਡੀਆਂ ਪਾ ਦਿੱਤੀਆਂ। ਅੱਜ ਸ਼ਹੀਦਾਂ ਸਦਕਾ ਹੀ ਅਸੀਂ ਆਜ਼ਾਦ ਹਾਂ ਅਤੇ ਅਸੀਂ ਅੱਜ ਸਾਹ ਵੀ ਉਹਨਾਂ ਦੀਆਂ ਕੁਰਬਾਨੀਆਂ ਵਿਚੋਂ ਲੈ ਰਹੇ ਹਾਂ। ਉਹਨਾਂ ਆਖਿਆ ਕਿ ਆਜ਼ਾਦੀ ਬਹੁਤ ਔਖੀ ਮਿਲੀ ਹੈ, ਅਜੇ ਤੱਕ ਸਤਿਗੁਰੂ ਰਾਮ ਸਿੰਘ ਜੀ ਦੇ ਸਿੰਘਾਂ ਦੀਆਂ ਅੱਖਾਂ ਵਿਚੋਂ ਅੱਥਰੂ ਨਹੀਂ ਸੁੱਕੇ। ਉਹਨਾਂ ਆਖਿਆ ਕਿ ਇਹ ਸਮਾਗਮ ਸਭ ਲੋਕਾਂ ਦਾ ਸਾਂਝਾ ਹੋਣਾ ਚਾਹੀਦਾ ਹੈ। ਰਾਮਪੁਰਾ ਫੂਲ ਦੀ ਸੰਗਤ ਨੂੰ ਯਾਦਗਾਰ ਬਣਾਉਣ ਸੰਬੰਧੀ ਉਨ੍ਹਾਂ ਆਖਿਆ ਕਿ ਮੈਂ ਤਾਂ ਏਕੜਾਂ ਵਿਚ ਜਗ੍ਹਾ ਦੇਣੀ ਚਾਹੁੰਦਾ ਹਾਂ, ਪਰ ਤੁਸੀਂ ਗਜ਼ਾਂ ਵਿੱਚ ਮੰਗਦੇ ਹੋ।

ਸਮਾਗਮ ਵਿੱਚ ਸ੍ਰੀ ਕਰਮ ਸਿੰਘ ਗਰੇਵਾਲ ਕਮਿਊਨਿਸਟ ਆਗੂ, ਸਤਵੀਰ ਸਿੰਘ ਕਾਂਗਰਸੀ ਆਗੂ, ਬੀਬੀ ਪਰਮਜੀਤ ਕੌਰ ਪੀਰਜ਼ਾਦਾ, ਸ੍ਰੀ ਰਾਮ ਕ੍ਰਿਸ਼ਨ ਵਡਿਆਨ, ਸ੍ਰੀ ਰਾਕੇਸ਼ ਜੀ ਸਹਾਰਾ ਕੰਪਨੀ ਵਾਲੇ, ਸ੍ਰੀ ਨਵਤੇਜ ਸਿੰਘ, ਮਲੇਰਕੋਟਲਾ ਸ਼ਹੀਦੀ ਸਮਾਰਕ ਦੇ ਮਹੰਤ ਜੀ, ਸ੍ਰੀ ਬਲਜੀਤ ਸਿੰਘ ਕੋਠਾ ਗੁਰੂ, ਸ੍ਰੀ ਮਿੱਤਰ ਸੈਨ ਜੀ ਅਤੇ ਸ਼ਹੀਦਾਂ ਦੇ ਪਰਿਵਾਰ ਉਚੇਚੇ ਪਹੁੰਚੇ ਹੋਏ ਸਨ।

ਅੰਤ ਵਿੱਚ ਮਹੰਤ ਜੋਗਾ ਸਿੰਘ ਅਤੇ ਪ੍ਰਧਾਨ ਬਲਦੇਵ ਸਿੰਘ ਨੇ ਆਈ ਸੰਗਤ ਦਾ ਧੰਨਵਾਦ ਕੀਤਾ। ਗੁਰੂ ਕਾ ਲੰਗਰ ਅਟੁਟ ਵਰਤਦਾ ਰਿਹਾ। ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਸਦਕਾ ੨੦ਵਾਂ ਸ਼ਹੀਦੀ ਸਮਾਗਮ ਮਨਾਂ ਤੇ ਅਮਿੱਟ ਛਾਪ ਛੱਡ ਗਿਆ।

*ਡਾ. ਲਖਬੀਰ ਸਿੰਘ*
*੨/੬੭ ਮਹਿਰਾਜ ਬਸਤੀ, ਰਾਮਪੁਰਾ ਫੂਲ*
*ਬਠਿੰਡਾ-੧੫੧੧੦੩*

## ਮਾਸਟਰ ਦਲੀਪ ਸਿੰਘ ਜੀ ਚਲਾਣਾ ਕਰ ਗਏ

ਮਾਣਯੋਗ ਮਾਸਟਰ ਦਲੀਪ ਸਿੰਘ ਜੀ ੧੧.੦੧.੨੦੦੩ ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦੇ ਜਾਣ ਨਾਲ ਸੰਤ ਨਗਰ ਦੇ ਇਲਾਕੇ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਮਾਸਟਰ ਜੀ ਨੇ ੧੬.੧੨.੧੯੨੦ ਨੂੰ ਪਿੰਡ ਸ਼ੇਖੂ, ਜ਼ਿਲ੍ਹਾ ਸਰਗੋਧਾ (ਪਾਕਿਸਤਾਨ) ਵਿਚ ਮਾਤਾ ਰਾਮ ਕੌਰ ਤੇ ਪਿਤਾ ਸੰਤੋਖ ਸਿੰਘ ਜੀ ਦੇ ਘਰ ਜਨਮ ਲਿਆ। ਇਹ ਪਰਿਵਾਰ ਭਾਵੇਂ ਨਾਮਧਾਰੀ ਪਰਿਵਾਰ ਨਹੀਂ ਸੀ ਪਰ ਇਕ ਗੁਰਸਿੱਖ ਪਰਿਵਾਰ ਸੀ। ਆਪ ਦੇ ਪਿਤਾ ਇੰਡੀਅਨ ਆਰਮੀ ਵਿਚ ਸਨ ਅਤੇ ਭਰਾ ਡਾਕਟਰ ਅਤੇ ਏਅਰ ਫੋਰਸ ਵਿਚ। ਮਾਸਟਰ ਜੀ ਆਪ ਆਜ਼ਾਦ ਹਿੰਦ ਫੌਜ ਵਿਚ ਸੁਭਾਸ਼ ਚੰਦਰ ਬੋਸ ਜੀ ਦੀ ਜੀਪ ਚਲਾਉਂਦੇ ਸਨ। ਦੂਜੀ ਵੱਡੀ ਜੰਗ ਵਿਚ ਆਪ ਜੀ ਨੇ ਕੈਦਾਂ ਵੀ ਕੱਟੀਆਂ ਤੇ ਅਨੇਕਾਂ ਤਸੀਹੇ ਵੀ ਝੱਲੇ। ਮਜ਼ਬੂਤ ਸਰੀਰ ਅਤੇ ਦ੍ਰਿੜ੍ਹ ਨਿਸ਼ਚਾ ਉਨ੍ਹਾਂ ਨੂੰ ਕਦੇ ਵੀ ਡੋਲਣ ਨਹੀਂ ਸੀ ਦਿੰਦਾ।

ਦੇਸ਼ ਆਜ਼ਾਦ ਹੋਇਆ ਤਾਂ ਵੰਡ ਤੋਂ ਬਾਅਦ ਆਪ ਜੀ ਦਿੱਲੀ ਆ ਵਸੇ। ਏਥੇ ਆ ਕੇ ਆਪ ਜੀ ਇਕ ਮੋਟਰ ਕੰਪਨੀ ਵਿਚ ਨੌਕਰੀ ਕਰਨ ਲੱਗ ਪਏ। ਇਕ ਦਿਨ ਉਥੇ ਸੇਠ ਤ੍ਰਿਲੋਕ ਸਿੰਘ ਜੀ (ਨਾਮਧਾਰੀ) ਕਾਰ ਖਰੀਦਣ ਆਏ। ਆਪ ਜੀ ਦੀ ਗੱਲਬਾਤ ਤੋਂ ਸੇਠ ਜੀ ਬਹੁਤ ਪ੍ਰਭਾਵਤ ਹੋਏ। ਉਨ੍ਹਾਂ ਆਪ ਜੀ ਨੂੰ ਆਪਣੇ ਪਾਸ ਡਰਾਈਵਰ ਵਜੋਂ ਕੰਮ ਕਰਨ ਦਾ ਸੱਦਾ ਦਿੱਤਾ। ਆਪ ਜੀ ਨੂੰ ਸੇਠ ਹੁਰਾਂ ਪਾਸ ਪਹਿਲੀ ਵਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਸੱਚੇ ਪਾਤਸ਼ਾਹ ਜੀ ਜਦੋਂ ਵੀ ਦਿੱਲੀ ਦਰਸ਼ਨ ਦਿੰਦੇ ਤਾਂ ਸੇਠ ਤ੍ਰਿਲੋਕ ਸਿੰਘ ਜੀ ਦੇ ਘਰ ਵਿਚ ਵੀ ਦਰਸ਼ਨ ਦਿੰਦੇ ਸਨ। ਸੇਠ ਹੁਰਾਂ ਦੀ ਕਾਰ ਵਿਚ ਆਪ ਸ੍ਰੀ ਸਤਿਗੁਰੂ ਜੀ ਸਵਾਰੀ ਕਰਦੇ ਤਾਂ ਸਮੇਂ



Sri Satguru Jagjit Singh Ji eLibrary NamdhariElibrary@gmail.com

ਸਮੇਂ ਮਾਸਟਰ ਜੀ ਨੂੰ ਸਤਿਗੁਰੂ ਜੀ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋ ਜਾਂਦਾ। ਇਕ ਦਿਨ ਸੱਚੇ ਪਾਤਸ਼ਾਹ ਜੀ ਨੇ ਬਚਨ ਕੀਤਾ 'ਭਾਈ ਸਿੱਖਾ ਕਿੰਨਾ ਪੜ੍ਹਿਆ ਹੈਂ ?' ਤਾਂ ਮਾਸਟਰ ਜੀ ਨੇ ਉੱਤਰ ਵਿਚ ਦੱਸਿਆ ਕਿ ਦਸਵੀਂ ਪਾਸ ਹਾਂ। ਸੱਚੇ ਪਾਤਸ਼ਾਹ ਜੀ ਨੇ ਫੁਰਮਾਇਆ ਕਿ 'ਸ੍ਰੀ ਜੀਵਨ ਨਗਰ ਸਕੂਲ ਖੋਲ੍ਹਣਾ ਹੈ ਤੁਸੀਂ ਉਥੇ ਮਾਸਟਰ ਲਗੋਗੇ ?' ਮਾਸਟਰ ਜੀ ਕੁਝ ਸਸ਼ੋਪੰਜ ਵਿਚ ਪੈ ਗਏ ਤੇ ਕੋਈ ਢੁਕਵਾਂ ਉੱਤਰ ਨਾ ਦੇ ਸਕੇ ਤੇ ਕਿਹਾ ਕਿ ਜੀ (ਘਰੋਂ) ਘਰ ਵਾਲੀ ਨਾਲ ਸਲਾਹ ਕਰਕੇ ਦੱਸਾਂਗਾ। ਘਰ ਜਾ ਕੇ ਸਲਾਹ ਕੀਤੀ, ਘਰ ਦੇ ਉਦੋਂ ਨਾਮਧਾਰੀਆਂ ਬਾਰੇ ਕੋਈ ਜਾਣਕਾਰੀ ਨਹੀਂ ਸਨ ਰੱਖਦੇ। ਪਹਿਲਾਂ ਪਿੰਡਾਂ ਵਿਚੋਂ ਆਏ ਸਨ-ਮਸਾਂ ਦਿੱਲੀ ਠਉਰ ਮਿਲਿਆ ਸੀ, ਅਜੇ ਪਾਕਿਸਤਾਨ ਦਾ ਉਜਾੜਾ ਨਹੀਂ ਸਨ ਭੁੱਲੇ। ਪੇਕੇ ਸਹੁਰੇ ਪਰਿਵਾਰਾਂ ਨੂੰ ਛੱਡ ਕੇ ਨਵੀਂ ਜਗ੍ਹਾ ਜਾਣ ਨੂੰ ਮਨ ਨਾ ਕੀਤਾ, ਬੀਬੀ ਜੀ ਵੀ ਰਾਜ਼ੀ ਨਾ ਹੋਏ। ਆਪ ਜੀ ਨੇ ਅਜੇ ਕੁਝ ਦਿਨ ਸੋਚਣ ਦਾ ਸਮਾਂ ਹੋਰ ਮੰਗਿਆ। ਭਾਣਾ ਪ੍ਰਮੇਸਰ ਦਾ ਕਿ ਇਕ ਮਸ਼ੀਨ ਐਕਸੀਡੈਂਟ ਨਾਲ ਆਪ ਜੀ ਦਾ ਸੱਜਾ ਹੱਥ ਕੱਟ ਗਿਆ। ਹੁਣ ਸਤਿਗੁਰੂ ਜੀ ਨੇ ਆਪ ਜੀ ਦੇ ਘਰ ਪਟੇਲ ਨਗਰ ਵਿਖੇ ਜਾ ਦਰਸ਼ਨ ਦਿੱਤੇ ਤੇ ਬਚਨ ਕੀਤਾ ਕਿ ਤੁਸੀਂ ਫਿਕਰ ਨਾ ਕਰੋ, ਅਸਾਂ ਤੁਹਾਨੂੰ ਆਪਣੇ ਕੋਲ ਸ੍ਰੀ ਜੀਵਨ ਨਗਰ ਲੈ ਜਾਣਾ ਹੈ ਤੇ ਮਾਸਟਰ ਲਗਾਣਾ ਹੈ। ਇਸ ਮੌਕੇ ਮਾਸਟਰ ਜੀ ਦੀ ਘਰਵਾਲੀ ਬੀਬੀ ਜੀ ਨੇ ਸ੍ਰੀ ਸਤਿਗੁਰੂ ਜੀ ਨੂੰ ਪੰਜ ਰੁਪਏ ਅਤੇ ਬਦਾਮ ਰੱਖ ਕੇ ਮੱਥਾ ਟੇਕਿਆ ਤਾਂ ਪਾਤਸ਼ਾਹ ਜੀ ਨੇ ਬਚਨ ਕੀਤਾ ਕਿ 'ਬੀਬੀ ਮੈਂ ਦੇਣ ਆਇਆ ਹਾਂ, ਲੈਣ ਨਹੀਂ।'

ਇਹ ੧੯੫੪ ਦੀ ਗੱਲ ਹੈ ਜਦੋਂ ਆਪ ਜੀ ਨੂੰ ਸ੍ਰੀ ਸਤਿਗੁਰੂ ਪ੍ਰਤਾਪਸਿੰਘ ਜੀ ਸ੍ਰੀ ਜੀਵਨ ਨਗਰ ਨਾਲ ਲੈ ਗਏ। ਸੰਤ ਨਗਰ ਡੇਰਾ ਦਿੱਤਾ ਤੇ ਸਕੂਲ ਮਾਸਟਰ ਲਗਾਇਆ ਜਿਵੇਂ ਕਿ ਪਹਿਲਾਂ ਦੱਸ ਚੁੱਕੀ ਹਾਂ ਕਿ ਆਪ ਗੈਰ ਨਾਮਧਾਰੀ ਪਰਿਵਾਰਾਂ ਵਿਚੋਂ ਸਨ, ਪਰ ਸਤਿਗੁਰੂ ਜੀ ਦਾ ਪ੍ਰਤਾਪ ਆਪ ਜੀ ਦੇ ਧੁਰ ਅੰਦਰ ਤੱਕ ਨੂੰ ਪ੍ਰਭਾਵਤ ਕਰੀ ਜਾ ਰਿਹਾ ਸੀ। ਹੁਣ ਆਪ ਪੱਕੇ ਨਾਮਧਾਰੀ ਸਿੱਖ ਸਜ ਗਏ। ਸੰਤ ਨਗਰ ਸੰਤਾਂ ਦਾ ਡੇਰਾ ਸੀ, ਵੱਡੇ ਵੱਡੇ ਸੰਤ ਉਥੇ ਨਿਵਾਸ ਰੱਖਦੇ ਸਨ, ਆਪ ਜੀ ਉਹਨਾਂ ਦੀ ਸੰਗਤ ਵਿਚ ਰਹੇ। ਸਤਿਗੁਰੂ ਜੀ ਨੇ ਬਹੁਤ ਧਿਆਨ ਰੱਖਿਆ। ਕਿਸੇ ਚੀਜ਼ ਦੀ ਕਦੇ ਥੋੜ ਨਹੀਂ ਆਉਣ ਦਿੱਤੀ। ਇਹ ਅਤਿਕਥਨੀ ਨਹੀਂ ਹੈ ਕਿ ਸੰਤ ਨਗਰ ਰਹਿੰਦਿਆਂ ਆਪ ਜੀ ਨੇ ਲਗਾਤਾਰ ੪੦ ਸਾਲ ਤੋਂ ਜ਼ਿਆਦਾ ਸਮਾਂ ਸੋਧ ਮਰਿਆਦਾ ਰੱਖੀ। ਲੋਭ, ਮੋਹ, ਹੰਕਾਰ, ਗਿਲਾ, ਗੁੱਸਾ ਆਪ ਜੀ ਦੇ ਕਦੇ ਨੇੜੇ ਨਹੀਂ ਸੀ ਆਇਆ। ਆਪ ਸੇਵਾ ਕਰਕੇ ਖੁਸ਼ ਹੁੰਦੇ ਸਨ ਤੇ ਦਾਨ ਕਰਕੇ ਦੱਸਦੇ ਨਹੀਂ ਸਨ। ਹਰ ਪੱਖੋਂ ਉੱਤਮ ਜੀਵਨ ਸੀ, ਦੇਸੀ ਨੁਸਖੇ ਆਪ ਜੀ ਦੇ ਬਹੁਤ ਲਾਭਕਾਰੀ ਸਨ। ਆਪ ਜੀ ਦੇ ਜਾਣ ਨਾਲ ਸਾਡੇ ਕੋਲੋਂ ਇਕ ਉਚ ਹਸਤੀ ਚਲੀ ਗਈ ਹੈ। ਆਪ ਜੀ ਦੇ ਬੱਚੇ ਦਿੱਲੀ ਅਤੇ ਬੈਂਕਾਕ ਵਿਚ ਸੁਖੀ ਜੀਵਨ ਬਤੀਤ ਕਰ ਰਹੇ ਹਨ। ਹਰ ਵੇਲੇ ਆਪ ਜੀ ਵਲੋਂ ਦਿੱਤੀ ਚੰਗੀ ਮੱਤ ਦੀ ਪਾਲਣਾ ਕਰਦੇ ਹਨ। ਆਪ ਜੀ ਨੇ ਦੇਸ਼ ਸੇਵਾ ਕੀਤੀ ਪਰ ਸਰਕਾਰ ਕੋਲੋਂ ਕੋਈ ਪੈਨਸ਼ਨ ਨਹੀਂ ਲਈ—

ਆਪ ਜੀ ਦੇ ਨਮਿਤ ਭੋਗ ਮੇਲਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਗਿਆ ਨਾਲ ਸੰਤ ਨਗਰ ਵਿਖੇ ੧੯.੦੧.੨੦੦੩ ਨੂੰ ਕੀਤਾ ਗਿਆ। ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸੰਤ ਗੁਰਮੁਖ ਸਿੰਘ ਦੇ ਜੱਥੇ ਨੇ ਕੀਤਾ। ਬਾਅਦ ਵਿਚ ਜਥੇਦਾਰਾਂ ਦੇ ਦੀਵਾਨ ਲੱਗੇ। ਜਥੇਦਾਰ ਗੁਰਬਚਨ ਸਿੰਘ ਅਤੇ ਜੋਗਿੰਦਰ ਸਿੰਘ ਮੁਕਤਾ ਨੇ ਪ੍ਰਭਾਵਸ਼ਾਲੀ ਸ਼ਬਦ ਗਾਇਨ ਕੀਤੇ। ਮਾਸਟਰ ਅਮਰੀਕ ਸਿੰਘ ਹੁਰਾਂ ਆਪ ਜੀ ਦੇ ਜੀਵਨ ਤੇ ਝਾਤ ਪਾਉਂਦੇ ਹੋਏ ਇਕ ਕਵਿਤਾ ਪੜ੍ਹਕੇ ਆਪਣੇ ਸ਼ਰਧਾ ਦੇ ਫੁੱਲ ਭੇਟ ਕੀਤੇ। ਸ੍ਰੀ ਆਦਿ ਗ੍ਰੰਥ ਸਾਹਿਬ ਜੀ ਦੇ ਭੋਗ ਪਾਏ ਗਏ ਤੇ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਸਾਰਾ ਦਿਨ ਗੁਰੂ ਕਾ ਲੰਗਰ ਅਤੁਟ ਚਲਦਾ ਰਿਹਾ। ਸੰਤ ਨਗਰ ਨਿਵਾਸੀਆਂ ਨੇ ਮੇਲੇ ਵਿਚ ਏਨੀ ਸੇਵਾ ਕੀਤੀ ਕਿ ਲਿਖੀ ਅਤੇ ਦੱਸੀ ਨਹੀਂ ਜਾ ਸਕਦੀ। ਦੂਰੋਂ ਨੇੜਿਓਂ ਦੀ ਸੰਗਤ ਤੋਂ ਇਲਾਵਾ ਰਿਸ਼ਤੇਦਾਰ, ਭੈਣ-ਭਰਾ ਤੇ ਸਾਰੇ ਬੱਚੇ ਦੇਸ਼ ਵਿਦੇਸ਼ ਵਿਚੋਂ ਪਹੁੰਚੇ। ਇਕ ਭਾਰੀ ਮੇਲਾ ਬਣ ਗਿਆ ਉਹਨਾਂ ਦੀ ਯਾਦ ਵਿਚ ਕਿਉਂ ਜੋ ਉਹ ਉੱਚ ਕੋਟੀ ਦੇ ਮਨੁੱਖ ਸਨ, ਉਚ ਕੋਟੀ ਦੇ ਸੰਤ ਸਨ।

ਮੈਂ ਆਪਣੇ ਆਪ ਨੂੰ ਵੱਡਭਾਗੀ ਸਮਝਦੀ ਹਾਂ, ਜੋ ਉਨ੍ਹਾਂ ਦੀ ਨੂੰਹ ਬਣ ਕੇ ਉਨ੍ਹਾਂ ਦੀ ਸ਼ਰਨ ਵਿਚ ਰਹੀ। ਮਾਸਟਰ ਜੀ ਪਿੱਛੇ ਵੱਡਾ ਪਰਿਵਾਰ ਛੱਡ ਗਏ ਹਨ। ਆਪ ਜੀ ਦੇ ਪੋਤੇ-ਪੋਤੀਆਂ, ਇੰਗਲੈਂਡ, ਕੈਨੇਡਾ, ਆਸਟਰੇਲੀਆ, ਬੈਂਕਾਕ ਵਿਚ ਵਸਦੇ ਹਨ ਅਤੇ ਪੂਰੇ ਗੁਰਸਿੱਖ ਹਨ। ਇਹ ਆਪ ਜੀ ਦੇ ਸੰਸਕਾਰਾਂ ਸਦਕਾ ਹੀ ਹੈ ਕਿ ਆਪ ਜੀ ਦਾ ਪੋਤਰਾ ਸਤਵਿੰਦਰ ਸਿੰਘ ਥਾਈਲੈਂਡ ਵਿਚ 'ਸਤਿਜੁਗ' ਦੇ ਪ੍ਰਤੀਨਿਧੀ ਹਨ ਅਤੇ ਨਾਮਧਾਰੀ ਸੰਗਤ ਆਫ ਥਾਈਲੈਂਡ ਦੇ ਮੈਂਬਰ ਵੀ ਹਨ।

*—ਬੀਬੀ ਸਿੰਦਰ ਕੌਰ (ਦਿੱਲੀ)*

## ਬੰਡਾ (ਯੂ.ਪੀ.) ਵਿਖੇ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਦਿਵਸ

ਬੰਡਾ (ਯੂ.ਪੀ.)—ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਇਥੋਂ ਦੀ ਸਾਧ ਸੰਗਤ ਨੇ ਰਲ ਮਿਲ ਕੇ ਬਸੰਤ ਦੇ ਅਵਤਾਰ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਪੁਰਬ ਬੜੀ ਧੂਮਧਾਮ ਨਾਲ



Sri Satguru Jagjit Singh Ji eLibrary NamdhariElibrary@gmail.com

ਮਨਾਇਆ। ਯਾਦ ਰਹੇ ਇਹ ਸਮਾਗਮ ਤਕਰੀਬਨ ੪੯ ਸਾਲ ਪਹਿਲਾਂ ਸੰਤ ਹਰੀ ਸਿੰਘ ਮਠਾਰੂ ਨੇ ਆਪਣੇ ਸਪੁੱਤਰ ਰਤਨ ਸਿੰਘ ਮਠਾਰੂ ਦੇ ਕਹਿਣ ਉੱਤੇ ਮਨਾਉਣਾ ਸ਼ੁਰੂ ਕੀਤਾ ਸੀ, ਪਰ ਰਤਨ ਸਿੰਘ ਮਠਾਰੂ ਹੋਰੀਂ ਆਪਣੀ ਜ਼ਿੰਦਗੀ ਦੇ ਗਿਆਰਾਂ ਸਾਲ ਹੀ ਇਹ ਪੂਰਬ ਮਨਾ ਸਕੇ। ਸੰਤ ਹਰੀ ਸਿੰਘ ਮਠਾਰੂ ਆਪਣੀ ਜ਼ਿੰਦਗੀ ਦੇ ਆਖਰੀ ਸਾਲ ਤੱਕ ਮਨਾਉਂਦੇ ਰਹੇ। ਹੁਣ ਉਹਨਾਂ ਦੇ ਸਪੁੱਤਰ ਕੁਲਦੀਪ ਸਿੰਘ ਮਠਾਰੂ ਆਪਣੇ ਪਿਤਾ ਜੀ ਦੀ ਚਲਾਈ ਹੋਈ ਰੀਤੀ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਕਦਾ ਹਰ ਸਾਲ ਇਹ ਪੁਰਬ ਮਨਾਉਂਦੇ ਹਨ।

ਇਹ ਪੁਰਬ ਦਾ ਆਰੰਭ ੪ ਫਰਵਰੀ ੨੦੦੩ ਨੂੰ ਲਖੀਮਪੁਰ ਗੋਲਾ ਤੋਂ ਆਏ ਪਾਠੀਆਂ ਨੇ ਸੋਧ ਰੱਖ ਕੇ ਪੂਰਨ ਗੁਰ-ਮਰਿਆਦਾ ਨਾਲ ਅਖੰਡ ਪਾਠ ਰੱਖ ਕੇ ਕੀਤਾ। ੫ ਫਰਵਰੀ ਨੂੰ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਜਥੇਦਾਰ ਇਕਬਾਲ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਕੀਤਾ। ਅਗਲੇ ਦਿਨ ੬ ਫਰਵਰੀ ਨੂੰ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਜਥੇਦਾਰ ਸਰਬਵੀਰ ਸਿੰਘ ਰਾੜੇਵਾਲਿਆਂ ਨੇ ਕੀਤਾ। ਉਪਰੰਤ ਅਖੰਡ-ਪਾਠ ਸਾਹਿਬ ਦੇ ਭੋਗ ਪਾਏ ਗਏ। ਭੋਗ ਤੋਂ ਬਾਅਦ ਸਭ ਤੋਂ ਪਹਿਲਾਂ ਜਥੇਦਾਰ ਸਰਬਵੀਰ ਸਿੰਘ ਨੇ ਆਪਣੇ ਜਥੇ ਨਾਲ ਦੀਵਾਨ ਲਾਇਆ। ਉਨ੍ਹਾਂ ਸਤਿਗੁਰੂ ਰਾਮ ਸਿੰਘ ਜੀ ਬਾਰੇ ਦੱਸਦਿਆਂ ਕਿਹਾ ਕਿ ਉਨ੍ਹਾਂ ਕਿ ਸਾਨੂੰ ਸਾਦਾ ਜੀਵਨ ਵਿਚ ਰਹਿਣ ਲਈ ਕਿਹਾ ਹੈ। ਮਾਸ-ਸ਼ਰਾਬ ਦਾ ਤਿਆਗ ਕਰਨਾ ਚਾਹੀਦਾ ਹੈ। ਸਾਨੂੰ ਦਾੜ੍ਹੀ ਕੇਸ ਨਹੀਂ ਕਟਵਾਉਣੇ ਚਾਹੀਦੇ। ਜਥੇਦਾਰ ਹੋਰਾਂ ਅੱਗੇ ਹੋਰ ਕਿਹਾ ਕਿ ਜਿਸ ਤਰ੍ਹਾਂ ਨਾਮਧਾਰੀਆਂ ਦੇ ਵਿਆਹ ਘੱਟ-ਖਰਚ ਅਤੇ ਸਮੂਹ ਵਿਆਹ ਹੁੰਦੇ ਹਨ ਸਾਨੂੰ ਵੀ ਇਨ੍ਹਾਂ ਤੋਂ ਸਿੱਖਿਆ ਲੈਣੀ ਚਾਹੀਦੀ ਹੈ ਅਤੇ ਬਹੁਤੇ ਰਸਮਾਂ-ਰਿਵਾਜਾਂ ਵਿਚ ਨਹੀਂ ਪੈਣਾ ਚਾਹੀਦਾ।

ਉਸ ਤੋਂ ਬਾਅਦ ਜਥੇਦਾਰ ਇਕਬਾਲ ਸਿੰਘ ਨੇ ਦੀਵਾਨ ਲਾਇਆ। ਉਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਉੱਤੇ ਅਤੇ ਨਾਮਧਾਰੀ ਇਤਿਹਾਸ ਉੱਤੇ ਚਾਨਣਾ ਪਾਇਆ। ਜਥੇਦਾਰ ਇਕਬਾਲ ਸਿੰਘ ਜੀ ਦੇ ਦੀਵਾਨ ਤੋਂ ਪ੍ਰਭਾਵਿਤ ਹੋ ਕੇ ਕਈ ਸਰੀਰਾਂ ਨੇ ਭਜਨ ਲਿਆ ਤੇ ਅੰਮ੍ਰਿਤ ਛਕਿਆ।

ਇਸ ਸਮਾਗਮ ਵਿਚ ਲਖੀਮਪੁਰ, ਭੀਰ, ਪਲੀਆ, ਖੁਟਾਰ, ਪੂਰਨਪੁਰ, ਪੂਰਣੀਆਂ ਤੋਂ ਸਾਧ ਸੰਗਤ ਨੇ ਹੁੰਮ-ਹੁੰਮਾ ਕੇ ਹਿੱਸਾ ਲਿਆ। ਆਈ ਸਾਧ ਸੰਗਤ ਦੀ ਸੇਵਾ ਬੰਡੇ ਨਿਵਾਸੀਆਂ ਅਤੇ ਦੁਕਾਨਦਾਰਾਂ ਨੇ ਤਨੋ ਮਨੋ ਕੀਤੀ।

*ਸੰਤ ਕਪੂਰ ਸਿੰਘ ਮਸਤਾਨਾ*
*ਹਰੀਪੁਰ*

## ਪ੍ਰਤੀਕਿਰਿਆ

ਫ਼ਰਵਰੀ ਦੇ 'ਵਰਿਆਮ' ਵਿੱਚ ਸ੍. ਜਗਦੀਸ਼ ਸਿੰਘ ਨੇ ਪ੍ਰੋ. ਕਸੇਲ ਸਾਹਿਬ ਬਾਰੇ ਜੋ ਜਾਣਕਾਰੀ ਦਿੱਤੀ ਹੈ ਖ਼ੂਬਸੂਰਤ ਅਤੇ ਲਾਹੇਵੰਦੀ ਹੈ। ਨਿਰਸੰਦੇਹ ਪ੍ਰੋ. ਕਸੇਲ ਸਾਹਿਬ ਦਾ ਜੀਵਨ ਇਕ ਕਰਮਯੋਗੀ ਦਾ ਜੀਵਨ ਹੈ। ਉਨ੍ਹਾਂ ਨੇ ਮਾਂ-ਬੋਲੀ ਪੰਜਾਬੀ ਦੀ ਭਰਪੂਰ ਸੇਵਾ ਕੀਤੀ ਹੈ। ਖ਼ਾਸਕਰ ਪ੍ਰੋ. ਪੂਰਨ ਸਿੰਘ ਦੀ ਰਚਨਾ ਉਪਰ ਉਨ੍ਹਾਂ ਦਾ ਕੰਮ ਮਹਾਨ ਅਤੇ ਵੱਡਮੁੱਲਾ ਹੈ। ਬਾਹਰਲੇ ਨੈਣਾਂ ਬ਼ਗੈਰ ਹੀ ਤੀਜੇ ਨੇਤਰ ਦੁਆਰਾ ਕਾਰਜ ਕਰੀਂ ਜਾਣਾ ਇੱਕ ਵੱਡੀ ਸੂਰਮਗਤੀ ਹੈ ਜਿਸ ਦੀ ਪ੍ਰਸੰਸਾ ਕਰਨੀ ਬਣਦੀ ਹੈ। ਕੁਝ ਵਰ੍ਹੇ ਪਹਿਲਾਂ ਉਨ੍ਹਾਂ ਨੂੰ ਸਾਹਿਤ ਸਭਾ ਫ਼ਰੀਦਕੋਟ ਵੱਲੋਂ ਬਿਸਮਿਲ ਫ਼ਰੀਦਕੋਟੀ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਉਸ ਮੌਕੇ ਬੀਬੀ ਪ੍ਰਕਾਸ਼ ਕੌਰ ਹਮਦਰਦ ਕਹਿ ਰਹੇ ਸਨ ਕਿ ਕਸੇਲ ਸਾਹਿਬ ਦਾ ਸਨਮਾਨ ਕਰਕੇ ਤਾਂ ਅਸੀਂ ਖ਼ੁਦ ਸਨਮਾਨਿਤ ਹੋ ਰਹੇ ਹਾਂ। ਸੋ ਪ੍ਰੋ: ਕਸੇਲ ਸਾਹਿਬ ਵਰਗੇ ਕਲਮੀ ਯੋਧਿਆਂ ਤੇ ਸਾਨੂੰ ਮਾਣ ਹੈ। ਫੇਰ, ਉਨ੍ਹਾਂ ਦੀ ਸਾਦਗੀ ਕਮਾਲ ਦੀ ਹੈ। ਫ਼ਰੀਦਕੋਟ ਵਾਲੇ ਸਮਾਗਮ ਸਮੇਂ ਉਹ ਮੇਰੇ ਪਾਸ ਹੀ ਠਹਿਰੇ ਸਨ। ਉਨ੍ਹਾਂ ਦੇ ਹਮਰਾਹ ਇੱਕ ਨਾਮਧਾਰੀ ਸੱਜਣ ਸੀ ਜੋ ਉਨ੍ਹਾਂ ਦੇ ਸਹਾਇਕ ਵਜੋਂ ਸੀ। ਮੈਂ ਉਨ੍ਹਾਂ ਦੀ ਰਿਹਾਇਸ਼ ਦਾ ਪ੍ਰਬੰਧ ਕਿਸੇ ਸੱਜਣ ਦੀ ਖ਼ੂਬਸੂਰਤ ਕੋਠੀ ਵਿੱਚ ਕਰਵਾ ਦਿੱਤਾ ਸੀ। ਕਸੇਲ ਸਾਹਿਬ ਕਹਿਣ ਲੱਗੇ, "ਨਵਰਾਹੀ ਜੀ, ਮੈਨੂੰ ਕੋਠੀ ਜਾਂ ਹੋਰ ਸਹੂਲਤਾਂ ਦੀ ਲੋੜ ਨਹੀਂ। ਮੈਂ ਤਾਂ ਅਲਪ-ਆਹਾਰੀ ਬੰਦਾ ਹਾਂ। ਮੈਂ ਤਾਂ ਤੁਹਾਡੇ ਪਾਸ ਹੀ ਠਹਿਰਾਂਗਾ....ਜੋ ਗੱਲ ਮੈਂ ਤੁਹਾਡੇ ਨਾਲ ਕਰ ਸਕਦਾ ਹਾਂ ਕਿਸੇ ਹੋਰ ਸੱਜਣ ਨਾਲ ਨਹੀਂ.....!" ਉਨ੍ਹਾਂ ਸਵੱਖਤੇ ਉਠ ਕੇ ਇਸ਼ਨਾਨ ਕਰਕੇ ਨਾਮ ਜਪਣਾ ਸੀ। ਮੈਂ ਕਿਹਾ ਕਿ ਮੈਂ ਸੁਬਹ ਉਠ ਕੇ ਗਰਮ ਪਾਣੀ ਦਾ ਪ੍ਰਬੰਧ ਕਰ ਦਿਆਂਗਾ। ਕਹਿਣ ਲੱਗੇ, ਖੇਚਲ ਨਾ ਕਰਨਾ ਅਸੀਂ ਆਪੇ ਕਰ ਲਵਾਂਗੇ। ਮੈਂ ਹੱਸ ਕੇ ਕਿਹਾ, "ਇਸ ਤਰ੍ਹਾਂ ਨਹੀਂ ਹੋਣਾ। ਤੁਸੀਂ ਸਾਡੇ ਮਹਿਮਾਨ ਹੋ, ਸਾਡਾ ਵੀ ਤਾਂ ਫ਼ਰਜ਼ ਬਣਦਾ ਹੈ ਕੁਝ ਕਰੀਏ। ਬਾਕੀ ਜੋ ਤੁਸੀਂ ਮਾਲਾ ਫੇਰਨੀ ਹੈ ਉਸ ਵਿੱਚੋਂ ਕੁਝ ਪ੍ਰਤੀਸ਼ਤ ਮੈਨੂੰ ਮਿਲ ਜਾਏਗਾ।"

ਪਹਿਲਾਂ ਜਦੋਂ ਸੰਤੋਖ ਸਿੰਘ ਧੀਰ ਫ਼ਰੀਦਕੋਟ ਆਉਂਦੇ ਸਨ ਤਾਂ ਮੇਰੇ ਪਾਸ ਠਹਿਰ ਕੇ ਹੀ ਖ਼ੁਸ਼ ਹੁੰਦੇ ਸਨ। ਇੱਕ ਵਾਰੀ ਪ੍ਰਿੰ. ਸੁਜਾਨ ਸਿੰਘ ਵੀ ਮੇਰੇ ਪਾਸ ਰਾਤ ਰਹੇ ਸਨ। ਉਨ੍ਹਾਂ ਨੇ ਫ਼ਰੀਦਕੋਟ ਦੇ ਤਤਕਾਲ ਡਿਪਟੀ ਕਮਿਸ਼ਨ ਸ੍. ਭਗਤ ਸਿੰਘ ਨੂੰ ਮਿਲਣਾ



Sri Satguru Jagjit Singh Ji eLibrary NamdhariElibrary@gmail.com

ਸੀ। ਉਹ ਵੀ ਬੜੇ ਫੱਕਰ ਤਬੀਅਤ ਇਨਸਾਨ ਸਨ। ਸੋ ਸਾਨੂੰ ਪ੍ਰੋ. ਕਸੇਲ ਜੀ ਦੇ ਸੰਗਰਾਮੀ ਜੀਵਨ ਉਪਰ ਫ਼ਖ਼ਰ ਹੈ। ਵਾਹਿਗੁਰੂ ਉਨ੍ਹਾਂ ਨੂੰ ਚੰਗ਼ੇਰੀ ਸਿਹਤ ਤੇ ਲਮੇਰੀ ਆਯੂ ਦੇਵੇ ਤਾਂ ਕਿ ਉਹ ਪੰਜਾਬੀ ਸਾਹਿਤ ਦੀ ਹੋਰ ਸੇਵਾ ਕਰ ਸਕਣ।

*ਨਵਰਾਹੀ ਘੁਗਿਆਣਵੀ*
*ਨਹਿਰ ਨਜ਼ਾਰਾ, ਨਿਊ ਹਰਿੰਦਰ ਨਗਰ*
*ਫ਼ਰੀਦਕੋਟ-੧੫੧੨੦੩*

-0-

ਵਰਿਆਮ ਬਕਾਇਦਾ ਮਿਲ ਰਿਹਾ ਹੈ ਮੈਟਰ ਸ਼ਲਾਘਾਯੋਗ ਹੁੰਦਾ ਹੈ। ਕਸੇਲ ਸਾਹਿਬ ਬਾਰੇ ਤੁਸੀਂ ਬਹੁਤ ਚਾਨਣਾ ਪਾਇਆ ਹੈ। ਮੁਬਾਰਕਾ **—*ਇੰਦਰਜੀਤ ਹਸਨਪੁਰੀ*,** *ਲੁਧਿਆਣਾ*

-0-

ਆਰਸੀ ਤੋਂ ਬਾਅਦ ਤੁਹਾਡਾ ਸਾਡਾ ਮੇਰਾ 'ਵਰਿਆਮ' ਹੀ ਇਕੋ ਇਕ ਅਜਿਹਾ ਪਰਚਾ ਹੈ, ਜੋ ਮਹੀਨੇ ਦੇ ਆਗਾਜ਼ ਤੋਂ ਪਹਿਲਾਂ ਦੀ ਦਰਾਂ ਤੇ ਦਸਤਕ ਦੇ ਦਿੰਦਾ ਹੈ। ਪੜ੍ਹਨ ਪ੍ਰਕਰਣ ਵੀ ਚੰਗਾ ਹੁੰਦਾ ਹੈ। ਬੱਸ ਕਈ ਵਾਰ ਲਿਖਣ ਲਿਖਣ ਕਰਦਿਆਂ ਰਹਿ ਜਾਂਦਾ ਹੈ। ***ਗੁਲਵੰਤ ਫ਼ਾਰਿਗ, ਦਿੱਲੀ***

-0-

ਵਰਿਆਮ ਮਿਲ ਗਿਆ, ਪੜ੍ਹ ਕੇ ਬੜਾ ਹੀ ਆਨੰਦ ਆਇਆ, 'ਤਰਸ' ਜੀ ਦੀ ਤਸਵੀਰ ਕਦੀ ਛਾਪਣ ਦੀ ਕ੍ਰਿਪਾ ਕਰਨੀ ਜੀ ਮੁੱਦਤਾਂ ਹੀ ਹੋ ਗਈਆਂ ਨੇ ਉਨ੍ਹਾਂ ਨੂੰ ਮਿਲਿਆਂ। ੧੯੮੩ ਵਿੱਚ ਦਾਸ ਅਸਟ੍ਰੇਲੀਆ ਗਿਆ ਸਾਂ ਪਰ ਉਸ ਵੇਲੇ ਉਨਾਂ ਦਸਿਆ ਕਿ ਉਹ ਸਿਡਨੀ ਤੋਂ ਬਾਹਰ ਕਿਸੇ ਨਵੇਂ ਵਸੇ ਇਲਾਕੇ ਵਿੱਚ ਰਹਿ ਰਹੇ ਹਨ ਦਰਸ਼ਨ ਨਹੀਂ ਹੋਏ। 'ਵਰਿਆਮ' ਦੀ ਇਹ ਵੀ ਬਹੁਤ ਵੱਡੀ ਦੇਣ ਹੈ ਕਿ ਵਿਛੜਿਆਂ ਨੂੰ ਮੇਲਦਾ ਰਹਿੰਦਾ ਹੈ। ਪੁਰਾਣੀਆਂ ਯਾਦਾਂ ਤਾਜ਼ੀਆਂ ਹੁੰਦੀਆਂ ਰਹਿੰਦੀਆਂ ਹਨ ਜਿਵ੍ਹੇਂ ਆਪ ਜੀ ਨੇ ਸ: ਲਾਲ ਸਿੰਘ ਕੰਵਰ ਦੀ ਕਵਿਤਾ ਛਾਪੀ ਹੈ ਜੀ ਦਾਸ ਨੇ ਆਖ ਜੀ ਨੂੰ ਸਿਖ ਸੰਪਰਦਾ 'ਗੁਰੂ ਨਾਨਕ ਨਾਮ ਲੈਵਾ ਕਾਨਫਰੰਸ' ਵਾਰੇ ਖੋਜ ਭਰਪੂਰ ਲੇਖ ਭੇਜਿਆ ਸੀ। ੧੮ ਅਕਤੂਬਰ ੧੯੩੪ ਦੀ ਅਖ਼ਬਾਰ THE TRIBUNE ਵਿੱਚ ਪਹਿਲੇ ਦਿਨ ਦੀ ਕਾਨਫਰੰਸ ਵਿੱਚ ਹੋਈ ਕਾਰਵਾਈ ਛਾਪੀ ਗਈ ਸੀ ਦੂਸਰੇ ਤੇ ਅੰਤਮ ਦਿਵਸ ਦੀ ਕਾਰਵਾਈ ਛਾਪਣ ਦੀ ਮਨਾਹੀ ਹੋ ਗਈ ਸੀ ਉਹ ਦਾਸ ਨੂੰ THE TRIBUNE ਦੇ ਅਗਲੇ ਪਰਚਿਆਂ ਤੋਂ ਕਿਧਰੇ ਵੀ ਨਹੀਂ ਮਿਲੀ Punjab Proceeding ਪੜਨ ਤੇ ਪਤਾ ਚਲਿਆ ਕਿ ਸਿਖਾਂ ਨੂੰ ਇਕਠੇ ਹੋਣ ਤੋਂ ਰੋਕਣਾ ਹਿੰਦੂਆਂ ਨਾਲੋਂ ਦੂਰ ਕਰ ਮੁਸਲਮਾਨਾਂ ਨਾਲ ਜੋੜਨ ਦਾ ਯਤਨ ਸਰਕਾਰੀ ਤੌਰ ਤੇ ਕੀਤਾ ਜਾਂਦਾ ਰਿਹਾ ਹੈ। ਡਾ. ਕਿਰਪਾਲ ਸਿੰਘ ਜੀ ਦੀ ਮੁਲਾਕਾਤ ਡਾ. ਗੁਪਾਲ ਸਿੰਘ ਦਰਦੀ ਜੀ ਨਾਲ ਜੋ ਪਿਛੇ ਜਹੇ ਇਕ ਸਿੱਖ ਪਰਚੇ ਵਿੱਚ ਛਾਪੀ ਹੈ, ਉਨਾਂ ਨੇ ਵੀ ਇਹ ਮੰਨਿਆਂ ਹੈ ਕਿ ਅੰਗਰੇਜ਼ੀ ਸਰਕਾਰ ਚਾਹੁੰਦੀ ਸੀ, "ਤੁਸੀਂ (ਸਿੱਖ) ਪਾਕਿਸਤਾਨ ਦੇ ਵਿਚੋਂ ਨਾ ਨਿਕਲੋ, ਉਨਾਂ ਨਾਲ ਮਿਲ ਜਾਓ ਅਤੇ ਤੁਸੀਂ ਉਨਾਂ ਨਾਲ (ਮੁਸਲਮਾਨਾਂ ਨਾਲ) ਮਿਲਕੇ ਸਾਰੇ ਹਿੰਦੋਸਤਾਨ ਤੇ ਰਾਜ ਕਰੋਗੇ।"

'ਤਰਸ ਜੀ' ਨੂੰ ਇਕ ਦਾਸ ਦਾ ਸੁਨੇਹਾ ਵੀ ਦੇ ਦੇਣਾ ਕਿ ਦਾਸ ਦੀ ਸਾਰੀ ਖੋਜ ਸਮਗਰੀ ਦੀ ਵਿਲੱਖਣਤਾ ਅਖ਼ਬਾਰਾਂ, ਰਸਾਲੇ ਅਤੇ ਕਿਤਾਬਚੇ ੧੮੪੯ ਤੋਂ ੧੯੪੭ ਤਕ ਜੋ ਵੀ ਜਿਥੇ ਵੀ ਸਿੱਖ ਤੇ ਪੰਜਾਬੀ-ਪੰਜਾਬ ਬਾਰੇ ਛਪਿਆ ਹੈ ਉਹ ਦਾਸ ਦੇ ਸੰਗ੍ਰਿਹਾਲਿਆ ਵਿੱਚ ਹੈ। ੧੮੪੬-੪੭ ਤੋਂ ੧੯੪੦ ਤੱਕ THE TIMES ਅਖ਼ਬਾਰ ਦੀਆਂ original copies ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਲਾਇਬ੍ਰੇਰੀ ਦਾ ਸ਼ਿੰਗਾਰ ਹਨ THE TIMES. BENGAL HAKARU, THE FRIENDS, OF INDIA (LATER THE STATESMAN) PALL MALL GAZETTE, THE EDINBURGH REVIEW. THE SATURDAY REVIEW. THE TRIBUNE ਆਦਿ ਵਿੱਚ ੧੮੫੭ ਤੋਂ ੧੮੮੫ ਤਕ ਆਇਆ ਨਾਮਧਾਰੀ ਸਿੱਖ ਜਗਤ ਦਾ ਜ਼ਿਕਰ ਦਾਸ ਨੇ original ਰੂਪ ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਲਾਇਬ੍ਰੇਰੀ ਦਾ ਸ਼ਿੰਗਾਰ ਬਣਾਇਆ ਹੋਇਆ ਹੈ। ਤਰਸ ਜੀ ਜੇ ਹੋ ਸਕੇ 'ਲਹਿਰਾਂ, ਪ੍ਰਦੇਸਣ ਸੁਹਿਲੜੇ ਅਤੇ ਪੰਜਾਬ ਟਾਈਮ ਦੇ ਪਹਿਲੇ ਅੰਕ ਮਿਲ ਸਕਣ ਤਾਂ ਭੇਜਣ ਦੀ ਖੇਚਲ ਕਰਨੀ ਜੀ। ਅੱਜਕਲ ਦਾਸ ਨੇ ਪ੍ਰਦੇਸੀ ਪੰਜਾਬੀ ਪੱਤਰਕਾਰੀ ਉਪਰ ਕੰਮ ਸ਼ੁਰੂ ਕੀਤਾ ਹੈ ਜਿਸ ਵਿੱਚ ਸਿੰਘਾਪੁਰ, ਮਲੇਸ਼ੀਆ, ਕਨੇਡਾ, ਅਮਰੀਕਾ ਅਤੇ ਯੂ. ਕੇ. ਵਿੱਚ ਛਪਦੇ ਪੰਜਾਬੀ ਪਰਚਿਆਂ ਦੇ ਪਿਹਲੇ ਅੰਕ ਪ੍ਰਾਪਤ ਕਰ ਲਏ ਹਨ। ਲਹੌਰ ਤੋਂ ਛਪਦੇ 'ਅਰੋੜਵੰਸ਼' ਅਖ਼ਬਾਰ ਦੇ ੧੮੮੫ ਦੇ ਪਰਚੇ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਜ਼ਿਕਰ ਆਇਆ ਹੈ ਕਿ ਉਨਾਂ ਨੂੰ ੧੮੭੧ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਨਵੰਬਰ ੧੮੮੫ ਦੇ ਪਰਚੇ ਦੀ ਖਬਰ ਹੈ ਕਿ ਉਨਾਂ ਨੰ ਰਿਹਾ ਕੀਤਾ ਜਾਂਦਾ ਹੈ।

ਅੰਤ ਵਿੱਚ ਆਪ ਜੀ ਦਾ ਬਹੁਤ ਧੰਨਵਾਦ ਆਪ ਜੀ ਨੂੰ ਵੱਖਰੇ ਖੱਤ ਵਿੱਚ ਜ਼ਬਤ ਹੋਈਆਂ ਨਾਮਧਾਰੀ ਸਾਹਿਤ ਦੀਆਂ ਕਵਿਤਾਵਾਂ ਭੇਜ ਰਿਹਾ ਹਾਂ ਜੀ ਜਿਸ ਵਿੱਚ ਦੋ ਪ੍ਰਸਿਧ ਕਵੀ ਸਨ : ਸ. ਅਵਤਾਰ ਸਿੰਘ ਆਜ਼ਾਦ ਅਤੇ ਸ. ਵਿਧਾਤਾ ਸਿੰਘ ਤੀਰ ਵਹਿਮੀ ਜੀ, ਸੰਤ ਹਰਨਾਮ ਸਿੰਘ ਜੀ ਅਤੇ ਸੰਤ ਚੰਦਾ ਸਿੰਘ ਜੀ ਦਾ ਬਾਰਾਮਾਂਹ ਆਦਿ ਹੈ।

***ਸੁਰਜੀਤ ਸਿੰਘ ਜੀਤ ਲੰਡਨ***



Sri Satguru Jagjit Singh Ji eLibrary NamdhariElibrary@gmail.com






Sri Satguru Jagjit Singh Ji eLibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ਫੋਨ : ੪੫੯੮੬੯

ਹਰ ਪ੍ਰਕਾਰ ਦੀਆਂ ਚੁਗਾਠਾਂ ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕੀਟ
ਇਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ. ੨੩੨੯੯੦

ਵਰਿਆਮ ਲਈ ਸ਼ੁਭ ਇਛਾਵਾਂ :
*ਸ. ਅਜੀਤ ਸਿੰਘ ਨਾਮਧਾਰੀ*

# ਨਾਮਧਾਰੀ ਬ੍ਰਦਰਜ਼

ਡਾਲਟਨਗੰਜ (ਬਿਹਾਰ)

**Namdhari Brothers**

**Dalton Ganj (Bihar)**

**Prop. S. Ajit Singh Namdhari**

**JANTA**

**HYDRAULIC PRESSES**



**JANTA ENGG. WORKS**
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰੱਖੋ ਦਰਵਾਜ਼ੇ,
ਖਿੜਕੀਆਂ, ਰੌਸ਼ਨਦਾਨ ਅਤੇ ਲੱਕੜੀ ਦਾ ਵਧੀਆ
ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਇਕਹਿਰੀ ਪੁਲੀ ਜਲੰਧਰ - ੧੪੪੦੦੪
ਫੋਨ : ੨੩੮੭੮੪

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# SAGGU
**IRON INDUSTRIES**
**ਸੱਗੂ ਆਇਰਨ ਇੰਡਸਟਰੀਜ਼**

Sugar Mill Spares, Paper & Boards Mill
Spares, Textile Mill Spares, Distillery
Spares & Solvent Plant Spares All Type of
Gear & Chain Sprockets & Industrial Chain
Partner : S. Puran Singh Saggu
S. Narinder Singh Saggu
Old Railway Road, Jalandhar. Ph. : 458795, 459056



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**ਬੀ. ਬੀ. ਐਲ ਫੂਡਜ਼ ਪ੍ਰਾਈਵੇਟ ਲਿਮਟਡ**

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

❖ ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ

❖ ਵੈ.ਫਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ ਹਿੰਦੋਸਤਾਨ ਦੀ ਪਹਿਲੀ ਕੰਪਨੀ

BBL

FOODS PVT. LTD.

*Pinoneer Manufacturer in India of*

❖ *Automatic machines for producing Biscuits*

❖ *Automatic machines for producing Wafers*

*and*

*Makers of High quality Biscuits*

**BBL FOODS PVT. LTD.**

*Santosh Nagar (X) Roads, Hyderabad-500 059 India*

*Ph.:— +91-40-4530680, 82,84    Fax :— +91-40--4530475*

*E-mail:amber @hd1.vsnl.net.in*

**Balvinder Pal Singh**
*Manging Director*

**Lakhbir Singh Muchhal**
Director

**Bakhshish Singh Muchhal**
Director



Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ
ਸਮਾਗਮ ਸਮੇਂ ੧੯ ਫ਼ਰਵਰੀ ੨੦੦੩ ਨੂੰ

# ਜੰਮੂ ਵਿਚ ਗੁਰਪੁਰਬ



## ਬੱਚਿਆਂ ਦੇ ਦੀਵਾਨ ਦੇ ਦ੍ਰਿਸ਼





ਇਨਾਮ ਵੰਡ ਸਮਾਰੋਹ ਸਮੇਂ ਖਬੇ ਤੋਂ ਸ.ਕਰਮ ਸਿੰਘ,
ਸ. ਜਗਦੀਸ਼ ਸਿੰਘ ਵਰਿਆਮ,
ਸ. ਕਰਤਾਰ ਸਿੰਘ ਪ੍ਰਧਾਨ, ਬੀਬੀ ਸ਼ਿਵਰੰਜਨੀ,
ਜਗਦੀਪ ਕੌਰ, ਸੁਰਿੰਦਰ ਕੌਰ ਅਤੇ
ਸੂਬਾ ਸੁਖਦੇਵ ਸਿੰਘ ਜੀ।

Sri Satguru Jagjit Singh Ji eLibrary NamdhariElibrary@gmail.com

Registered No. PB (0016) 2003 MONTHLY WARIAM Ladowali Road, Jalandhar-144 001
Regd. RNI No. 26453/75
March 2003










NS

**NAMDHARI SEEDS**

*ਤੁਹਾਡੀ ਖੁਸ਼ਹਾਲੀ ਦਾ ਰਾਜ਼*

**"ਨਾਮਧਾਰੀ ਸੀਡਜ਼"**

**ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ**

ਟਮਾਟਰ : N.S. 815, ਉਤਸਵ ਅਤੇ ਅਮੋਘ
ਫੁੱਲ ਗੋਭੀ : N.S. 60, N.S. 84 ਅਤੇ N.S. 90
ਭਿੰਡੀ : ਅਰਕਾ ਅਨਾਮਿਕਾ
ਤਰਬੂਜ਼ : N.S. 295 (ਸਮਰ ਸਵੀਟ) N.S. 246
ਖਰਬੂਜਾ : N.S. 7455 ਅਤੇ ਅਭਿਜੀਤ
ਲੌਕੀ (ਘੀਆ) : ਕਾਵੇਰੀ
ਤੋਰਈ : ਸੰਜੀਵਨੀ ਅਤੇ ਹੋਰ ਬਹੁਤ ਕੁਝ

*ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :*

**ਨਾਮਧਾਰੀ ਸੀਡਜ਼ ਪ੍ਰਾ. ਲਿ.**

Head Office :
**Namdhari Seeds Pvt. Ltd.**
**Bidadi, Bangalore (India)**

Tel. : 080-72 82 653
72 82 654
City Office : 080-8602167
Fax : 080-8602168

*ਰੀਜਨਲ ਆਫਿਸ :*

ਪਿੰਡ ਰਾਈਆਂ, ਕੁਹਾੜਾ-ਮਾਛੀਵਾੜਾ ਰੋਡ,
ਜ਼ਿਲ੍ਹਾ ਲੁਧਿਆਣਾ।
ਫੋਨ : 0161-834036, 834420
ਮੋਬਾਈਲ : 98141-33109


ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।
ਫੋਨ : 0181-2222543 , ਨਿਵਾਸ : 0181-2456289

Sri Satguru Jagjit Singh Ji eLibrary NamdhariElibrary@gmail.com